# PUNJAB VIDHAN SABHA

## DEBATES

*16th September, 1982*

Vol. V—No. 3

## OFFICIAL REPORT

CONTENTS

*Thursday, the 16th September, 1982*


| | | PAGE |
|---|---|---|
| Starred Questions and Answers | .. | (3)1 |
| Unstarred Questions and Answers | .. | (3)20 |
| Walk-outs | .. | (3)24 |
| Call-Attention Notices Under Rule 66 | .. | (3)27 |
| Papers laid on the Table | .. | (3)32 |
| Resolution *re*: taking of drastic steps against the hoarders in the State with a view to check the upward trend in the prices of foodgrains and other commodities | .. | (3)33 |


PUNJAB VIDHAN SABHA SECRETARIAT, CHANDIGARH

Price : Rs.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 16th September, 1982*

*The Vidhan Sabha met in the Punjab Vidhan Sabha Hall, Vidhan Bhavan, Chandigarh, at 9-00 A. M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1647

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

### WIDENING OF ROAD

***1621. Master Dalip Chand** : will the Minister for Public Works be pleased to state whether there is any proposal under the consideration of the Government to widen the road from Kangna Bet Bridge to Vishvakarma Temple in Balachaur; if so, the time by which it is likely to materialise ?

**Sardar Beant Singh** : (a) No Please.

(b) Question does not arise.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਨੈਸ਼ਨਲ ਹਾਈ ਵੇ ਰੋਡ ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਹੈ ਇਸ ਦਾ ਕਾਫੀ ਹਿੱਸਾ ਬਣ ਚੁਕਾ ਹੈ ਪਰ ਡੇਢ ਕਿਲੋਮੀਟਰ ਦਾ ਹਿੱਸਾ ਰਹਿੰਦਾ ਹੈ, ਜਿਸ ਕਰਕੇ ਐਕਸੀਡੈਂਟ ਹੋ ਜਾਂਦੇ ਹਨ। ਸੜਕ ਦੀ ਚੌੜਾਈ ਵੀ ਘੱਟ ਹੈ। ਇਸ ਗੱਲ ਨੂੰ ਮੁਖ ਰੱਖਦੇ ਹੋਏ ਕੀ ਮਨਿਸਟਰ ਸਾਹਿਬ ਡੇਢ ਕਿਲੋਮੀਟਰ ਸੜਕ ਬਣਾਉਣ ਦਾ ਪ੍ਰਬੰਧ ਕਰਨਗੇ ਤਾਂਕਿ ਕੋਈ ਜਾਨੀ ਨੁਕਸਾਨ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਇਕ ਐਸਟੀਮੇਟ ਬਾਈ ਪਾਸ ਦਾ ਬਣਾਇਆ ਗਿਆ ਸੀ। ਇਸ ਵਾਸਤੇ ਸੈਂਟਰਲ ਗੌਰਮਿੰਟ ਨੇ ਪੈਸਾ ਦੇਣਾ ਹੈ ਅਤੇ ਇਸ ਵਾਸਤੇ ਅਸੀਂ ਐਸਟੀਮੇਟ ਬਣਾ ਕੇ ਸੈਂਟਰਲ ਗੌਰਮਿੰਟ ਨੂੰ ਭੇਜਿਆ ਹੋਇਆ ਹੈ। ਜੇਕਰ ਉਥੋਂ ਪੈਸਾ ਮਿਲ ਗਿਆ ਤਾਂ ਠੀਕ ਹੈ ਅਤੇ ਜੇਕਰ ਨਾ ਮਿਲਿਆ ਤਾਂ ਸਟੇਟ ਵਿਚੋਂ ਕੁਝ ਕਰਨ ਦਾ ਯਤਨ ਕਰਾਂਗੇ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਇਹੀ ਕੁਐਸਚਨ ਸੀ। ਉਸ ਵੇਲੇ ਵੀ ਦਸਿਆ ਗਿਆ ਸੀ ਕਿ ਸੈਂਟਰ ਨੂੰ ਐਸਟੀਮੇਟ ਭੇਜਿਆ ਗਿਆ ਹੈ। ਇਹ ਸਿਰਫ ਡੇਢ ਕਿਲੋਮੀਟਰ ਦਾ ਮਸਲਾ ਹੈ। ਇਸ ਲਈ ਕੀ ਸਰਕਾਰ ਆਪਣੇ ਕੋਲੋਂ ਡੇਢ ਕਿਲੋਮੀਟਰ ਸੜਕ ਬਣਾਉਣ ਦਾ ਪ੍ਰਬੰਧ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਕਈ ਵਾਰ ਟੈਕਨੀਕਲ ਹਿੱਚ ਪੈਦਾ ਹੋ ਜਾਂਦੀ ਹੈ। ਜੋ ਇਸ ਤਰ੍ਹਾਂ ਦੇ ਰੂਟਸ ਹਨ, ਉਨ੍ਹਾਂ ਵਿਚ ਸਟੇਟ ਦਾ ਪੈਸਾ ਇਸਤੇਮਾਲ ਨਹੀਂ ਕਰ ਸਕਦੇ। ਇਸ ਕਰਕੇ ਮੇਰੀ ਅਰਜ਼ ਹੈ ਕਿ ਸੈਂਟਰਲ ਗੌਰਮਿੰਟ ਤੋਂ ਇਕ ਵਾਰ ਤਾਂ ਇਹ ਕੇਸ ਰਿਜੈਕਟ ਹੋ ਗਿਆ ਹੈ ਪਰ ਅਸੀਂ ਦੁਬਾਰਾ ਗੱਲਬਾਤ ਕਰਕੇ ਸੈਂਟਰ ਤੋਂ ਪੈਸਾ ਲੈਣ ਦੀ ਕੋਸ਼ਿਸ਼ ਕਰਾਂਗੇ ਤਾਂਕਿ ਡੇਢ ਕਿਲੋਮੀਟਰ ਦੀ ਸੜਕ ਬਣਾਈ ਜਾ ਸਕੇ। ਜੇਕਰ ਪੈਸਾ ਨਾ ਮਿਲਿਆ ਤਾਂ ਸਟੇਟ ਵਿਚੋਂ ਕੋਈ ਨਾ ਕੋਈ ਯਤਨ ਕਰਾਂਗੇ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਬਰਨਾਲਾ ਟੂ ਬਾਜਾਖਾਨਾ ਸੜਕ ਬਹੁਤ ਘੱਟ ਚੌੜੀ ਹੈ। ਜੀ. ਟੀ. ਰੋਡ ਦੀ ਤਰ੍ਹਾਂ ਉਥੇ ਬਸਾਂ ਆਉਂਦੀਆਂ ਜਾਂਦੀਆਂ ਹਨ। ਸੜਕ ਤੇ ਐਕਸੀਡੈਂਟ ਹੁੰਦੇ ਹਨ। ਇਸ ਲਈ ਕੀ ਮੰਤਰੀ ਜੀ ਇਸ ਬਜਟ ਵਿਚ ਪੈਸਾ ਰਖਕੇ ਉਸ ਸੜਕ ਨੂੰ ਚੌੜਾ ਕਰਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਹਿਬਾਨ ਇਸ ਬਾਰੇ ਸੈਪਰੇਟ ਨੋਟਿਸ ਦੇ ਦੇਣ ਤਾਂ ਜਵਾਬ ਦੇ ਦੇਵਾਂਗੇ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਨੈਸ਼ਨਲ ਹਾਈ ਵੇਅ ਵਾਸਤੇ ਜਿਹੜੀ ਗੜ੍ਹਸ਼ੰਕਰ ਵਿਚ ਇਕ ਕਿਲੋਮੀਟਰ ਸੜਕ ਛੱਡ ਦਿਤੀ ਹੈ, ਤੁਸੀਂ ਕਿਹਾ ਹੈ ਕਿ ਉਸ ਬਾਰੇ ਪੈਸਾ ਸੈਂਟਰਲ ਗੌਰਮਿੰਟ ਨੇ ਦੇਣਾ ਹੈ ਲੇਕਿਨ ਉਨ੍ਹਾਂ ਸੜਕਾਂ ਨੂੰ ਪੰਜਾਬ ਸਰਕਾਰ ਬਣਾਉਂਦੀ ਹੈ। ਸਾਰਾ ਪੰਜਾਬ ਸਰਕਾਰ ਦਾ ਅਮਲਾ ਉਥੇ ਕੰਮ ਕਰਦਾ ਹੈ। ਇਸ ਲਈ ਕੀ ਮੰਤਰੀ ਜੀ ਉਸ ਸੜਕ ਨੂੰ ਬਣਾਉਣ ਦਾ ਉਪਰਾਲਾ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਨੈਸ਼ਨਲ ਹਾਈ ਵੇਅ ਵਾਸਤੇ ਬੜੇ ਪੁਲ ਬਣ ਰਹੇ ਹਨ ਅਤੇ ਅੱਧੇ ਪੁਲ ਕੰਪਲੀਟ ਹੋ ਗਏ ਹਨ। ਉਹ ਸੜਕ ਬੜੀ ਅੱਛੀ ਬਣਾਈ ਜਾ ਰਹੀ ਹੈ। ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਕੋਈ ਚੀਜ਼ ਛੱਡੀ ਨਹੀਂ ਜਾਵੇਗੀ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਨੂੰ ਪੰਜ ਸਾਲ ਬਣੇ ਨੂੰ ਹੋ ਗਏ ਹਨ ਅਤੇ ਮੈਂ ਪੰਜ ਸਾਲਾਂ ਤੋਂ ਹੀ ਕਲਪਨਾ ਕਰ ਰਿਹਾ ਹਾਂ।

**ਸ੍ਰੀ ਸਪੀਕਰ :** ਗੁਪਤਾ ਜੀ ਇਹ ਕਿਸ ਦੇ ਮੁਤਲਕ ਗੱਲ ਹੋ ਰਹੀ ਹੈ ?

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਨੂੰ ਸ਼ਰਮ ਵੀ ਬੜੀ ਆਉਂਦੀ ਹੈ। ਨਵੇਂ ਸਮਰਾਲੇ ਤੋਂ ਪੁਰਾਣੇ ਸਮਰਾਲੇ ਤਕ ਸੜਕ ਬਹੁਤ ਖਰਾਬ ਹੈ। ਉਥੇ ਪੱਥਰ ਹੀ ਪੱਥਰ ਨਜ਼ਰ ਆਉਂਦੇ ਹਨ। ਆਬਾਦੀ ਉਥੇ ਬਹੁਤ ਵੱਧ ਗਈ ਹੈ ਅਤੇ ਉਥੇ ਇੱਕ ਸਿਨਮਾ ਵੀ ਖੁਲ੍ਹ ਗਿਆ ਹੈ। ਉਥੇ ਟ੍ਰੈਫਿਕ ਬਹੁਤ ਹੈ। ਇਸ ਲਈ ਕੀ ਮੰਤਰੀ ਜੀ ਉਸ ਸੜਕ ਬਾਰੇ ਕੁਝ ਕਰਨਗੇ ? ਪਹਿਲਾਂ ਵੀ, ਸਪੀਕਰ ਸਾਹਿਬ, ਕਿਹਾ ਗਿਆ ਸੀ ਕਿ ਸੜਕ ਬਣਾ ਦਿਆਂਗੇ।

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਮੈਂ ਨਹੀਂ ਕਿਹਾ ਕਿ ਬਣਾ ਦਿਆਂਗੇ। ਉਸ ਸੜਕ ਵਿਚ ਕਾਰਪੋਰੇਸ਼ਨ ਇਨਵਾਲਵਡ ਹੈ। ਜੇਕਰ ਅੱਧਾ ਪੈਸਾ ਕਾਰਪੋਰੇਸ਼ਨ ਵਾਲੇ ਦੇ ਦੇਣ ਤਾਂ ਬਾਕੀ ਦਾ ਅੱਧਾ ਪੈਸਾ ਅਸੀਂ ਪਾ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਇਸ ਵਿਚ ਕਾਰਪੋਰੇਸ਼ਨ ਦੇ ਮੈਂਬਰ ਨਾਲ ਹੋਣ ਤਾਂ ਗੱਲ ਚਲਦੀ ਹੈ ।

**ਕਾਮਰੇਡ ਸੋਹਣ ਸਿੰਘ :** ਸਪੀਕਰ ਸਾਹਿਬ, ਮੈਂ ਪਿਛਲੇ ਸੈਸ਼ਨ ਵਿਚ ਵੀ ਇਹ ਗੱਲ ਕਹੀ ਸੀ ਕਿ ਮੇਰੇ ਹਲਕੇ ਵੇਰਕੇ ਵਿਚ ਬਹੁਤ ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਅਤੇ ਬਹੁਤ ਸਾਰੀਆਂ ਸੜਕਾਂ ਬਣਾਉਣੀਆਂ ਰਹਿੰਦੀਆਂ ਹਨ । ਸਪੀਕਰ ਸਾਹਿਬ, ਮੈਂ 26 ਸੜਕਾਂ ਬਾਰੇ ਲਿਖ ਕੇ ਵੀ ਭੇਜਿਆ ਹੈ। ਇਸ ਲਈ ਕੀ ਮਨਿਸਟਰ ਸਾਹਿਬ ਪੁਰਾਣੀਆਂ ਸੜਕਾਂ ਦੀ ਮੁਰੰਮਤ ਕਰਾਉਣ ਬਾਰੇ ਅਤੇ ਨਵੀਆਂ ਸੜਕਾਂ ਬਣਾਉਣ ਬਾਰੇ ਯਕੀਨ ਦਿਵਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਦਾ ਕਾਮਰੇਡ ਸਾਹਿਬ ਨੇ ਜ਼ਿਕਰ ਕੀਤਾ ਹੈ, ਉਹ ਮਾਰਕੀਟ ਕਮੇਟੀਆਂ ਦੀਆਂ ਸੜਕਾਂ ਹਨ । ਉਨ੍ਹਾਂ ਸੜਕਾਂ ਦਾ ਕੰਮ ਇਸ ਕਰਕੇ ਬੰਦ ਹੋ ਗਿਆ ਸੀ ਕਿਉਂਕਿ ਕੇਸ ਸੁਪਰੀਮ ਕੋਰਟ ਵਿਚ ਚਲਾ ਗਿਆ ਸੀ ਅਤੇ ਹੁਣ ਸਪੀਕਰ ਸਾਹਿਬ, ਸੁਪਰੀਮ ਕੋਰਟ ਦੀ ਜੱਜਮੈਂਟ ਆ ਗਈ ਹੈ । ਮਾਰਕਿਟ ਕਮੇਟੀਆਂ ਦਾ ਪੈਸਾ ਅਸੀਂ ਇਸਤੇਮਾਲ ਕਰਨਾ ਬੰਦ ਕਰ ਦਿਤਾ ਹੈ । ਹੁਣ ਅਸੀਂ ਸੜਕਾਂ ਬਣਾਉਣ ਦਾ ਯਤਨ ਕਰਾਂਗੇ । ਸਪੀਕਰ ਸਾਹਿਬ, ਅਜੇ ਸੈਕਿੰਡ ਲਿੰਕ ਬਣਾਉਣ ਦਾ ਸਰਕਾਰ ਦਾ ਕੋਈ ਪਰੋਗਰਾਮ ਨਹੀਂ ਹੈ । ਫਸਟ ਲਿੰਕ ਸਾਰੇ ਪਿੰਡਾਂ ਨੂੰ ਜਾ ਚੁਕੀ ਹੈ ।

**ਸਰਦਾਰ ਲੱਖਾ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਸਿੱਖਾਂ ਦਾ ਠੇਕਾ ਲਿਆ ਹੋਇਆ ਹੈ । ਗੋਬਿੰਦਵਾਲ ਸਾਹਿਬ ਕੋਲ ਤਿੰਨ ਚਾਰ ਕਿਲੋਮੀਟਰ ਸੜਕ ਵਿੰਗੀ ਟੇਡੀ ਹੈ ਅਤੇ ਬਹੁਤ ਤੰਗ ਸੜਕ ਹੈ । ਉਥੇ ਸੜਕ ਤੇ ਐਕਸੀਡੈਂਟ ਵੀ ਹੁੰਦੇ ਹਨ । ਇਸ ਲਈ ਕੀ ਮੰਤਰੀ ਜੀ ਉਸ ਸੜਕ ਨੂੰ ਬਣਾਉਣ ਦਾ ਯਕੀਨ ਦਿਵਾਉਂਣਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਸਿੱਖੀ ਦੀ ਠੇਕੇਦਾਰੀ ਦੀ ਕੋਈ ਗੱਲ ਨਹੀਂ ਹੈ । ਆਨਰੇਬਲ ਮੈਂਬਰ ਸਾਹਿਬ ਮੇਰੇ ਨਾਲ ਇਸ ਸਬੰਧੀ ਚੈਂਬਰ ਵਿਚ ਗੱਲ ਕਰ ਲੈਣ ਅਤੇ ਐਗਜ਼ੈਕਟ ਸੜਕ ਦਾ ਨਾਂ ਦੱਸ ਦੇਣ ਤਾਂ ਕਰ ਦੇਵਾਂਗੇ ।

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਜਿਹੜੀ ਜੀ. ਟੀ. ਰੋਡ ਅੰਮ੍ਰਿਤਸਰ ਤੋਂ ਲੁਧਿਆਣਾ ਸੜਕ ਸ਼ੁਰੂ ਕੀਤੀ ਗਈ ਹੈ, ਕੀ ਮੰਤਰੀ ਜੀ ਦੱਸਣਗੇ ਕਿ ਇਹ ਸੜਕ ਕਦੋਂ ਤਕ ਕੰਪਲੀਟ ਹੋਵੇਗੀ ?

**ਮੰਤਰੀ :** ਸਪੀਕਰ ਸਾਹਿਬ, ਲੁਧਿਆਣੇ ਤੋਂ ਗੁਰਾਇਆ ਤਕ ਸੜਕ ਬਣਾਈ ਜਾਣੀ ਹੈ ਅਤੇ ਇਸ ਸਬੰਧੀ ਸੈਂਟਰਲ ਗੌਰਮਿੰਟ ਤੋਂ ਪੈਸੇ ਲੈਣੇ ਹਨ । ਅੰਮ੍ਰਿਤਸਰ ਤੋਂ ਲੁਧਿਆਣਾ ਸੜਕ ਬਣਾਉਣ ਦਾ ਕੋਈ ਫੈਸਲਾ, ਸਪੀਕਰ ਸਾਹਿਬ, ਨਹੀਂ ਹੋਇਆ ।

**ਸ੍ਰੀ ਸੁਰਿੰਦਰ ਕਪੂਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਠਿੰਡਾ ਤੋਂ ਬੀਬੀਵਾਲਾ ਰੋਡ ਵਾਸਤੇ ਪੈਸਾ ਸੈਂਕਸ਼ਨ ਹੋਇਆ ਸੀ ਪਰ ਇਹ ਪੈਸਾ ਥੋੜ੍ਹਾ ਹੈ । ਇਸ ਪੈਸੇ ਨਾਲ ਇਹ ਸੜਕ ਮੁਕੰਮਲ ਨਹੀਂ ਕੀਤੀ ਜਾ ਸਕਦੀ । ਕੀ ਇਸ ਲਈ ਹੋਰ ਪੈਸਾ ਦੇ ਕੇ ਇਹ ਸੜਕ ਮੁਕੰਮਲ ਕਰਾਉਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਬੀਬੀਵਾਲਾ ਬਾਰੇ ਮੈਨੂੰ ਪਤਾ ਨਹੀਂ। ਮੈਨੂੰ ਇਸ ਵੇਲੇ ਪਤਾ ਨਹੀਂ ਹੈ ਕਿ ਇਸ ਕੰਮ ਲਈ ਕਿੰਨਾ ਪੈਸਾ ਦਿੱਤਾ ਗਿਆ ਸੀ ਅਤੇ ਹੋਰ ਕਿੰਨਾ ਚਾਹੀਦਾ ਹੈ। ਮੈਂਬਰ ਸਾਹਿਬ ਮੇਰੇ ਨਾਲ ਗਲ ਕਰ ਲੈਣ। ਸਬੰਧਤ ਅਫਸਰ ਨੂੰ ਬੁਲਾ ਲਵਾਂਗਾ ਅਤੇ ਗੱਲ ਬਾਤ ਕਰ ਲਵਾਂਗੇ।

**ਸਰਦਾਰ ਗੁਰਨੈਬ ਸਿੰਘ ਬਰਾੜ :** ਲੁਧਿਆਣਾ ਤੋਂ ਚੰਡੀਗੜ੍ਹ ਦੇ ਦਰਮਿਆਨ ਜੋ ਸੜਕ ਹੈ, ਕੀ ਸਰਕਾਰ ਉਸ ਨੂੰ ਚੌੜਾ ਕਰਨ ਬਾਰੇ ਸੋਚ ਰਹੀ ਹੈ?

**ਮੰਤਰੀ :** ਇਹ ਸਟੇਟ ਰੋਡ ਹੈ ਔਰ ਇਸ ਨੂੰ ਸਟ੍ਰੈਂਗਥਨ ਕਰਨ ਦਾ ਪ੍ਰੋਗਰਾਮ ਹੈ। ਮੋਰਿੰਡਾ ਤੋਂ ਅੱਗੇ ਜਾ ਕੇ ਸੜਕ ਬਣ ਰਹੀ ਹੈ। ਬਰਸਾਤ ਕਰਕੇ ਇਹ ਕੰਮ ਰੁਕ ਗਿਆ ਸੀ ਪਰ ਹੁਣ ਫਿਰ ਇਹ ਕੰਮ ਸ਼ੁਰੂ ਹੋ ਗਿਆ ਹੈ। ਇਸ ਸੜਕ ਨੂੰ ਸਟ੍ਰੈਂਗਥਨ ਕਰਨਾ ਬਹੁਤ ਜ਼ਰੂਰੀ ਹੈ ਔਰ ਇਸ ਨੂੰ ਵਾਈਡਨ ਕਰਨ ਬਾਰੇ ਫਿਰ ਦੇਖਾਂਗੇ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਕਈ ਅਜਿਹੀਆਂ ਸੜਕਾਂ ਹਨ ਜਿਨ੍ਹਾਂ ਦਾ ਏਰੀਆ ਦੋ ਮਾਰਕਿਟ ਕਮੇਟੀਆਂ ਵਿਚ ਪੈਂਦਾ ਹੈ। ਇਕ ਮਾਰਕਿਟ ਕਮੇਟੀ ਨੇ ਪੈਸਾ ਭਰ ਦਿੱਤਾ ਉਹ ਬਣ ਗਈ ਅਤੇ ਦੂਜੀ ਨੇ ਪੈਸਾ ਜਮ੍ਹਾਂ ਨਹੀਂ ਕਰਾਇਆ ਜਿਸ ਕਰਕੇ ਉਹ ਸੜਕ ਰਹਿ ਗਈ। ਇਸ ਲਈ ਪਿੰਡਾਂ ਵਾਲਿਆਂ ਨੂੰ ਬਹੁਤ ਦਿੱਕਤ ਪੇਸ਼ ਆ ਰਹੀ ਹੈ। ਸ਼ੇਰਪੁਰ ਤੋਂ ਬੜੀ ਅਤੇ ਸਧੋੜਾ ਤੋਂ ਕਸਬਾ, ਕੀ ਇਹੋ ਜਿਹੀਆਂ ਸੜਕਾਂ ਬਣਾਉਣ ਦਾ ਪਰਬੰਧ ਕਰਨਗੇ?

**ਮੰਤਰੀ :** ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪੈਸਾ ਲਾਉਣਾ ਬੰਦ ਕਰ ਦਿੱਤਾ ਸੀ, ਇਸ ਲਈ ਅਜਿਹੀਆਂ ਸੜਕਾਂ ਬਣਨੀਆਂ ਰਹਿ ਗਈਆਂ ਸਨ। ਇਹ ਮੈਂਬਰ ਸਾਹਿਬ ਮੇਰੇ ਹਲਕੇ ਦੇ ਨਾਲ ਦੇ ਹਨ, ਇਹ ਮੈਨੂੰ ਇਸ ਬਾਰੇ ਲਿਸਟ ਦੇ ਦੇਣ ਅਸੀਂ ਯਤਨ ਕਰਾਂਗੇ ਕਿ ਦੂਜੀਆਂ ਮਾਰਕਿਟ ਕਮੇਟੀਆਂ ਤੋਂ ਪੈਸੇ ਲੈਕੇ ਇਹ ਕੰਮ ਕਰਾ ਦਿੱਤਾ ਜਾਏ।

**ਚੌਧਰੀ ਜਗਜੀਤ ਸਿੰਘ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਮਾਰਕਿਟ ਕਮੇਟੀਆਂ ਦੀਆਂ ਸੜਕਾਂ ਦੀ ਰਿਪੇਅਰਜ਼ ਕਰਾਉਣ ਦਾ ਯਤਨ ਕਰ ਰਹੇ ਹਨ, ਇਹ ਦਸਿਆ ਜਾਏ ਕਿ ਉਹ ਕਿਹੜੇ ਯਤਨ ਹਨ?

ਦੂਸਰੇ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮਾਰਕਿਟ ਕਮੇਟੀਆਂ ਦੀਆਂ ਰੋਡਜ਼ ਪੀ. ਡਬਲਯੂ. ਡੀ. ਵਾਲੇ ਟੇਕ ਓਵਰ ਕਰ ਲੈਣਗੇ?

**ਮੰਤਰੀ** ਮਾਨਯੋਗ ਮੈਂਬਰ ਜਲੰਧਰ ਮਾਰਕਿਟ ਕਮੇਟੀ ਦੇ ਚੇਅਰਮੈਨ ਰਹੇ ਹਨ। ਮੈਨੂੰ ਖੁਸ਼ੀ ਹੈ ਕਿ ਪਿੰਡਾਂ ਦੀਆਂ ਬੜੀਆਂ ਲਿੰਕ ਰੋਡਜ਼ ਬਣੀਆਂ ਹਨ। ਇਹ ਮੈਂਬਰ ਸਾਹਿਬ ਮੈਨੂੰ ਮਿਲ ਲੈਣ ਅਤੇ ਜਿਹੜਾ ਕੰਮ ਕਰਾਉਣਾ ਹੈ ਉਸ ਬਾਰੇ ਦਸ ਦੇਣ ਅਸੀਂ ਯਤਨ ਕਰਾਂਗੇ ਕਿ ਇਹ ਕੰਮ ਮਾਰਕਿਟ ਕਮੇਟੀਆਂ ਦੇ ਫੰਡਜ਼ ਤੋਂ ਕਰਾਇਆ ਜਾਏ। ਇਹ ਸੜਕਾਂ ਪੀ. ਡਬਲਯੂ. ਡੀ. ਵਾਲਿਆਂ ਨੇ ਟੇਕ ਓਵਰ ਨਹੀਂ ਕਰਨੀਆਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਤ ਸਿੰਘ :** ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਐਸ. ਏ. ਐਸ. ਨਗਰ ਦੀ ਹਾਲਤ ਐਨੀ ਭੈੜੀ ਹੈ ਕਿ ਉਥੇ ਕੋਈ ਵੀ ਸੜਕ ਕਿਸੇ ਫੇਸ ਵਿਚ ਵੀ ਐਸੀ ਨਹੀਂ ਹੈ ਜਿਥੇ ਕਿ ਕੋਈ ਵੈਹੀਕਲ ਚਲ ਸਕਦਾ ਹੋਵੇ। ਉਥੇ ਸੜਕਾਂ ਵਿਚ ਖੱਡੇ ਪਏ ਹੋਏ ਹਨ। ਕੀ ਇਨ੍ਹਾਂ ਸੜਕਾਂ ਨੂੰ ਠੀਕ ਕਰਨ ਬਾਰੇ ਇਨ੍ਹਾਂ ਦਾ ਕੋਈ ਵਿਚਾਰ ਹੈ, ਜਾਂ ਨਹੀਂ ? ਸਾਡੀ ਇਸ ਬਾਰੇ ਕੋਈ ਸੁਣਾਈ ਹੋਵੇਗੀ, ਜਾਂ ਨਹੀਂ ?

ਦੂਸਰੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਖਰੜ ਤਕ ਮਹੀਨੇ ਵਿਚ ਕੋਈ ਵੀ ਦਿਨ ਐਸਾ ਨਹੀਂ ਹੁੰਦਾ ਜਦੋਂ ਕਿ ਰੋਜ਼ ਇੱਕ ਜਾਂ ਦੋ ਐਕਸੀਡੈਂਟ ਉਸ ਸੜਕ ਤੇ ਨਾ ਹੁੰਦੇ ਹੋਣ। ਮੈਂ ਪਿਛਲੇ ਅਸੈਂਬਲੀ ਸੈਸ਼ਨ ਵਿਚ ਵੀ ਬੇਨਤੀ ਕੀਤੀ ਸੀ ਕਿ ਇਹ ਸੜਕ ਚੰਡੀਗੜ੍ਹ ਤੋਂ ਖਰੜ ਇਹ ਡਬਲ ਰੋਡ ਹੋਣੀ ਚਾਹੀਦੀ ਹੈ। ਕੀ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ, ਜਾਂ ਨਹੀਂ ?

**ਮੰਤਰੀ :** ਜਿਥੋਂ ਤਕ ਐਸ. ਏ. ਐਸ. ਨਗਰ ਦੀਆਂ ਸੜਕਾਂ ਦਾ ਸਬੰਧ ਹੈ, ਉਹ ਅਰਬਨ ਡਿਵੈਲਪਮੈਂਟ ਵਾਲਿਆਂ ਦਾ ਕੰਮ ਹੈ। ਇਹ ਪੀ. ਡਬਲਯੂ. ਡੀ. ਦੀ ਸੜਕ ਨਹੀਂ ਹੈ ਅਤੇ ਇਹ ਕੰਮ ਅਰਬਨ ਡਿਵੈਲਪਮੈਂਟ ਡਿਪਾਰਟਮੈਂਟ ਦੇ ਅਧੀਨ ਹੈ। ਦੂਸਰੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਚੰਡੀਗੜ੍ਹ ਤੋਂ ਖਰੜ ਤਕ ਡਬਲ ਰੋਡ ਬਨਾਉਣੀ ਚਾਹੀਦੀ ਹੈ। ਮੈਂ ਆਪਣੇ ਚੀਫ ਇੰਜੀਨੀਅਰ ਨੂੰ ਕਿਹਾ ਹੈ ਕਿ ਇਸ ਬਾਰੇ ਐਸਟੀਮੇਟਸ ਬਣਾ ਲਓ ਕਿਉਂਕਿ ਖਰੜ ਤਕ ਇਹ ਸਟ੍ਰੈਟੇਜਿਕ ਰੋਡ ਹੈ। ਇਸ ਬਾਰੇ ਸੈਂਟ੍ਰਲ ਗੌਰਮਿੰਟ ਨਾਲ ਗਲ ਬਾਤ ਕਰਨੀ ਪਏਗੀ ਔਰ ਅਗਰ ਫੰਡਜ਼ ਅਵੇਲੇਬਲ ਹੋਏ ਤਾਂ ਇਸ ਨੂੰ ਅਸੀਂ ਚਾਰ ਲੈਨ ਬਣਾ ਦਿਆਂਗੇ।

**ਪ੍ਰੋਫੈਸਰ ਬਲਵੰਤ ਸਿੰਘ** : ਮਾਨਯੋਗ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪਿੰਡਾਂ ਦੀਆਂ ਲਿੰਕ ਰੋਡਜ਼ ਇਸ ਲਈ ਨਹੀਂ ਬਣ ਸਕਦੀਆਂ ਕਿਉਂਕਿ ਮਾਰਕਿਟ ਕਮੇਟੀਆਂ ਦਾ ਪੈਸਾ ਖਰਚ ਨਹੀਂ ਕਰ ਸਕਦੇ। ਇਸ ਬਾਰੇ ਸੁਪਰੀਮ ਕੋਰਟ ਨੇ ਪਾਬੰਦੀ ਲਗਾਈ ਹੋਈ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਈ ਐਸਾ ਬਿਲ ਲਿਆਉਣ ਦਾ ਉਪਰਾਲਾ ਕਰਨਗੇ ਜਿਸ ਨਾਲ ਮਾਰਕਿਟ ਕਮੇਟੀਆਂ ਦਾ ਪੈਸਾ ਇਨ੍ਹਾਂ ਸੜਕਾਂ ਦੀ ਮੁਰੰਮਤ ਵਾਸਤੇ ਵਰਤ ਸਕੀਏ ?

**ਮੰਤਰੀ** : ਮਾਨਯੋਗ ਮੈਂਬਰ ਕਿਸੇ ਗਲਤ ਫਹਿਮੀ ਵਿਚ ਹਨ। ਮੈਂ ਇਹ ਨਹੀਂ ਆਖਿਆ ਸੀ। ਇਕ ਤਾਂ ਪਿੰਡਾਂ ਦੀਆਂ ਉਹ ਸੜਕਾਂ ਹਨ ਜਿਹੜੀਆਂ ਕਿ ਮਾਰਕਿਟ ਕਮੇਟੀਆਂ ਨੇ ਬਣਾਈਆਂ ਅਤੇ ਦੂਸਰੀਆਂ ਉਹ ਸੜਕਾਂ ਹਨ ਜਿਹੜੀਆਂ ਕਿ ਪੀ. ਡਬਲਯੂ. ਡੀ. ਵਾਲਿਆਂ ਨੇ ਕਰੈਸ਼ ਪ੍ਰੋਗਰਾਮ ਅਧੀਨ ਬਣਾਈਆਂ ਸਨ। ਜਿਹੜੀਆਂ ਮਾਰਕਿਟ ਕਮੇਟੀਆਂ ਨੇ ਬਣਾਈਆਂ ਹਨ ਮੈਂ ਉਨ੍ਹਾਂ ਸੜਕਾਂ ਬਾਰੇ ਜ਼ਿਕਰ ਕੀਤਾ ਸੀ ਅਤੇ ਦੂਜੀਆਂ ਸੜਕਾਂ ਦੀ ਮੁਰੰਮਤ ਅਸੀਂ ਕਰਾਈ ਜਾ ਰਹੇ ਹਾਂ।

**ਕਾਮਰੇਡ ਬੂਟਾ ਸਿੰਘ** : ਪਿਛਲੀ ਵਾਰੀ ਮਾਨਯੋਗ ਮੰਤਰੀ ਜੀ ਨੇ ਮੇਰੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਮਾਨਸਾ ਤੋਂ ਸਿਰਸਾ ਅਤੇ ਬੁਢਲਾਡਾ ਤੋਂ ਭੀਖੀ ਦੀਆਂ ਸੜਕਾਂ ਨੂੰ ਚੌੜਾ ਕਰਨ ਦਾ ਕੰਮ ਜਲਦੀ ਕਰਾਵਾਂਗੇ। ਪਰ ਅਜੇ ਤਕ ਉਥੇ ਇਹ ਕੰਮ ਮੁਕੰਮਲ ਨਹੀਂ ਹੋਇਆ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਦੋਵੇਂ ਸੜਕਾਂ ਦਾ ਰਹਿੰਦਾ ਕੰਮ ਕਦੋਂ ਤਕ ਮੁਕੰਮਲ ਕਰਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਉਥੇ ਕੰਮ ਚਲ ਰਿਹਾ ਹੈ ਅਤੇ ਸੜਕ ਚੌੜੀ ਹੋ ਰਹੀ ਹੈ । ਪਰ ਇਸ ਬਾਰੇ ਕੋਈ ਡੇਟ ਨਿਸ਼ਚਿਤ ਕਰਨੀ ਮੇਰੇ ਲਈ ਇਸ ਵੇਲੇ ਸੰਭਵ ਨਹੀਂ ।

**ਕਾਮਰੇਡ ਸੱਘੜ ਸਿੰਘ :** ਮਾਰਕਿਟ ਕਮੇਟੀਆਂ ਦਾ ਪੈਸਾ ਸੜਕਾਂ ਤੇ ਲਗਣ ਬਾਰੇ ਅਕਾਲੀ ਸਰਕਾਰ ਵੇਲੇ ਤੋਂ ਰੋਕ ਲੱਗੀ ਹੋਈ ਹੈ । ਇਸ ਤੋਂ ਪਹਿਲਾਂ ਕੈਬਨਿਟ ਵਿਚ ਇਹ ਵਿਚਾਰ ਹੋਇਆ ਹੈ ਕਿ ਇਸ ਵਿਚ ਅਮੈਂਡਮੈਂਟ ਲਿਆਂਦੀ ਜਾਵੇ ਤਾਂਕਿ ਪੈਸਾ ਮਾਰਕਿਟ ਕਮੇਟੀਆਂ ਦਾ ਇਨ੍ਹਾਂ ਸੜਕਾਂ ਵਾਸਤੇ ਖ਼ਰਚ ਕੀਤਾ ਜਾ ਸਕੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਅਮੈਂਡਮੈਂਟ ਕਦੋਂ ਤਕ ਲਿਆਂਦੀ ਜਾ ਰਹੀ ਹੈ ਤਾਂਕਿ ਮਾਰਕਿਟ ਕਮੇਟੀਆਂ ਦਾ ਪੈਸਾ ਇਨ੍ਹਾਂ ਸੜਕਾਂ ਤੇ ਖ਼ਰਚ ਕੀਤਾ ਜਾ ਸਕੇ ? ਕਦੋਂ ਤਕ ਇਸ ਬਾਰੇ ਕਲੀਅਰੈਂਸ ਦੇ ਦਿੱਤੀ ਜਾਏਗੀ ?

**ਮੰਤਰੀ :** ਮੈਂ ਮੈਂਬਰ ਸਾਹਿਬ ਦੀ ਨਾਲਿਜ ਵਾਸਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜੋ ਮਾਰਕਿਟ ਕਮੇਟੀਆਂ ਦਾ ਪੈਸਾ ਹੈ, ਇਹ ਕੋਈ ਟੈਕਸ ਨਹੀਂ ਹੈ ਬਲਕਿ ਇਹ ਫ਼ੀਸ ਹੈ । ਇਸ ਵਾਸਤੇ ਅਮੈਂਡਮੈਂਟ ਲਿਆਉਣ ਦੀ ਕੋਈ ਲੋੜ ਨਹੀਂ ਹੈ । ਇਸ ਬਾਰੇ ਤੁਸੀਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਪੁਛ ਸਕਦੇ ਹੋ ।

**ਸ਼੍ਰੀ ਸੰਤ ਰਾਮ ਸਿੰਗਲਾ :** ਸਪੀਕਰ ਸਾਹਿਬ, ਪੰਜਾਬ ਵਿਚ ਲਿੰਕ ਰੋਡਜ਼ ਦੀ ਹਾਲਤ ਬੜੀ ਖਰਾਬ ਹੈ । ਇਸ ਵਾਸਤੇ ਸਾਡੀ ਸਰਕਾਰ ਨੇ ਬਜਟ ਵਿਚ ਕੁਝ ਪੈਸਾ ਰਖਿਆ ਹੈ ਪਰ ਉਹ ਰੁਪਿਆ ਬਹੁਤ ਥੋੜਾ ਹੈ । ਕੀ ਵਜ਼ੀਰ ਸਾਹਿਬ ਇਸ ਗੱਲ ਨੂੰ ਦੇਖਣਗੇ ਕਿ ਜਿਹੜਾ ਰੁਪਿਆ ਬਜਟ ਵਿਚ ਰਖਿਆ ਗਿਆ ਹੈ ਉਸ ਦੀ ਵਰਤੋਂ ਪਹਿਲਾਂ ਸੜਕਾਂ ਦੀ ਰਿਪੇਅਰ ਵਾਸਤੇ ਕੀਤੀ ਜਾਏ ਅਤੇ ਨਵੀਆਂ ਸੜਕਾਂ ਬਣਾਉਣ ਤੇ ਖਰਚ ਪਹਿਲਾਂ ਨਾ ਕੀਤਾ ਜਾਏ ? ਜਾਂ ਕੋਈ ਪਰਸੈਂਟੇਜ਼ ਫਿਕਸ ਕਰ ਲੈਣ ਕਿ 25% ਨਵੀਆਂ ਸੜਕਾਂ ਤੇ ਲਗਾਉਣਾ ਹੈ ਅਤੇ 75% ਰਿਪੇਅਰ ਵਾਸਤੇ ਰਖਣਾ ਹੈ । ਇਸ ਸਬੰਧੀ ਕੋਈ ਫਾਰਮੂਲਾ ਤਿਆਰ ਕਰ ਲੈਣ ।

**ਮੰਤਰੀ :** ਇਹੋ ਜਿਹਾ ਫਾਰਮੂਲਾ ਬਣਿਆ ਹੋਇਆ ਹੈ । ਅਸੀਂ ਦਰਅਸਲ ਪਹਿਲ ਤਾਂ ਮੁਰੰਮਤ ਨੂੰ ਦੇਣੀ ਹੈ । ਮੈਂ ਅੱਗੇ ਵੀ ਅਰਜ਼ ਕੀਤੀ ਹੈ ਕਿ ਸੰਕਿੰਡ ਲਿੰਕ ਦੇਣ ਦਾ ਹਾਲੇ ਕੋਈ ਪ੍ਰੋਗਰਾਮ ਨਹੀਂ । ਜਿਥੇ ਕਿਧਰੇ ਜ਼ਰੂਰਤ ਆਵੇਗੀ ਉਥੇ ਸੋਚ ਲਵਾਂਗੇ । ਵੈਸੇ ਅਸੀਂ ਪਰਾਇਰਟੀ ਮੁਰੰਮਤ ਨੂੰ ਹੀ ਦੇਵਾਂਗੇ ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ :** ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਮਾਰਕਿਟ ਕਮੇਟੀਆਂ ਦੇ ਫੰਡਜ਼ ਜੋ ਲੈਂਦੀ ਹਨ, ਟੈਕਸ ਨਹੀਂ ਅਤੇ ਉਹਨਾਂ ਨੂੰ ਸਿਰਫ ਉਹਨਾਂ ਲੋਕਾਂ ਵਾਸਤੇ ਹੀ ਵਰਤਿਆ ਜਾ ਸਕਦਾ ਹੈ, ਜਿਨ੍ਹਾਂ ਤੋਂ ਉਹ ਵਸੂਲ ਕੀਤਾ ਜਾਂਦਾ ਹੈ । ਕੀ ਇਸ ਦੀ ਕਲੈਰੀਫਿਕੇਸ਼ਨ ਸੁਪਰੀਮ-ਕੋਰਟ ਤੋਂ ਲਈ ਜਾਵੇਗੀ ? ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਦੇ ਫੰਡਜ਼ ਨਾਲ ਬਣ ਚੁਕੀਆਂ ਹਨ, ਉਹਨਾਂ ਦੀ ਮੇਨਟੀਨੈਂਸ ਮਾਰਕਿਟ ਕਮੇਟੀਆਂ ਦੇ ਜ਼ਿੰਮੇ ਹੀ ਹੋਣੀ ਚਾਹੀਦੀ ਹੈ ।

**ਸ਼੍ਰੀ ਸਪੀਕਰ :** ਇਹ ਮਾਮਲਾ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ ।

**Minister :** The hon'ble Member can come to my Chamber and discuss the matter with me.

*Original with;*
Punjab Vidhan Sabha
*Digitized by;*
Panjab Digital Library

**ਸ੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੀ. ਡਬਲਿਊ. ਡੀ. ਡਿਪਾਰਟਮੈਂਟ ਦੀਆਂ 2-3 ਤਰ੍ਹਾਂ ਦੀਆਂ ਸੜਕਾਂ ਹਨ । ਲਿੰਕ ਰੋਡਜ਼, ਮਾਰਕਿਟ ਕਮੇਟੀਆਂ ਦੀਆਂ ਸੜਕਾਂ ਅਤੇ ਸ਼ਹਿਰਾਂ ਵਿਚ ਪੀ. ਡਬਲਿਊ. ਡੀ. ਦੀਆਂ ਸੜਕਾਂ । ਜਿਹੜੀਆਂ ਸੜਕਾਂ ਮਿਉਨਿਸਪਲ ਕਮੇਟੀਆਂ ਦੇ ਲਿਮਿਟਸ ਵਿੱਚ ਹਨ, ਉਹਨਾਂ ਦੀ ਠੀਕ ਤਰ੍ਹਾਂ ਮੇਨਟੀਨੈਂਸ ਨਹੀਂ ਹੁੰਦੀ। ਜਿਹੜੀਆਂ ਸੜਕਾਂ ਮਿਉਨਿਸਪਲ ਕਮੇਟੀਆਂ ਦੇ ਲਿਮਿਟਸ ਵਿੱਚ ਹਨ, ਕੀ ਤੁਸੀਂ ਇਹ ਸੜਕਾਂ ਉਹਨਾਂ ਨੂੰ ਦੇਣ ਲਈ ਤਿਆਰ ਹੋ ?

**ਮੰਤਰੀ** : ਮਿਊਨਿਸਪਲ ਕਮੇਟੀਆਂ ਅਗਰ ਉਹਨਾਂ ਨੂੰ ਲੈਣ ਲਈ ਤਿਆਰ ਹਨ, ਤਾਂ ਸਾਨੂੰ ਕੋਈ ਔਬਜੈਕਸ਼ਨ ਨਹੀਂ ਹੈ ।

**Mr. Speaker** : Please, sit down. ਮੈਂ ਮੰਤਰੀ ਮਹੋਦਿਯ ਨੂੰ ਅਗਲਾ ਜਵਾਬ ਦੇਣ ਤੋਂ ਪਹਿਲਾਂ ਇਕ ਸਵਾਲ ਆਪਣਾ ਵੀ ਪੁੱਛਣਾ ਚਾਹੁੰਦਾ ਹਾਂ । ਜਿਹੜੀ ਰੋਡ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਅੱਗੇ ਜਾਂਦੀ ਹੈ, ਉਸਤੇ ਕਾਫੀ ਦੂਰ ਤੱਕ ਪੱਥਰ ਵਗੈਰਾ ਪਿਆ ਹੈ। ਇਹ ਸੜਕ ਕਦੋਂ ਤੱਕ ਕੰਪਲੀਟ ਹੋ ਜਾਵੇਗੀ ?

**ਸ੍ਰੀ ਰਾਮ ਸਰੂਪ ਬਾਗੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਵੇਲੇ ਇਹ ਜਿੰਨੀ ਤਵੱਜੋ ਸਾਡੇ ਪਹਾੜੀ ਇਲਾਕੇ ਵੱਲ ਦੇ ਰਹੇ ਹਨ, ਇਹ ਸਾਡੀ ਖੁਸ਼-ਕਿਸਮਤੀ ਹੈ । ਮੇਰੀ ਬੇਨਤੀ ਹੈ ਕਿ ਪਹਾੜਾਂ ਵਿੱਚ ਫਸਟ ਔਰ ਸੈਕਿੰਡ ਲਿੰਕ ਸੜਕਾਂ ਦੇ ਰੂਲਜ਼ ਬਾਰੇ ਕੀ ਇਹ ਢਿੱਲ ਦੇਣਗੇ ? ਕਿਉਂਕਿ ਪਹਾੜਾਂ ਵਿਚ ਇਕ ਇਕ ਪਿੰਡ ਵੀ ਚਾਰ ਚਾਰ ਮੀਲ ਦੀ ਦੂਰੀ ਤੇ ਹੈ ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪਹਾੜੀ ਇਲਾਕੇ, ਕੰਡੀ ਇਲਾਕੇ, ਅਤੇ ਧਾਰ ਬਲਾਕ, ਵਿਚ ਜਿਥੇ ਡਾਕਟਰ ਕੇਵਲ ਕ੍ਰਿਸ਼ਨ, ਪੰਡਿਤ ਸਰਵਨ ਰਾਮ ਅਤੇ ਸ੍ਰੀ ਦਲੀਪ ਚੰਦ ਜੀ ਵੀ ਜਾਂਦੇ ਰਹਿੰਦੇ ਹਨ, ਕੀ ਉਹਨਾਂ ਨੂੰ ਲਿੰਕ ਸੜਕਾਂ ਰਾਹੀਂ ਇਹ ਲਿੰਕ ਕਰਾ ਦੇਣਗੇ ?

**ਮੰਤਰੀ** ; ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਜਿਹੜਾ ਤੁਸੀਂ ਸਵਾਲ ਕੀਤਾ ਹੈ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਚੀਜ਼ ਤੁਸੀਂ ਮੇਰੇ ਨੋਟਿਸ ਵਿਚ ਲਿਆਂਦੀ ਹੈ । ਇਸ ਸਬੰਧ ਵਿਚ ਮੇਰੀ ਅਰਜ਼ ਹੈ ਕਿ ਜਿਥੇ ਮੈਟੀਰੀਅਲ ਪਿਆ ਹੈ, ਉਹ ਮੈਟੀਰੀਅਲ ਪਹਿਲਾਂ ਲੁਆ ਦਈਏ । ਮੈਂ ਇਸ ਗੱਲ ਲਈ ਤੁਹਾਡਾ ਮਸ਼ਕੂਰ ਹਾਂ । ਦੂਸਰੀ ਗੱਲ, ਮੈਂ ਬਾਗੀ ਸਾਹਿਬ ਦਾ ਵੀ ਬੜਾ ਮਸ਼ਕੂਰ ਹਾਂ ਕਿ ਉਹਨਾਂ ਨੇ ਤਾਰੀਫ ਤਾਂ ਕੀਤੀ । ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਕਿਸੇ ਨਾਲ ਵੀ ਡਿਸਕ੍ਰੀਮੀਨੇਸ਼ਨ ਨਹੀਂ ਕਰਦੇ । ਪਹਾੜੀ ਇਲਾਕਾ ਜ਼ਿਆਦਾ ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ ਅਤੇ ਕੁਝ ਰੋਪੜ ਵਿੱਚ ਹੈ । ਅਸੀਂ ਇਸਨੂੰ ਉਚੇਚ ਦੇ ਰਹੇ ਹਾਂ ।

---

## UPGRADATION OF PRIMARY SCHOOLS

***1620. Master Dalip Chand** : Will the Minister for Education be pleased to state whether there is any proposal under the consideration of the Government to upgrade the Primary Schools of villager

Original with;
Punjab Vidhan Sabha
Digitized by;
Panjab Digital Library

[Master Dalip Chand]

Maujowal, Bramad Bela and Tajowal in the Balachaur Assembly Constituency to Middle Schools; if so, the time by which it is likely to materialise ?

**Sardar Harcharn Singh Ajnala :** There is no proposal under the consideration of Government to upgrade Government Primary School, Maujowal and Branch Primary School Bramad Bela Tajowal to Middle Schools.

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਬੇਟ ਏਰੀਆ ਵਿਚ ਹੈ । ਉਸ ਵਿਚ 45 ਪਿੰਡ ਆਉਂਦੇ ਹਨ । ਉਹਨਾਂ 45 ਪਿੰਡਾਂ ਵਿੱਚ ਸਿਰਫ ਇਕ ਗੌਰਮਿੰਟ ਸਕੂਲ ਹੈ । ਪਿੰਡ ਮੌਜੋਵਾਲ, ਬਰਾਮਦ ਬੇਲਾ ਅਤੇ ਤਾਜੋਵਾਲ ਵਿੱਚ ਸਿਰਫ ਪ੍ਰਾਇਮਰੀ ਸਕੂਲ ਹੀ ਹਨ । ਉਹਨਾਂ ਵਿਚੋਂ 15 ਪਿੰਡਾਂ ਦੇ ਸੈਂਟਰ ਵਿਚ ਕੇਵਲ ਇਕ ਹੀ ਪ੍ਰਾਇਮਰੀ ਸਕੂਲ ਹੈ । ਬੱਚਿਆਂ ਨੂੰ 10-10 ਕਿਲੋਮੀਟਰ ਤੱਕ ਪੈਦਲ ਜਾਣਾ ਪੈਂਦਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਬੱਚਿਆਂ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਬੇਟ ਏਰੀਆ ਵਿਚ ਸਕੂਲ ਅਪਗ੍ਰੇਡ ਕਰਨ ਦੇ ਕੋਈ ਪ੍ਰਬੰਧ ਹਨ, ਜਾਂ ਨਹੀਂ ?

**ਮੰਤਰੀ :** ਬਰਾਮਦ ਬੇਲਾ ਔਰ ਤਾਜੋਵਾਲ ਦਰਅਸਲ ਇਕੋ ਪਿੰਡ ਦਾ ਨਾਂ ਹੈ, ਇਹ ਵਖਰੇ ਵਖਰੇ ਨਾਂ ਨਹੀਂ ਹਨ । ਹਾਲੇ ਉਥੇ ਅਸੀਂ ਬਰਾਂਚ ਪ੍ਰਾਇਮਰੀ ਸਕੂਲ ਹੀ ਖੋਲ੍ਹਿਆ ਹੈ, ਜਿਸ ਦੀ ਬਿਲਡਿੰਗ ਵੀ ਪ੍ਰਾਇਵੇਟ ਆਦਮੀ ਦੀ ਹੈ । ਇਹ ਸਕੂਲ ਹਾਲੇ ਤੱਕ ਰੈਗੂਲਰ ਨਹੀਂ ਹੋਇਆ । ਜਿਸ ਪਿੰਡ ਵਿਚ ਬਰਾਂਚ ਸਕੂਲ ਹਾਲੇ ਖੋਲ੍ਹਿਆ ਹੋਵੇ, ਪ੍ਰਾਇਮਰੀ ਸਕੂਲ ਵੀ ਨਾ ਹੋਵੇ, ਉਥੇ ਮਿਡਲ ਸਕੂਲ ਦੀ ਮੰਗ ਕਰਨਾ, ਨਾਰਮਜ਼ ਦੇ ਮੁਤਾਬਕ ਠੀਕ ਨਹੀਂ ਹੈ ।

**ਸਰਦਾਰ ਗੁਰਨੈਬ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਲ ਇਹ ਕਿੰਨੇ ਸਕੂਲ ਅਪਗ੍ਰੇਡ ਕਰਨਗੇ ਔਰ ਕਦੋਂ ਤੱਕ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਮਸਲੇ ਦੇ ਸਬੰਧ ਵਿੱਚ ਕੱਲ ਵੀ ਡੀਮਾਂਡਜ਼ ਆਈਆਂ ਸਨ । ਜਿਨ੍ਹਾਂ ਮੈਂਬਰਾਂ ਨੇ ਕੱਲ ਹਾਊਸ ਵਿਚ ਹਿੱਸਾ ਲਿਆ ਸੀ, ਉਹਨਾਂ ਨੂੰ ਪਤਾ ਹੈ ਕਿ ਇਹ ਗੱਲ ਕਹੀ ਗਈ ਸੀ ਕਿ ਮਿਡਲ ਅਤੇ ਹਾਈ ਸਕੂਲ ਨਵੇਂ ਖੋਲ੍ਹੇ ਜਾਣਗੇ । ਤੁਹਾਡੇ ਹੁੰਦਿਆਂ ਹੀ ਡਾਕਟਰ ਸਾਹਿਬ ਨੇ ਜਵਾਬ ਦਿੱਤਾ ਸੀ ਕਿ ਪਿਛਲੇ ਦੋ ਸਾਲਾਂ ਤੋਂ ਇਹੋ ਜਿਹੀਆਂ ਮੰਗਾਂ ਆ ਰਹੀਆਂ ਹਨ । ਅਤੇ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਕਿੰਨੇ ਹੀ ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਕਰ ਦਿੱਤੇ ਹਨ ਅਤੇ ਕਿੰਨੇ ਹੀ ਮਿਡਲ ਸਕੂਲ ਅਪਗ੍ਰੇਡ ਕਰਕੇ ਹਾਈ ਸਕੂਲ ਬਣਾ ਦਿੱਤੇ ਹਨ ।

**ਸਰਦਾਰ ਗੁਰਨੈਬ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਸਪੈਸਿਫਿਕ ਸਵਾਲ ਪੁਛਿਆ ਸੀ । ਇਹਨਾ ਦਾ ਰਿਪਲਾਈ ਸਪੈਸਿਫਿਕ ਨਹੀਂ ਹੈ । ਮੈਂ ਤਾਂ ਇਹ ਪੁਛਿਆ ਸੀ ਕਿ ਇਹ ਇਸ ਸਾਲ ਕਿੰਨੇ ਸਕੂਲ ਅਪਗ੍ਰੇਡ ਕਰਨਗੇ ਔਰ ਕਦੋਂ ਤੱਕ ਕਰਨਗੇ । ਪਿਛਲੇ 2 ਸਾਲਾਂ ਬਾਰੇ ਤਾਂ ਮੈਨੂੰ ਵੀ ਪਤਾ ਹੈ ਕਿ ਇਹਨਾਂ ਨੇ ਕਾਫੀ ਕੁਝ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਫੰਡਜ਼ ਦਾ ਮਸਲਾ ਹੈ । ਮੈਂ ਹਾਊਸ ਦੇ ਸਾਹਮਣੇ ਇਸ ਵੇਲੇ ਕੋਈ ਗਲਤ ਬਿਆਨੀ ਦੀ ਗੱਲ ਨਹੀਂ ਕਰਨੀ ਚਾਹੁੰਦਾ । ਮੈਂ ਆਲਰੈਡੀ ਇਹ ਕੇਸ ਐਫ. ਐਮ. ਨੂੰ ਅਲੋਕੇਟ ਕੀਤਾ ਹੋਇਆ ਹੈ । ਫੰਡਾਂ ਦਾ ਮਸਲਾ ਹੀ ਇਸ ਦਾ ਪ੍ਰਾਇਮਰੀ ਰੀਜ਼ਨ ਹੈ ।

**ਸਰਦਾਰ ਸ਼ਮਸ਼ੇਰ ਸਿੰਘ** : ਮੈਂ ਵਜ਼ੀਰ ਸਾਹਿਬ ਨੂੰ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿਛਲੇ 2 ਸਾਲਾਂ ਵਿੱਚ ਸਕੂਲ ਅਪਗ੍ਰੇਡ ਕੀਤੇ ਗਏ ਹਨ, ਉਹਨਾਂ ਤੋਂ ਇਲਾਵਾ ਕਈ ਸਕੂਲਾਂ ਵਿੱਚ ਸਟਾਫ ਦੀ ਕਮੀ ਹੈ । ਜ਼ਿਆਦਾ ਕਰਕੇ ਪਿੰਡਾਂ ਦੇ ਟੀਚਰਜ਼ ਸ਼ਹਿਰਾਂ ਨੂੰ ਚਲੇ ਜਾਂਦੇ ਹਨ । ਖੁਮਾਣੋ ਬਲਾਕ ਵਿੱਚ 69 ਟੀਚਰਜ਼ ਦੀ ਕਮੀ ਹੈ । ਇਹ ਕਮੀ ਰੈਸ਼ਨੇਲਾਈਜ਼ ਸਕੀਮ ਦੇ ਥਰੂ ਪੂਰੀ ਕੀਤੀ ਜਾ ਸਕਦੀ ਹੈ । ਪਿੰਡਾਂ ਨੂੰ ਟੀਚਰਜ਼ ਨਹੀਂ ਜਾਣਾ ਚਾਹੁੰਦੇ । ਜਿਥੇ ਟੀਚਰਜ਼ ਦੀ ਕਮੀ ਹੈ ਚਾਹੇ ਸਾਇੰਸ ਟੀਚਰਜ਼ ਹੋਣ ਜਾਂ ਹਿਸਾਬ ਟੀਚਰਜ਼ ਹੋਣ ਉਥੇ ਉਹਨਾਂ ਦਾ ਪ੍ਰਬੰਧ ਕੀਤਾ ਜਾਵੇ ।

**ਮੰਤਰੀ** : ਇਹ ਜਾਣ ਕੇ ਸਾਰੇ ਹਾਊਸ ਨੂੰ ਖੁਸ਼ੀ ਹੋਵੇਗੀ ਕਿ ਜਿਹੜੀ ਪੁਰਾਣੀ ਪ੍ਰਥਾ ਸੀ ਕਿ ਪਿੰਡਾਂ ਵਿਚੋਂ ਟੀਚਰਜ਼ ਬਾਹਰ ਸ਼ਹਿਰਾਂ ਵਿੱਚ ਆ ਜਾਂਦੇ ਸਨ, ਉਹ ਸਟਾਪ ਕਰ ਦਿੱਤੀ ਹੈ ਔਰ ਸਰਪਲਸ ਪੋਸਟਾਂ ਦੇ ਅਗੇਂਸਟ ਉਹਨਾਂ ਨੂੰ ਵਾਪਸ ਭੇਜਿਆ ਜਾਂਦਾ ਹੈ। ਖੁਮਾਣੋ ਬਲਾਕ ਬਾਰੇ ਇਹ ਲਿਖ ਕੇ ਦੇਣ ਕਿ ਉਥੇ ਕਿਹੜੇ ਕਿਹੜੇ ਸਕੂਲਾਂ ਵਿੱਚ ਸਟਾਫ ਦੀ ਕਮੀ ਹੈ, ਉਸਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ ।

**ਸ਼੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਪੰਜਾਬ ਸਰਕਾਰ ਨੇ 2 ਸਾਲਾਂ ਵਿਚ ਪਿੰਡਾਂ ਵਿਚ ਬੜੇ ਸਕੂਲ ਅੱਪਗ੍ਰੇਡ ਕੀਤੇ ਹਨ ਲੇਕਿਨ ਸ਼ਹਿਰਾਂ ਨੂੰ ਇਗਨੋਰ ਕੀਤਾ ਗਿਆ । ਸ਼ਹਿਰਾਂ ਨੂੰ ਇਸ ਕਰਕੇ ਇਗਨੋਰ ਕੀਤਾ ਗਿਆ ਕਿ ਸ਼ਹਿਰਾਂ ਵਿਚ ਪ੍ਰਾਈਵੇਟ ਸਕੂਲ ਬਹੁਤ ਹੁੰਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਰੀ ਜਦੋਂ ਵੀ ਸਕੂਲ ਅੱਪਗ੍ਰੇਡ ਕਰਨਗੇ ਤਾਂ ਕੀ ਜਲੰਧਰ ਸ਼ਹਿਰ ਵਿਚ ਵੀ ਕੋਈ ਸਕੂਲ ਅੱਪਗ੍ਰੇਡ ਹੋਵੇਗਾ, ਜਾਂ ਨਹੀਂ ?

**ਮੰਤਰੀ** : ਜਿਸ ਵੇਲੇ ਸਕੂਲ ਅੱਪਗ੍ਰੇਡ ਕੀਤੇ ਜਾਂਦੇ ਹਨ ਤਾਂ ਉਸ ਵੇਲੇ ਇਲਾਕੇ ਦੀ ਬੈਕਵਰਡਨੈਸ ਅਤੇ ਕਿਥੇ ਜ਼ਰੂਰਤ ਜ਼ਿਆਦਾ ਹੈ ਅਤੇ ਦੂਜਾ ਸਕੂਲ ਉਥੋਂ ਜ਼ਿਆਦਾ ਦੂਰ ਹੋਵੇ, ਨੂੰ ਦੇਖਿਆ ਜਾਂਦਾ ਹੈ । ਜਿਸ ਤਰ੍ਹਾਂ ਸੈਣੀ ਜੀ ਨੇ ਜਲੰਧਰ ਸ਼ਹਿਰ ਦੇ ਸਕੂਲਾਂ ਦੀ ਗੱਲ ਕੀਤੀ ਹੈ, ਉਸ ਦਾ ਵੀ ਖ਼ਿਆਲ ਕੀਤਾ ਜਾਵੇਗਾ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਜਿਸ ਤਰ੍ਹਾਂ ਸੈਣੀ ਜੀ ਨੇ ਕਿਹਾ ਹੈ, ਮੈਂ ਵੀ ਅਰਜ਼ ਕਰਨੀ ਚਾਹੁੰਦਾ ਹਾਂ, ਮੇਰਾ ਹਲਕਾ ਤਾਂ ਬਿਲਕੁਲ ਬੈਕਵਰਡ ਹਲਕਾ ਹੈ । (ਵਿਘਨ) ਸਪੀਕਰ ਸਾਹਿਬ, ਇਥੇ ਸਾਰਾ ਦਿਨ ਕੰਡੀ ਅਤੇ ਧਾਰ ਦੇ ਇਲਾਕੇ ਬਾਰੇ ਕਿਹਾ ਜਾਂਦਾ ਹੈ, ਸਾਨੂੰ ਵੀ ਗੱਲ ਕਰ ਲੈਣ ਦਿਓ । ਮੇਰਾ ਇਲਾਕਾ ਜਿਥੋਂ ਮੈਂ ਕਾਮਯਾਬ ਹੋ ਕੇ ਆਇਆ ਹਾਂ, ਉਹ ਬੈਕਵਰਡ ਇਲਾਕਾ ਹੈ । ਵਜ਼ੀਰ ਸਾਹਿਬ ਬੜੇ ਚੰਗੇ ਆਦਮੀ ਹਨ ਪਰ ਉਨ੍ਹਾਂ ਨੇ ਉਥੇ ਮੇਰੇ ਹਲਕੇ ਵਿਚ ਕੋਈ ਸਕੂਲ ਅੱਪਰਗ੍ਰੇਡ ਨਹੀਂ ਕੀਤਾ । ਇਸ ਲਈ ਕੀ ਇਹ ਯਕੀਨ ਦਿਵਾਉਣਗੇ ਕਿ ਜਿਸ ਵੇਲੇ ਸਕੂਲ ਅੱਪਗ੍ਰੇਡ ਹੋਣਗੇ ਤਾਂ ਮੇਰੇ ਇਲਾਕੇ ਵਿਚ ਵੀ ਅੱਪਗ੍ਰੇਡ ਕੀਤੇ ਜਾਣਗੇ ? ਦੂਸਰੇ ਮੈਂ ਇਨ੍ਹਾਂ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਉਥੇ ਇਕ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਲੜਕੀਆਂ ਦਾ ਹਾਈ ਸਕੂਲ ਹੈ ਅਤੇ ਇਨ੍ਹਾਂ ਨੇ ਜਿਹੜੀ ਉਥੇ ਹੈਡਮਿਸਟ੍ਰੈਸ ਲਾਈ ਹੈ ਉਸ ਦੀ ਰੈਪੂਟੇਸ਼ਨ ਬੜੀ ਖਰਾਬ ਹੈ । ਉਸ ਨੂੰ ਉਥੋਂ ਕੱਢ ਕੇ ਕਪੂਰ ਸਾਹਿਬ ਦੇ ਇਲਾਕੇ ਵਿਚ ਬਦਲ ਦਿਓ ।

**ਸ੍ਰੀ ਸਪੀਕਰ :** ਇੰਡੀਵਿਜੁਅਲ ਨਾਮ ਡਿਸਕੱਸ ਨਹੀਂ ਹੋ ਸਕਦਾ ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਰ, ਮੈਂ ਨਾਮ ਨਹੀਂ ਲਿਆ ।

**ਮੰਤਰੀ :** ਮੈਂ ਗੁਪਤਾ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਲੁਧਿਆਣਾ ਜਿਸ ਨੂੰ ਇਹ ਰਿਪਰੀਜ਼ੈਂਟ ਕਰਦੇ ਹਨ, ਬੈਕਵਰਡ ਹੈ ਤਾਂ ਫਿਰ ਐਡਵਾਂਸ ਇਲਾਕਾ ਕਿਹੜਾ ਹੈ, ਉਸ ਦੀ ਇਹ ਡੈਫੀਨੀਸ਼ਨ ਦੇ ਦੇਣ ?

**ਕਾਮਰੇਡ ਬੂਟਾ ਸਿੰਘ :** ਮੈਂ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਬੇਇਨਸਾਫੀ ਹੋ ਰਹੀ ਹੈ ਉਸ ਨੂੰ ਇਹ ਕਦੋਂ ਤਕ ਦੂਰ ਕਰ ਦੇਣਗੇ ? 2 ਸਾਲ ਹੋ ਗਏ ਹਨ, ਮਾਨਸਾ ਬਲਾਕ ਵਿਚ ਇਕ ਵੀ ਸਕੂਲ ਅੱਪਗ੍ਰੇਡ ਨਹੀਂ ਕੀਤਾ ਗਿਆ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਬੇਇਨਸਾਫੀ ਨੂੰ ਇਹ ਕਦੋਂ ਤਕ ਦੂਰ ਕਰ ਦੇਣਗੇ ? ਕੀ ਇਹ ਆਸ਼ਵਾਸਨ ਦੇਣਗੇ ਕਿ ਅੱਗੇ ਲਈ ਇਸ ਤਰ੍ਹਾਂ ਦੀ ਬੇਇਨਸਾਫੀ ਨਹੀਂ ਹੋਵੇਗੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਬਿਲਕੁਲ ਇਨ੍ਹਾਂ ਨਾਲ ਇਤਫਾਕ ਨਹੀਂ ਕਰਦਾ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਕਿਸੇ ਨਾਲ ਕੋਈ ਬੇਇਨਸਾਫੀ ਨਹੀਂ ਹੁੰਦੀ ।

**ਕਾਮਰੇਡ ਸੱਘੜ ਸਿੰਘ :** ਸਪੀਕਰ ਸਾਹਿਬ, ਸਕੂਲਾਂ ਦੇ ਬਾਰੇ ਕੁਝ ਉਠਾਏ ਗਏ ਸਵਾਲਾਂ ਦੇ ਜਵਾਬ ਮਨਿਸਟਰ ਸਾਹਿਬ ਨੇ ਦਿਤੇ ਹਨ ਅਤੇ ਕਿਹਾ ਹੈ ਕਿ ਬੇਇਨਸਾਫੀ ਨਹੀਂ ਹੋਵੇਗੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛੇ ਜਿਹੇ ਪ੍ਰਾਇਮਰੀ ਸਕੂਲਾਂ ਨੂੰ ਗਰਾਂਟਾਂ ਦੇਣ ਦਾ ਫੈਸਲਾ ਕੀਤਾ ਸੀ ਅਤੇ ਕਿਹਾ ਸੀ ਕਿ 25,000/– ਰੁਪਿਆ ਉਨ੍ਹਾਂ ਪ੍ਰਾਇਮਰੀ ਸਕੂਲਾਂ ਨੂੰ ਦਿਆਂਗੇ ਜਿਥੇ ਬਿਲਡਿੰਗ ਨਹੀਂ ਹੈ ਅਤੇ ਨਾਲ ਇਹ ਸ਼ਰਤ ਰਖੀ ਕਿ 5,000/— ਰੁਪਿਆ ਪਿੰਡ ਵਾਲੇ ਦੇਣ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਪਿੰਡ ਦੀ ਹਾਲਤ ਕਮਜ਼ੋਰ ਹੋਵੇ ਅਤੇ ਉਹ 5,000/– ਰੁਪਿਆ ਨਾ ਦੇ ਸਕਦੇ ਹੋਣ ਤਾਂ ਕੀ ਇਹ ਅਜਿਹੇ ਪਿੰਡਾਂ ਨੂੰ 20,000/– ਰੁਪਿਆ ਦੇਣਗੇ ਜਾਂ ਕਿ 5,000/– ਰੁਪਿਆ ਲਏ ਬਿਨਾਂ ਨਹੀਂ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਹਾਊਸ ਦੇ ਸਾਹਮਣੇ ਸਵਾਲ ਹੈ ਉਸ ਵਿਚੋਂ ਇਹ ਸਪਲੀਮੈਂਟਰੀ ਪੈਦਾ ਨਹੀਂ ਹੁੰਦੀ । ਬਾਕੀ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜੀ 5,000/– ਰੁਪਏ ਦੀ ਅਤੇ ਜਗ੍ਹਾ ਦੀ ਸ਼ਰਤ ਰਖੀ ਹੋਈ ਹੈ ਜਿਹੜੇ ਉਥੋਂ ਦੇ ਬੈਨੀਫੀਸ਼ਰੀਜ਼ ਹਨ ਉਨ੍ਹਾਂ ਦੀ ਵੀ ਉਸ ਵਿਚ ਇਨਵਾਲਵਮੈਂਟ ਹੋਣੀ ਹੈ, ਉਨ੍ਹਾਂ ਦੀ ਉਸ ਵਿਚ ਪਾਰਟੀਸੀਪੇਸ਼ਨ ਹੋਣੀ ਹੈ । ਇਸ ਕਰਕੇ 5,000/— ਰੁਪਿਆ ਉਨ੍ਹਾਂ ਪਿੰਡ ਵਾਲਿਆਂ ਨੇ ਦੇਣਾ ਹੈ ਜਿਨ੍ਹਾਂ ਬੈਨੀਫੀਸ਼ਰੀਜ਼ ਲਈ ਉਹ ਸਕੂਲ ਬਣਨਾ ਹੈ । ਇਸ ਲਈ 5,000/– ਰੁਪਿਆ ਦੇਣਾ ਪਵੇਗਾ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਤ ਸਿੰਘ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਐਸ. ਏ. ਐਸ. ਨਗਰ, ਮੁਹਾਲੀ ਦੇ ਛੇਵੇਂ ਫੇਜ਼ ਵਿਚ ਗੌਰਮਿੰਟ ਪ੍ਰਾਇਮਰੀ ਸਕੂਲ ਕਾਫੀ ਦੇਰ ਤੋਂ ਮਨਜ਼ੂਰ ਹੋਇਆ ਹੈ ਮਗਰ ਉਥੇ ਹਾਲਾਂ ਤਕ ਕੋਈ ਬਿਲਡਿੰਗ ਨਹੀਂ ਬਣੀ। ਨਾ ਹੀ ਉਥੇ ਕੋਈ ਦਰਖਤ ਹੈ ਜਿਸ ਹੇਠ ਬੱਚੇ ਬੈਠ ਕੇ ਪੜ੍ਹ ਸਕਣ। ਉਸ ਦੇ ਲਾਗੇ ਲੇਬਰ ਕਾਲੋਨੀ ਹੈ, ਉਹ ਬੜੇ ਗਰੀਬ ਲੋਕ ਹਨ ਅਤੇ ਉਹ ਆਪਣੇ ਕੋਲੋਂ ਪੈਸਾ ਨਹੀਂ ਦੇ ਸਕਦੇ। ਇਸ ਬਾਰੇ ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਅਤੇ ਉਨ੍ਹਾਂ ਬੱਚਿਆਂ ਦੇ ਪੜ੍ਹਨ ਲਈ ਕੋਈ ਹੀਲਾ ਕਰਨਾ ਚਾਹੀਦਾ ਹੈ। ਦੂਜਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਚੂਨੀ ਕਲਾਂ ਸਕੂਲ ਵਿਚ 900 ਬੱਚੇ ਹਨ, ਪਰ ਉਥੇ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਨਹੀਂ ਹੈ। ਇਸੇ ਤਰ੍ਹਾਂ ਹੀ ਹੋਰ ਵੀ ਮੇਰੇ ਇਲਾਕੇ ਵਿਚ ਪ੍ਰਾਇਮਰੀ ਸਕੂਲ ਹਨ, ਜਿਥੇ ਬਿਲਡਿੰਗ ਨਹੀਂ ਹੈ। ਉਥੇ ਟੀਚਰ ਵੀ ਘੱਟ ਹਨ। ਪਤਾ ਨਹੀਂ ਇਨ੍ਹਾਂ ਕੋਲ ਟੀਚਰ ਕੋਈ ਨਹੀਂ ਹੈ। ਇਸ ਤਰ੍ਹਾਂ ਬੱਚਿਆਂ ਨੂੰ ਤਾਲੀਮ ਕਿਸ ਤਰ੍ਹਾਂ ਦਿਤੀ ਜਾਵੇਗੀ। ਜਿਥੇ ਟੀਚਰ ਕੋਲ 200 ਬੱਚੇ ਹੋਣ, ਉਥੇ ਦੇ ਬੱਚੇ ਐਜੂਕੇਸ਼ਨ ਕਿਸ ਤਰ੍ਹਾਂ ਠੀਕ ਪ੍ਰਾਪਤ ਕਰ ਸਕਣਗੇ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਕਦੋਂ ਤਕ ਟੀਚਰ ਲਗਾ ਦੇਣਗੇ ? ਨਾਲ ਹੀ ਮੈਨੂੰ ਇਹ ਵੀ ਆਸ਼ਵਾਸਨ ਦੇਣ ਕਿ ਇਹ ਕਦੋਂ ਤਕ ਬਿਲਡਿੰਗ ਛੇਵੇਂ ਫੇਜ਼, ਮੁਹਾਲੀ ਵਿਖੇ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ। ਇਹ ਆਪਣੇ ਇਲਾਕੇ ਦੀ ਡਿਵੈਲਪਮੈਂਟ ਲਈ ਤਿਆਰ ਬਰਤਿਆਰ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਡੀਟੇਲਜ਼ ਲੈ ਕੇ ਮੇਰੇ ਕੋਲ ਮੇਰੇ ਚੈਂਬਰ ਵਿਚ ਆ ਜਾਣ। ਉਥੇ ਮੈਂ ਇਨ੍ਹਾਂ ਨੂੰ ਚਾਹ ਪਿਲਾਵਾਂਗਾ ਅਤੇ ਨਾਲ ਹੀ ਇਹ ਮੇਰੇ ਨਾਲ ਗੱਲ ਕਰ ਲੈਣਗੇ।

**ਸ਼੍ਰੀ ਸਪੀਕਰ** : ਮਨਿਸਟਰ ਸਾਹਿਬ, ਜਿਹੜੀ ਗੱਲ ਤੁਹਾਡੇ ਦਫ਼ਤਰ ਵਿਚ ਚਾਹ-ਮਿੱਠੇ ਨਾਲ ਹੋਣੀ ਹੈ ਉਸ ਨਾਲ ਮੈਂਬਰ ਦੀ ਤਸੱਲੀ ਨਹੀਂ ਹੋਵੇਗੀ। ਇਥੇ ਹਾਊਸ ਵਿਚ ਮੈਂਬਰ ਦੀ ਤਸੱਲੀ ਹੋ ਸਕਦੀ ਹੈ। (ਥੰਪਿੰਗ)

**ਮੰਤਰੀ**: ਸਪੀਕਰ ਸਾਹਿਬ, ਇਹ ਮੈਂ ਤੁਹਾਡੀ ਡਿਸਕਰੀਸ਼ਨ ਅਤੇ ਡਿਸੀਜ਼ਨ ਤੇ ਰਖਦਾ ਹਾਂ ਕਿ ਕੀ ਇਹ ਗਲ ਇਸ ਸਵਾਲ ਵਿਚੋਂ ਅਰਾਈਜ਼ ਹੁੰਦੀ ਹੈ ?

**ਸ਼੍ਰੀ ਸਪੀਕਰ** : ਉਨ੍ਹਾਂ ਨੇ ਆਪਣੇ ਹਲਕੇ ਦੇ ਸਕੂਲਾਂ ਦੀਆਂ ਮੁਸ਼ਕਲਾਂ ਬਾਰੇ ਦੱਸਿਆ ਹੈ। ਤੁਸੀਂ ਉਨ੍ਹਾਂ ਨੂੰ ਨੋਟ ਕਰ ਲਓ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਏਰੀਏ ਦਾ ਇਲਾਕਾ ਗਰੀਬ ਇਲਾਕਾ ਹੈ ਔਰ ਪੰਜਾਬ ਵਿਚ ਸਭ ਤੋਂ ਪਛੜਿਆ ਹੋਇਆ ਇਲਾਕਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਪ੍ਰਾਬਲਮਜ਼ ਹਲ ਨਹੀਂ ਹੋ ਰਹੀਆਂ। ਉਨ੍ਹਾਂ ਕੋਲ ਸਕੂਲਾਂ ਤੇ ਪੈਸਾ ਲਾਉਣ ਲਈ ਨਹੀਂ ਹੈ। ਪਹਿਲਾਂ ਇਨ੍ਹਾਂ ਨੇ ਇਹ ਪੈਸਾ 25% ਮੁਆਫ ਕੀਤਾ ਸੀ ਪਰ ਹੁਣ ਫਿਰ ਇਹ ਇਨ੍ਹਾਂ ਨੇ ਲਾ ਦਿਤਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਗੇ ਵਾਸਤੇ ਇਹ ਇਸ ਨੂੰ ਮੁਆਫ ਕਰ ਦੇਣਗੇ ?

**ਮੰਤਰੀ** : ਕੰਡੀ ਏਰੀਏ ਦਾ ਖਿਆਲ ਇਸ ਸਰਕਾਰ ਨੂੰ ਬਹੁਤ ਜ਼ਿਆਦਾ ਹੈ। ਹਮੇਸ਼ਾਂ ਜਿਸ ਵੇਲੇ ਕੋਈ ਉਨਤੀ ਦੀ ਸਕੀਮ ਬਣਦੀ ਹੈ ਤਾਂ ਕੰਡੀ ਏਰੀਏ ਦਾ ਖਿਆਲ ਕੀਤਾ ਜਾਂਦਾ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ].

ਹੈ । ਜਿਸ ਤਰ੍ਹਾਂ ਮੈਂ ਪਹਿਲਾਂ ਵੀ ਬਿਆਨ ਕੀਤਾ ਹੈ ਕਿ ਜਦੋਂ ਤਕ ਬੈਨੀਫੀਸ਼ਰੀ ਇਹ ਨਾ ਸਮਝੇ ਕਿ ਇਹ ਜਿਹੜਾ ਸਕੂਲ ਜਾਂ ਪ੍ਰਾਜੈਕਟ ਬਣ ਰਿਹਾ ਹੈ ਇਸ ਵਿਚ ਮੇਰੀ ਵੀ ਪਾਰਟੀਸੀਪੇਸ਼ਨ ਹੈ ਅਤੇ ਇਸ ਬਾਰੇ ਮੈਂ ਕੈਟੇਗੋਰੀਕਲੀ ਜਵਾਬ ਦਿਤਾ ਹੈ, I stick to that.

**ਸਰਦਾਰ ਪ੍ਰਿਥੀਪਾਲ ਸਿੰਘ** : ਇਨ੍ਹਾਂ ਦੀ ਬੜੀ ਮਿਹਰਬਾਨੀ ਹੈ ਕਿ ਇਨ੍ਹਾਂ ਨੇ ਮੇਰੇ ਹਲਕੇ ਵਿਚ 2 ਸਕੂਲ ਅੱਪਗ੍ਰੇਡ ਕੀਤੇ ਹਨ । ਕੋਟ ਬਾਬਾ ਦੀਪ ਸਿੰਘ ਦਾ ਜਿਹੜਾ ਪ੍ਰਾਇਮਰੀ ਤੋਂ ਮਿਡਲ ਸਕੂਲ ਕੀਤਾ ਹੈ ਉਸ ਦੀ ਜਿਹੜੀ ਪ੍ਰਾਇਮਰੀ ਸਕੂਲ ਦੀ ਹੈਡਮਿਸਟ੍ਰੈਸ ਹੈ ਉਹ ਮਿਡਲ ਦੇ ਬੱਚਿਆਂ ਨੂੰ ਕਮਰਿਆਂ ਵਿਚ ਬੈਠਣ ਨਹੀਂ ਦਿੰਦੀ । ਅਸੀਂ ਡੀ. ਈ. ਓ. ਨੂੰ ਵੀ ਕਿਹਾ ਹੈ । ਇਸ ਲਈ ਕੀ ਇਹ ਕੋਈ ਉਪਰਾਲਾ ਕਰਨਗੇ ਤਾਕਿ ਦੂਸਰੀਆਂ ਕਲਾਸਾਂ ਦੇ ਵੀ ਬੱਚੇ ਉਥੇ ਬੈਠ ਸਕਣ ? ਦੂਸਰਾ ਇਹ ਕਿ ਨਵੇਂ ਪ੍ਰਾਇਮਰੀ ਸਕੂਲਾਂ ਵਾਸਤੇ 5,000/— ਰੁਪਏ ਜਮ੍ਹਾਂ ਕਰਵਾਉਣ ਦੀ ਸ਼ਰਤ ਹੈ । ਜਿਹੜੇ ਇਹ 5,000/- ਰੁਪਏ ਨਹੀਂ ਦੇ ਸਕਦੇ, ਕੀ ਉਨ੍ਹਾਂ ਲਈ ਇਹ ਕੋਈ ਰਿਆਇਤ ਕਰ ਸਕਦੇ ਹਨ ? ਇਹ ਇਨ੍ਹਾਂ ਦੀ ਮਿਹਰਬਾਨੀ ਹੋਵੇਗੀ ਜੇ ਇਸ ਲਈ ਇਹ ਕਿਸ਼ਤਾਂ ਕਰ ਦੇਣ ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੇ ਸਵਾਲ ਦੇ ਦੋ ਪੱਖ ਹਨ । ਇਕ ਇਨ੍ਹਾਂ ਨੇ ਕਿਹਾ ਕਿ ਕਬਜ਼ਾ ਨਹੀਂ ਮਿਲਦਾ । ਜਦੋਂ ਮੈਂ ਅੰਮ੍ਰਿਤਸਰ ਆਇਆ ਤਾਂ ਇਹ ਉਥੇ ਮੇਰੇ ਨਾਲ ਗੱਲ ਕਰ ਲੈਣ, ਮੈਂ ਇਹ 2 ਮਿੰਟ ਵਿਚ ਮਸਲਾ ਹਲ ਕਰ ਦਿਆਂਗਾ । ਦੂਸਰਾ ਇਨ੍ਹਾਂ ਦਾ ਸਵਾਲ ਕਿਸ਼ਤਾਂ ਬਾਰੇ ਹੈ । ਇਹ ਰਿਪਰਜ਼ੈਂਟ ਕਰ ਦੇਣ, ਮੈਂ ਦੇਖ ਲਵਾਂਗਾ । ਜੇ ਕੋਈ ਪਾਰਟੀਕੁਲਰ ਕੇਸ ਹੋਵੇ ਤਾਂ ਉਹ ਇਹ ਦੱਸ ਦੇਣ ।

**ਸ੍ਰੀ ਸੁਰਿੰਦਰ ਕਪੂਰ** : ਇਨ੍ਹਾਂ ਨੇ ਕਿਹਾ ਹੈ ਕਿ ਐਜੂਕੇਸ਼ਨ ਦੀ ਬੈਕਵਰਡਨੈਸ ਨੂੰ ਦੇਖ ਕੇ ਸਕੂਲ ਅੱਪਗ੍ਰੇਡ ਕੀਤੇ ਜਾਂਦੇ ਹਨ । ਬਠਿੰਡਾ ਜ਼ਿਲ੍ਹਾ ਐਜੂਕੇਸ਼ਨ ਦੇ ਲਿਹਾਜ ਨਾਲ ਬਹੁਤ ਪਛੜਿਆ ਹੋਇਆ ਹੈ । ਮੇਰੇ ਹਲਕੇ ਵਿਚ ਇਕ ਗੁਰਜ ਮਹਿਮਾ ਵਿਖੇ ਸਕੂਲ ਹੈ ਅਤੇ ਉਹ 70-75 ਸਾਲਾਂ ਤੋਂ ਪ੍ਰਾਇਮਰੀ ਸਕੂਲ ਹੀ ਚਲਿਆ ਆਉਂਦਾ ਹੈ । ਉਸ ਪਿੰਡ ਦੀ ਆਬਾਦੀ 4-5 ਹਜ਼ਾਰ ਹੈ । ਹੋਰ ਪਾਸੇ ਕੋਈ ਸਕੂਲ ਨਹੀਂ ਹੈ । ਇਸ ਲਈ ਕੀ ਇਹ ਉਸ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਸਕੂਲ ਬਣਾਉਣਗੇ ਜਦ ਕਿ ਉਸ ਦੀ ਬਿਲਡਿੰਗ ਬਣ ਚੁਕੀ ਹੈ ? ਸ਼ਹਿਰਾਂ ਵਿਚ ਐਜੂਕੇਸ਼ਨ ਦੇ ਬਹੁਤ ਸਾਰੇ ਇੰਸਟੀਚਿਊਸ਼ਨਜ਼ ਹਨ ।

ਇਹ ਪ੍ਰਾਇਮਰੀ ਸਕੂਲ ਨੂੰ ਮਿਡਲ ਸਕੂਲ ਕਦੋਂ ਤਕ ਅਪਗ੍ਰੇਡ ਕਰ ਦੇਣਗੇ ? ਮੌਜੋਵਾਲ ਪਿੰਡ ਦੀ ਕਾਫੀ ਜ਼ਿਆਦਾ ਆਬਾਦੀ ਹੈ, ਉਥੇ ਕੇਵਲ ਪ੍ਰਾਇਮਰੀ ਸਕੂਲ ਹੈ, ਉਥੇ ਮਿਡਲ ਅਤੇ ਹਾਈ ਸਕੂਲ ਦੀ ਬਹੁਤ ਜ਼ਰੂਰਤ ਹੈ । ਇਸ ਵਾਸਤੇ ਇਸ ਵੱਲ ਖਾਸ ਧਿਆਨ ਦੇਣ ਅਤੇ ਇਸ ਸਕੂਲ ਨੂੰ ਅਪਗ੍ਰੇਡ ਕਰਨ ਦਾ ਯਤਨ ਕਰਨ ।

**ਮੰਤਰੀ** : ਅਪਗ੍ਰੇਡ ਕਰਨ ਬਾਰੇ ਮੈਂ ਸਰਕਾਰ ਦੀ ਪਾਲਿਸੀ ਪਹਿਲਾਂ ਕਈ ਵਾਰੀ ਦੱਸ ਚੁੱਕਾ ਹਾਂ । ਫਿਰ ਵੀ ਇਹ ਮੇਰੇ ਕੋਲ ਆ ਜਾਣ ਜੇ ਕੁਝ ਹੋ ਸਕਿਆ ਤਾਂ ਮੈਂ ਜ਼ਰੂਰ ਕੋਸ਼ਿਸ਼ ਕਰਾਂਗਾ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਮ ਪ੍ਰਕਾਸ਼ ਬਾਲੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਅਰਜ਼ ਕਰਦਾ ਹਾਂ, ਇਨ੍ਹਾਂ ਨੇ ਦੱਸਿਆ ਹੈ ਕਿ ਜਿਸ ਵਕਤ ਵੀ ਸਕੂਲ ਅਪਗ੍ਰੇਡ ਕਰਨ ਬਾਰੇ ਵਿਚਾਰ ਹੋਵੇਗੀ ਤਾਂ ਬੈਕਵਰਡ ਏਰੀਏ ਦਾ ਖਾਸ ਖਿਆਲ ਰੱਖਿਆ ਜਾਵੇਗਾ । ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦਾ ਰੋਪੜ ਡਿਸਟ੍ਰਿਕਟ ਦੇ ਖਾਸ ਕਰਕੇ ਸਬ-ਮਾਊਨ-ਟੇਨੀਅਸ ਇਲਾਕੇ ਨੰਗਲ ਟਾਊਨ ਦੇ ਨੇੜੇ ਵਾਸਤੇ ਵੀ ਕੁਝ ਰਿਆਇਤ ਕਰਨ ਦਾ ਵਿਚਾਰ ਹੈ ?

**ਮੰਤਰੀ :** ਪਹਿਲੀ ਗੱਲ ਇਹ ਹੈ ਕਿ ਮੈਂ, ਸਪੀਕਰ ਸਾਹਿਬ ਤੁਹਾਡੇ ਰਾਹੀਂ ਇਸ ਨਵੇਂ ਮੈਂਬਰ ਨੂੰ ਖੁਸ਼ਆਮਦੀਦ ਕਹਿੰਦਾ ਹਾਂ ਔਰ ਇਨ੍ਹਾਂ ਨੇ ਐਜੂਕੇਸ਼ਨ ਦੇ ਮਸਲੇ ਤੇ ਜੋ ਸਪਲੀਮੈਂਟਰੀ ਕੀਤੀ ਹੈ ਜਦੋਂ ਵੀ ਸਕੂਲ ਅਪਗ੍ਰੇਡ ਕਰਨ ਦਾ ਮਸਲਾ ਆਇਆ ਇਨਾਂ ਦੇ ਏਰੀਏ ਦਾ ਵੀ ਜ਼ਰੂਰ ਖਿਆਲ ਰੱਖਿਆ ਜਾਵੇਗਾ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਿਰਫ ਇੱਕ ਸਵਾਲ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਪੰਜਾਬ ਨੂੰ ਇੰਡਸ-ਟਰੀਅਲਾਈਜ਼ ਕਰ ਰਹੀ ਹੈ ਅਤੇ ਜਿਹੜੇ ਇੰਡਸਟਰੀਅਲ ਟਾਊਨ ਹਨ ਉਨ੍ਹਾਂ ਦੀ ਗਰੋਥ ਬਹੁਤ ਹੋ ਗਈ ਹੈ ਜਿਸ ਨਾਲ ਸ਼ਹਿਰਾਂ ਦੇ ਆਲੇ-ਦੁਆਲੇ ਨਵੀਆਂ ਨਵੀਆਂ ਬਸਤੀਆਂ ਆਬਾਦ ਹੋ ਰਹੀਆਂ ਹਨ । ਇਸ ਆਬਾਦੀ ਵਿੱਚ ਇੰਡਸਟਰੀਅਲ ਲੇਬਰ, ਹਰੀਜਨ ਜਾਂ ਬੈਕਵਰਡ ਲੋਕ ਰਹਿੰਦੇ ਹਨ । ਮੈਂ ਵਜ਼ੀਰ ਸਾਹਿਬ ਨੂੰ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸ਼ਹਿਰਾਂ ਦੇ ਆਲੇ ਦੁਆਲੇ 10 ਸਾਲਾਂ ਵਿੱਚ ਬਹੁਤ ਜ਼ਿਆਦਾ ਗਰੋਥ ਹੋ ਗਈ ਹੈ ਜਿਹੜੇ ਸਬ-ਅਰਬ ਹਨ ਜਿਵੇਂ ਬਟਾਲਾ, ਜਲੰਧਰ, ਲੁਧਿਆਣਾ ਆਦਿ ਸ਼ਹਿਰਾਂ ਦੇ ਨੇੜੇ ਇਨ੍ਹਾਂ ਦੇ ਵਿਚ ਵੀ ਕੀ ਕੋਈ ਮਿਡਲ ਸਕੂਲ ਖੋਲ੍ਹਣ ਦਾ ਇਹ ਕੋਈ ਪ੍ਰਬੰਧ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚਤਰਥ ਜੀ ਨੂੰ, ਜੋ ਕਿ ਸਾਡੇ ਐਜੂਕੇਸ਼ਨ ਦੇ ਮਾਹਿਰ ਹਨ ਅਤੇ ਜੇ ਇਨ੍ਹਾਂ ਨੂੰ ਐਜੂਕੇਸ਼ਨ ਦੀ ਮਾਂ ਕਹਿ ਦੇਈਏ ਤਾਂ ਵੀ ਠੀਕ ਹੈ, ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਦੇ ਕੋਈ ਅਜਿਹਾ ਮਸਲਾ ਲਿਆਂਦਾ ਹੈ ਜਦੋਂ ਕਿ ਮੈਂ ਇਨ੍ਹਾਂ ਦੀ ਗੱਲ ਨਹੀਂ ਸੁਣੀ । ਜੇ ਇਹ ਕੋਈ ਜੈਨੂਇਨ ਕੇਸ ਲਿਆਉਣਗੇ ਤਾਂ ਅਜਿਹੇ ਕੇਸ ਤੇ ਜ਼ਰੂਰ ਅਸੀਂ ਵਿਚਾਰ ਕਰਾਂਗੇ । ਇਨ੍ਹਾਂ ਨਾਲ ਬੇ-ਇਨਸਾਫੀ ਕਦੇ ਨਹੀਂ ਕੀਤੀ ।

## MINI BUSES ON LINK ROADS

*1636. **Sardar Gurnaib Singh Brar:** Will the Minister of State for Transport be pleased to state whether there is any proposal under the consideration of the Government to start Mini-buses on link roads; if so, the time by which it is likely to materialise ?

**ਸਰਦਾਰ ਅਵਤਾਰ ਸਿੰਘ ਗੜ੍ਹਵਾਲੀ :** ਜੀ ਹਾਂ। ਨਿਰਧਾਰਤ ਪਰੋਸੀਜਰ ਤੇ ਅਮਲ ਕਰਕੇ ਪਰਮਿਟ ਮਾਰਚ, 1983 ਤਕ ਜਾਰੀ ਕਰਨ ਦੀ ਉਮੀਦ ਹੈ।

**ਸਰਦਾਰ ਗੁਰਨੈਬ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1983 ਮਾਰਚ ਤੱਕ ਕੀ ਇਹ ਪਰਮਿੱਟ ਜਾਰੀ ਕਰ ਦਿੱਤੇ ਜਾਣਗੇ? ਕੀ ਇਨ੍ਹਾਂ ਨੇ ਇਸ ਕੰਮ ਲਈ ਕੋਈ ਕਰਾਈਟੇਰੀਆ ਫਿਕਸ ਕੀਤਾ ਹੈ ਕਿ ਕਿਨ੍ਹਾਂ ਨੂੰ ਇਹ ਪਰਮਿਟ ਦਿਤੇ ਜਾਣੇ ਹਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ; ਮੈ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਪਰਮਿਟ ਜਾਰੀ ਕਰਨ ਵਾਸਤੇ ਕੁਝ ਕੰਡੀਸ਼ਨਾਂ ਬਣਾਈਆਂ ਹੋਈਆਂ ਹਨ। ਦੂਸਰਾ ਇਨ੍ਹਾਂ ਪਰਮਿਟਾਂ ਬਾਰੇ ਜਿਹੜੀ ਸਾਡੀ ਨੈਸ਼ਨਲ ਪਾਲਿਸੀ ਹੈ ਉਸਦੇ ਵਿਚੋਂ 25% ਅਸੀਂ ਸ਼ੈਡੀਊਲਡ ਕਾਸਟ ਕੈਟੇਗਰੀ ਲਈ ਰੱਖਦੇ ਹਾਂ। ਅਨ-ਇੰਪਲਾਇਡ ਗਰੇਜੂਏਟਸ ਨੂੰ ਵੀ ਪਰੈਫਰੈਂਸ ਦਿੱਤੀ ਜਾਂਦੀ ਹੈ ਅਤੇ ਜੇ ਇਨ੍ਹਾਂ ਕੈਟੇਗਰੀਜ਼ ਵਿਚੋਂ ਕੋਈ ਆਦਮੀ ਉਪਲੱਬਧ ਨਾ ਹੋਵੇ ਤਾਂ ਲੋਕਾਂ ਵੱਲੋਂ ਪ੍ਰਾਪਤ ਹੋਈਆਂ ਅਰਜ਼ੀਆਂ ਵਿਚੋਂ ਕਿਸੇ ਦੂਜੇ ਆਦਮੀ ਨੂੰ ਇਹ ਪਰਮਿੱਟ ਦਿੱਤੇ ਜਾ ਸਕਦੇ ਹਨ।

**ਸਰਦਾਰ ਗੁਰਨੈਬ ਸਿੰਘ ਬਰਾੜ:** ਸਪੀਕਰ ਸਾਹਿਬ, ਮੇਰਾ ਸਵਾਲ ਇਸ ਨਾਲ ਸਬੰਧ ਤਾਂ ਨਹੀਂ ਰੱਖਦਾ ਪਰ ਫਿਰ ਵੀ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਰਮਿੱਟ ਇਨ੍ਹਾਂ ਨੇ ਪਹਿਲਾਂ ਦਿੱਤੇ ਹਨ ਕੀ ਉਹ ਫਿਕਸ ਕਰਾਈਟੇਰੀਏ ਅਨੁਸਾਰ ਹੀ ਦਿੱਤੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ ਇਨ੍ਹਾਂ ਦਾ ਸਵਾਲ ਇਸ ਚੀਜ਼ ਨਾਲ ਕੋਈ ਸਬੰਧ ਨਹੀਂ ਰੱਖਦਾ ਪਰ ਫਿਰ ਵੀ ਜੇ ਇਨ੍ਹਾਂ ਨੂੰ ਕਿਸੇ ਪਰਮਿੱਟ ਬਾਰੇ ਕੋਈ ਸ਼ਿਕਾਇਤ ਹੈ ਤਾਂ ਇਹ ਦੱਸ ਦੇਣ, ਪਤਾ ਕਰ ਲਵਾਂਗੇ।

**ਸਰਦਾਰ ਸ਼ਮਸ਼ੇਰ ਸਿੰਘ :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਟਰਾਂਸਪੋਰਟ ਨੂੰ ਕੌਮੀਕਰਨ ਕਰਨ ਦਾ ਨਾਨ-ਆਫਿਸ਼ੀਅਲ ਮਤਾ ਪਾਸ ਹੋਇਆ ਸੀ। ਕਰੋੜਾਂ ਰੁਪਏ ਦਾ ਘਾਟਾ ਪੰਜਾਬ ਰੋਡਵੇਜ਼ ਨੂੰ, ਪੈਪਸੂ ਰੋਡਵੇਜ਼ ਨੂੰ ਪੈਂਦਾ ਹੈ, ਕੀ ਇਸ ਬਾਰੇ ਗੌਰਮਿੰਟ ਦੀ ਕੋਈ ਪਾਲਿਸੀ ਹੈ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਹੈ ; ਜੇ ਹੈ ਤਾਂ ਕਦੋਂ ਤੱਕ ਕੀਤਾ ਜਾਵੇਗਾ? ਹਰਿਆਣਾ ਵਿਚ ਰੋਡਵੇਜ਼ ਕਾਫੀ ਪ੍ਰਾਫਿਟ ਵਿਚ ਹੈ।

**ਰਾਜ ਮੰਤਰੀ:** ਇਹ ਸਵਾਲ ਇਸ ਗੱਲ ਨਾਲ ਸਬੰਧ ਤਾਂ ਨਹੀਂ ਰੱਖਦਾ ਜੋ ਮਤਾ ਪਾਸ ਹੋਇਆ ਹੈ ਉਹ ਸਰਕਾਰ ਦੇ ਵਿਚਾਰ ਅਧੀਨ ਹੈ,ਅਸੀਂ ਵਿਚਾਰ ਕਰ ਰਹੇ ਹਾਂ।

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ, ਮੇਰਾ ਸਵਾਲ ਟਰਾਂਸਪੋਰਟ ਨਾਲ ਸਬੰਧ ਰੱਖਦਾ ਹੈ, ਕਿ ਪਰਮਿੱਟ ਜੋ ਦਿੱਤੇ ਸਨ, ਇਹ ਪਤਾ ਲੱਗਾ ਹੈ ਕਿ ਐਨ.ਜ਼ੈਡ ਅਤੇ ਡਬਲਯੂ. ਜ਼ੈਡ ਦੇ ਪਰਮਿੱਟਾਂ ਦੀ ਡੇਟ ਇਸ ਕਰਕੇ ਐਕਸਪਾਇਰ ਹੋ ਗਈ ਕਿਉਂਕਿ ਸਰਕਾਰ ਨਿਸ਼ਚਿਤ ਸਮੇਂ ਦੇ ਵਿੱਚ ਇਹ ਪਰਮਿੱਟ ਅਲਾਟ ਨਹੀਂ ਕਰ ਸਕੀ। ਕੀ ਇਹ ਦਰੁਸਤ ਹੈ ? ਜਿਨ੍ਹਾਂ ਪਰਮਿੱਟਾਂ ਦੀਆਂ ਡੇਟਸ ਐਕਸਪਾਇਰ ਹੋ ਗਈਆਂ ਹਨ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਨਿਸ਼ਚਿਤ ਸਮੇਂ ਵਿਚ ਕਿਉਂ ਨਹੀਂ ਦਿੱਤੇ ਗਏ ?

**ਰਾਜ ਮੰਤਰੀ :** ਇਹ ਸਵਾਲ ਇਸ ਚੀਜ਼ ਨਾਲ ਸਬੰਧ ਨਹੀਂ ਰੱਖਦਾ। ਸਾਰੇ ਪਰਮਿਟ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਹੀ ਇਸ਼ੂ ਹੋਏ ਹਨ। ਜੇ ਇਨ੍ਹਾਂ ਨੂੰ ਕਿਸੇ ਖਾਸ ਬਾਰੇ ਪਤਾ ਹੈ ਤਾਂ ਇਹ ਦੱਸ ਦੇਣ, ਉਸਦੀ ਜਾਂਚ ਕਰ ਲਵਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿੰਨੀ ਬੱਸਾਂ ਚਲਣੀਆਂ ਹਨ, ਉਨ੍ਹਾਂ ਬਾਰੇ ਦਰਖਾਸਤਾਂ ਕਦੋਂ ਲੈਣਗੇ ਅਤੇ ਕਿਨ੍ਹਾਂ ਨੂੰ ਇਹ ਪਰਮਿੱਟ ਦਿੱਤੇ ਜਾਣਗੇ ਅਤੇ ਕੀ ਇਨ੍ਹਾਂ ਕੋਲ ਕੋਈ ਦਰਖਾਸਤਾਂ ਆਈਆਂ ਵੀ ਹਨ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੀ ਜਾਣਕਾਰੀ ਲਈ ਦੱਸਦਾ ਹਾਂ ਕਿ ਅਸੀਂ ਅਖਬਾਰ ਵਿਚ ਐਡਵਰਟਾਈਜ਼ ਕਰਕੇ ਦਰਖਾਸਤਾਂ ਲਈਆਂ ਹਨ। ਸਾਡੇ ਕੋਲ ਤਿੰਨ ਰਿਜਨਜ਼ ਵਿਚੋਂ ਦਰਖਾਸਤਾਂ ਆਈਆਂ ਹਨ ਅਤੇ ਜਿਹੜਾ ਰਿਜਨ ਕਾਮਰੇਡ ਜੀ ਦਾ ਹੈ ਉਸ ਬਾਰੇ ਕਾਰਵਾਈ ਵੀ ਹੋ ਚੁੱਕੀ ਹੈ।

**ਸਰਦਾਰ ਜਗਤ ਸਿੰਘ:** ਵਜ਼ੀਰ ਸਾਹਿਬ ਨੂੰ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਮਿਨੀ ਬੱਸਾਂ ਚਲਾਉਣੀਆਂ ਹਨ ਇਨ੍ਹਾਂ ਦੇ ਪਰਮਿੱਟ ਕਦੋਂ ਦਿੱਤੇ ਜਾਣਗੇ ਔਰ ਕਿਨੀ ਦੇਰ ਤੱਕ ਦਿੱਤੇ ਜਾਣਗੇ? ਇਨ੍ਹਾਂ ਬਾਰੇ ਕੀ ਸ਼ਰਤਾਂ ਹਨ? ਪਬਲਿਕ ਦੀ ਬਹੁਤ ਭੈੜੀ ਹਾਲਤ ਹੈ ਇਨ੍ਹਾਂ ਲੋਕਾਂ ਦਾ ਕਿਸੇ ਪਾਸੇ ਚੰਡੀਗੜ੍ਹ ਨੂੰ ਲਿੰਕ ਨਹੀ ਮਿਲਦਾ। ਸਰਕਾਰ ਨੂੰ ਜਲਦੀ ਤੋਂ ਜਲਦੀ ਇਸ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

ਦੂਸਰੇ ਜਿਹੜੀਆਂ ਹਰਿਆਣੇ ਵਿੱਚ ਏਅਰ ਕੰਡੀਸ਼ਨਡ ਬੱਸਾਂ ਚਲਦੀਆਂ ਹਨ ਜਿਨ੍ਹਾਂ ਦੀ ਟਿਕਟ ਦੀ ਬੁਕਿੰਗ ਦਿੱਲੀ ਤੱਕ 4340/- ਰੁਪਏ ਦੀ ਹੁੰਦੀ ਹੈ, ਇਹ ਬੜੀਆਂ ਕਾਮਯਾਬ ਹਨ ਅਤੇ ਹਰਿਆਣਾ ਸਰਕਾਰ ਨੂੰ ਇਸ ਨਾਲ ਬੜੀ ਬੱਚਤ ਹੁੰਦੀ ਹੈ, ਕੀ ਸਾਡੇ ਕੋਲ ਇਹ ਬੱਸਾਂ ਨਹੀਂ? ਕੀ ਵਜ਼ੀਰ ਸਾਹਿਬ ਉਨ੍ਹਾਂ ਨਾਲ ਰੂਟ ਦਾ ਫੈਸਲਾ ਕਰਕੇ ਆਪਣੀ ਏਅਰ ਕੰਡੀਸ਼ਨਡ ਬਸ ਚੰਡੀਗੜ੍ਹ ਤੋਂ ਦਿੱਲੀ ਤਕ ਚਲਾਉਣ ਦੀ ਕੋਸ਼ਿਸ਼ ਕਰਨਗੇ? ਜੇ ਇਹ ਨਹੀਂ ਚਲਾ ਸਕਦੇ ਤਾਂ ਇਹ ਰੂਟ ਪਬਲਿਕ ਮੈਨ ਨੂੰ ਦੇਣ ਤਾਂਕਿ ਲੋਕਾਂ ਨੂੰ ਆਉਣ ਜਾਣ ਵਿਚ ਤਕਲੀਫ਼ ਨਾ ਹੋਵੇ। ਇਸ ਰੂਟ ਤੇ ਦੇਖਿਆ ਹੈ ਕਿ ਬਹੁਤ ਜ਼ਿਆਦਾ ਬੁਕਿੰਗ ਹੁੰਦੀ ਹੈ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਮੈਂ ਪਹਿਲਾਂ ਜਵਾਬ ਦਿੱਤਾ ਸੀ ਉਸ ਦੇ ਜਵਾਬ ਵਿੱਚ ਮੈਂ ਦੱਸਿਆ ਹੈ ਕਿ ਸਾਡਾ ਖਿਆਲ ਹੈ ਕਿ 31 ਮਾਰਚ, 1983 ਤਕ ਅਸੀਂ ਮਿਨੀ ਬਸਿਜ਼ ਦੇ ਪਰਮਿਟਸ ਜਾਰੀ ਕਰ ਦੇਵਾਂਗੇ।

ਦੂਸਰੀ ਗੱਲ ਇਨ੍ਹਾਂ ਨੇ ਇਹ ਕਹੀ ਹੈ ਕਿ ਚੰਡੀਗੜ੍ਹ ਵਲ ਧਿਆਨ ਨਹੀਂ ਕਰਦੇ। ਜਿਥੋਂ ਤਕ ਮਿਨੀ ਬੱਸਿਜ਼ ਦਾ ਸਵਾਲ ਹੈ ਉਹ ਰੂਟ ਪਰਮਿੱਟ ਉਹੋ ਜਿਹੇ ਰੂਟਸ ਤੇ ਦਿੱਤੇ ਜਾਣਗੇ ਜਿਥੇ ਇਕ ਪਿੰਡ ਹੋਵੇ ਜਾਂ ਇਕ ਕਸਬਾ ਹੋਵੇ, ਇਕ ਟਰਮੀਨੱਸ ਪੁਆਇੰਟ ਹੋਵੇ, ਜਾਂ ਦੋਨੋਂ ਟਰਮੀਨੱਸ ਪੁਆਇੰਟ ਤੇ ਹੋਣ। ਚੰਡੀਗੜ੍ਹ ਪੰਜਾਬ ਰੋਡਵੇਜ਼ ਔਰ ਪੀ.ਆਰ.ਟੀ.ਸੀ. ਦੀ ਬੜੀ ਭਾਰੀ ਬਸ ਸਰਵਿਸ ਚਲਦੀ ਹੈ।

ਏਅਰ ਕੰਡੀਸ਼ਨਡ ਬਸਾਂ ਦੇ ਬਾਰੇ ਮੈਂ ਇਨ੍ਹਾਂ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਸਾਡਾ ਹਰਿਆਣਾ ਗੌਰਮਿੰਟ ਨਾਲ ਫੈਸਲਾ ਹੋ ਗਿਆ ਹੈ ਕਿ ਦੋ ਪਰਮਿਟਸ ਚੰਡੀਗੜ੍ਹ ਤੋਂ ਦਿੱਲੀ ਤਕ ਚਲਣਗੇ। ਜੋ ਇਨ੍ਹਾਂ ਦਾ ਖਿਆਲ ਹੈ ਕਿ ਇਤਨੀ ਜ਼ਿਆਦਾ ਬੁਕਿੰਗ ਹੁੰਦੀ ਹੈ ਉਸ ਦੇ ਲਈ ਵੀ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਤਨੀ ਜ਼ਿਆਦਾ ਬੁਕਿੰਗ ਨਹੀਂ ਹੁੰਦੀਂ। ਜੇ ਬੁਕਿੰਗ ਹੁੰਦੀ ਹੈ ਤਾਂ ਉਸ ਦਾ ਖਰਚਾ ਵੀ ਜ਼ਿਆਦਾ ਹੁੰਦਾ ਹੈ। ਸਾਡੀ ਪਾਲਿਸੀ ਹੈ ਕਿ ਲੋਕ ਭਲਾਈ ਲਈ ਬਸ ਸੇਵਾ ਚਾਲੂ ਕਰਨੀ ਹੈ। ਇਸ ਦੇ ਲਈ ਵਿਚਾਰ ਕਰ ਰਹੇ ਹਾਂ ਔਰ ਇਹ ਬੱਸ ਸੇਵਾ ਜਲਦੀ ਚਾਲੂ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਾਮ ਸਵਰੂਪ ਬਾਗੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ, ਜੇ ਮੈਂ ਗੱਲ ਕੀਤੀ ਤਾਂ ਫਿਰ ਇਹ ਹੱਸ ਪੈਣਗੇ, ਧਾਰ ਬਲਾਕ ਵਿੱਚ 10-10 ਮੀਲ ਤਕ ਲੋਕਾਂ ਨੂੰ ਟਰੰਕ ਬਿਸਤਰੇ ਆਪਣੇ ਚੁੱਕ ਕੇ ਜਾਣਾ ਪੈਂਦਾ ਹੈ ਔਰ 10-10 ਮੀਲ ਤੋਂ ਆਉਣਾ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਸਟੇਸ਼ਨ ਵੈਗਨਜ਼, ਮੈਟਾਡੋਰ ਜਾਂ ਮਿਨੀ ਬਸ ਸਰਵਿਸ ਚਾਲੂ ਕੀਤੀ ਜਾਵੇ। ਇਨ੍ਹਾਂ ਨੇ ਕਿਹਾ ਹੈ ਕਿ ਇਸ ਲਈ ਐਪਲੀਕੇਸ਼ਨਾਂ ਮੰਗਣ ਲਈ ਐਡਵਰ-ਟਾਈਜ਼ਮੈਂਟ ਕਰਵਾਈ ਸੀ, ਪਰ ਮੇਰੀ ਅਰਜ਼ ਹੈ ਕਿ ਪਹਾੜੀ ਇਲਾਕੇ ਵਿੱਚ ਸੂਚਨਾ ਨਹੀਂ ਮਿਲੀ ਕਿਉਂਕਿ ਉਨ੍ਹਾਂ ਇਲਾਕਿਆਂ ਵਿੱਚ ਅਖ਼ਬਾਰਾ ਨਹੀਂ ਪਹੁੰਚਦੀਆਂ। ਜਿਥੇ ਇਹ ਸੂਚਨਾਂ ਲੋਕਾਂ ਨੂੰ ਨਹੀਂ ਮਿਲੀ, ਕੀ ਉਨ੍ਹਾਂ ਲੋਕਾਂ ਲਈ ਹੁਣ ਸਪੈਸ਼ਲ ਤੌਰ ਤੇ ਦੁਬਾਰਾ ਅਰਜ਼ੀਆਂ ਲੈ ਕੇ ਉਨ੍ਹਾ ਲੋਕਾਂ ਨੂੰ ਫੌਰੀ ਤੌਰ ਤੇ ਮੈਟਾਡੋਰ ਜਾਂ ਮਿਨੀ ਬਸਾਂ ਦੇ ਪਰਮਿੱਟਸ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਚਾਹੇ ਪਹਾੜੀ ਇਲਾਕਾ ਹੈ ਤੇ ਚਾਹੇ ਬੇਟ ਦਾ ਇਲਾਕਾ ਹੈ ਜਾਂ ਕੋਈ ਹੋਰ ਇਲਾਕਾ ਹੈ, ਸਾਡੀ ਪਾਲਸੀ ਇਹ ਹੈ ਕਿ ਸਾਰਿਆਂ ਇਲਾਕਿਆਂ ਵਿੱਚ ਬੱਸ ਸਰਵਿਸ ਦਿੱਤੀ ਜਾਵੇ। ਜਿਥੋਂ ਤਕ ਐਪਲੀਕੇਸ਼ਨਾਂ ਦੀ ਬਾਤ ਹੈ, ਇਕ ਵਾਰੀ ਐਪਲੀਕੇਸ਼ਨਾਂ ਮੰਗੀਆਂ ਫਾਈਨਲ ਨਹੀ ਹੁੰਦੀਆਂ। ਇਕ ਵਾਰੀ ਜਿੰਨੀਆਂ ਅਰਜ਼ੀਆਂ ਆਉਂਦੀਆਂ ਹਨ, ਉਨ੍ਹਾਂ ਦਾ ਫੈਸਲਾ ਕਰ ਲੈਂਦੇ ਹਾਂ ਔਰ ਫਿਰ ਡੀਮਾਂਡ ਆਵੇ ਤਾਂ ਦੁਬਾਰਾ ਵੀ ਇਨਵਾਈਟ ਕਰ ਲੈਂਦੇ ਹਾਂ।

---

## TUBE WELL CONNECTIONS

*1635. **Sardar Gurnaib Singh Brar** : Will the Chief Minister be pleased to state —

(a) the total number of tubewell connections given to the farmers in the State district-wise during the years 1980-81, 1981-82 and 1982-83 upto 31-8-1982;

(b) whether there is any proposal under the consideration of the Government to give priority in the matter of giving Tubewell connections in District Ferozepur being a border area?

**Doctor Kewal Krishan** (Finance Minister) : (a) A Statement containing the requisite information is laid on the Table of the House.

(b) Since January, 1979, consumers residing within 16 Kms. of the International Border have been enjoying priority in the sanction of connections for tubewells. Border villages of Ferozepur district are as such already covered.

Original with;
Punjab Vidhan Sabha
Digitized by;
Panjab Digital Library

## STATEMENT

District-wise details of Tubewell senergised during the years 1980-81, 1981-82 and 1982-83.

| Sr. No. | District | Number of tubewells energised during 1980-81 | 1981-82 | 1982-83 (from 1-4-82 to 31-8-82) |
|---|---|---|---|---|
| 1. | Amritsar | 3,561 | 3,953 | 2,040 |
| 2. | Bhatinda | 623 | 570 | 287 |
| 3. | Faridkot | 1,826 | 1,140 | 74 |
| 4. | Ferozepur | 3,464 | 2,737 | 568 |
| 5. | Gurdaspur | 2,532 | 1,913 | 811 |
| 6. | Hoshiarpur | 539 | 534 | 173 |
| 7. | Jalandhar | 1,524 | 1,971 | 527 |
| 8. | Kapurthala | 852 | 1,555 | 405 |
| 9. | Ludhiana | 1,437 | 2,949 | 991 |
| 0. | Pa[illegible]ala | 2,061 | 3,319 | 718 |
| 11, | Ropar | 380 | 499 | 173 |
| 12. | Sangrur | 2,180 | 3,006 | 1,100 |
| | Total | 20,979 | 24,146 | 7,867 |

**ਸਰਦਾਰ ਗੁਰਨੈਬ ਸਿਘ ਬਰਾੜ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ—"Border villages of Ferozepur district are, as such, already covered". ਮੈਂ ਮੰਤਰੀ ਜੀ ਦੇ ਧਿਆਨ ਵਿਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 2040 ਨੂੰ ਕੁਨੈਕਸ਼ਨ ਦਿੱਤੇ ਹਨ। ਇਸੇ ਤਰ੍ਹਾਂ ਸੰਗਰੂਰ ਜ਼ਿਲ੍ਹੇ ਨੂੰ 1100, ਲੁਧਿਆਣਾ ਜ਼ਿਲ੍ਹੇ ਨੂੰ 991 ਔਰ ਗੁਰਦਾਸਪੁਰ ਜ਼ਿਲ੍ਹੇ ਨੂੰ 811 ਕੁਨੈਕਸ਼ਨਜ਼ ਦਿੱਤੇ ਗਏ ਹਨ, ਪਰ ਸਾਡੇ ਜ਼ਿਲ੍ਹੇ ਫ਼ਿਰੋਜ਼ਪੁਰ ਨੂੰ ਜੋ ਬਾਰਡਰ ਦਾ ਜ਼ਿਲ੍ਹਾ ਵੀ ਹੈ ਔਰ 16 ਕਿਲੋ-ਮੀਟਰ ਦੀ ਬੈਲਟ ਵਿੱਚ ਪੈ ਜਾਂਦਾ ਹੈ, ਉਸ ਜ਼ਿਲ੍ਹੇ ਨੂੰ ਸਿਰਫ 568 ਕੁਨੈਕਸ਼ਨਜ਼ ਦਿੱਤੇ ਗਏ ਹਨ। ਮੈਂ ਮਨਿਸਟਰ ਸਾਹਿਬ ਤੋਂ ਇਸ ਦੇ ਕਾਰਨ ਜਾਣਨਾ ਚਾਹੁੰਦਾ ਹਾਂ ਕਿ ਸਾਡਾ ਜ਼ਿਲ੍ਹਾ ਬਾਰਡਰ ਦਾ ਜ਼ਿਲ੍ਹਾ ਵੀ ਹੋਵੇ ਔਰ ਉਸ ਜ਼ਿਲ੍ਹੇ ਦੀ 16 ਕਿਲੋਮੀਟਰ ਦੀ ਬੈਲਟ ਵੀ ਹੋਵੇ ਤਾਂ ਫਿਰ ਇਸ ਜ਼ਿਲ੍ਹੇ ਨੂੰ ਬਾਕੀ ਦੇ 4-5 ਜ਼ਿਲ੍ਹਿਆਂ ਨਾਲੋਂ ਇਤਨੇ ਘੱਟ ਕਿਉਂ ਕੁਨੈਕਸ਼ਨ ਦਿੱਤੇ ਗਏ ਹਨ ?

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਜੋ ਇਨ੍ਹਾਂ ਨੇ ਦੱਸਿਆ ਹੈ ਕਿ ਫਿਰੋਜ਼ਪੁਰ ਦੇ ਜ਼ਿਲ੍ਹੇ ਨੂੰ 568 ਕੁਨੈਕਸ਼ਨਜ਼ ਦਿੱਤੇ ਗਏ ਹਨ। ਬਾਕੀ ਜ਼ਿਲ੍ਹਿਆਂ ਨੂੰ ਕੁਝ ਜ਼ਿਆਦਾ ਦਿੱਤੇ ਗਏ ਹਨ। ਬਾਰਡਰ ਦੇ ਜ਼ਿਲ੍ਹਿਆਂ ਨੂੰ ਪ੍ਰਾਇਰਿਟੀ ਤੇ ਵੀ ਗੌਰਮਿੰਟ ਨੇ ਕੁਨੈਕਸ਼ਨਜ਼ ਦੇਣ ਦਾ ਫੈਸਲਾ ਕੀਤਾ ਹੈ। ਮੈਂ ਐਸ਼ੋਅਰ ਕਰਾਉਣਾ ਚਾਹੁੰਦਾ ਹਾਂ ਕਿ ਰੀਸੈਂਟਲੀ ਇਹ ਫੈਸਲਾ ਕੀਤਾ ਗਿਆ ਹੈ ਕਿ 16 ਕਿਲੋਮੀਟਰ ਇੰਟਰਨੈਸ਼ਨਲ ਬਾਰਡਰ ਦੇ ਨਜ਼ਦੀਕ ਦਾ ਜੋ ਘੇਰਾ ਹੈ, ਉਸ ਨੂੰ ਹੋਰ ਕੁਨੈਕਸ਼ਨ ਦੇਣੇ ਹਨ। 31 ਮਾਰਚ, 1983 ਤਕ 8,500 ਕੁਨੈਕਸ਼ਨਜ਼ ਜ਼ਰੂਰ ਦੇ ਦੇਵਾਂਗੇ। 5 ਕਿਲੋਮੀਟਰ ਦੀ ਪ੍ਰਾਇਰਿਟੀ ਦੇ ਮੁਤਾਬਿਕ, ਜੋ ਇੰਟਰਨੈਸ਼ਨਲ ਬਾਰਡਰ ਪ੍ਰਾਇਰਿਟੀ ਹੈ, ਉਸ ਦੇ ਮੁਤਾਬਿਕ ਜ਼ਰੂਰ ਦੇ ਦੇਵਾਂਗੇ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਔਰ ਕੀ ਮਨਿਸਟਰ ਸਾਹਿਬ ਇਸ ਗੱਲ ਦਾ ਵਿਸ਼ਵਾਸ ਦੁਆਉਣਗੇ ਕਿ ਫਿਰੋਜ਼ਪੁਰ ਜ਼ਿਲ੍ਹੇ ਨਾਲ ਜੋ ਬਾਰਡਰ ਦਾ ਜ਼ਿਲ੍ਹਾ ਹੈ ਔਰ 16 ਕਿਲੋਮੀਟਰ ਦੀ ਬੈਲਟ ਵਿੱਚ ਪੈ ਜਾਂਦਾ ਹੈ, ਉਸ ਨਾਲ ਜੋ ਪਹਿਲਾਂ ਵਿਤਕਰਾ ਹੋਇਆ ਹੈ, ਕੀ ਇਹ ਵਿਤਕਰਾ ਅਗਲੇ ਕੋਟੇ ਵਿੱਚ ਉਸ ਦਾ ਪੂਰਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਵਿਤਕਰਾ ਤਾਂ ਪੰਜਾਬ ਸਰਕਾਰ ਕਦੇ ਕਰਦੀ ਨਹੀਂ ਲੇਕਿਨ ਕੋਈ ਹੋਰ ਐਸੇ ਰੀਜ਼ਨਜ਼ ਹੋ ਸਕਦੇ ਹਨ ਜਿਨ੍ਹਾਂ ਦੇ ਕਾਰਨ ਕੁਨੈਕਸ਼ਨਜ਼ ਘੱਟ ਮਿਲੇ ਹੋਣ। ਟੈਸਟ ਰਿਪੋਰਟਾਂ ਵਿੱਚ ਜਾਂ ਕਿਸੇ ਹੋਰ ਗੱਲ ਦੀ ਕੋਈ ਕਮੀ ਹੋਵੇਗੀ। ਮੈਂ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ 31 ਮਾਰਚ, 1983 ਤਕ 5 ਕਿਲੋਮੀਟਰ ਤਕ ਦੀ ਪ੍ਰਾਇਰਿਟੀ ਦੇ ਮੁਤਾਬਿਕ, ਇੰਟਰਨੈਸ਼ਨਲ ਬਾਰਡਰ ਪ੍ਰਾਇਰਿਟੀ ਦੇ ਮੁਤਾਬਿਕ 8,500 ਕੁਨੈਕਸ਼ਨਜ਼ ਜ਼ਰੂਰ ਦੇ ਦੇਵਾਂਗੇ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਿਜਲੀ ਮਹਿਕਮੇ ਵਲੋਂ ਆਰਡਰਜ਼ ਥਲੇ ਤਕ ਨਹੀਂ ਪਹੁੰਚਦੇ ਉਨ੍ਹਾਂ ਦੇ ਮੁਤਾਬਿਕ ਕੱਲਰ ਦੇ ਕੇਸਿਜ਼ ਬੜੇ ਪੁਰਾਣੇ ਸਮੇਂ ਤੋਂ ਲੰਬਿਤ ਪਏ ਹਨ, ਕੀ ਉਨ੍ਹਾਂ ਨੂੰ ਕੁਨੈਕਸ਼ਨਜ਼ ਦਿੱਤੇ ਜਾਣਗੇ ? ਕੀ ਉਨ੍ਹਾਂ ਨੂੰ ਪ੍ਰਾਇਰਿਟੀ ਬੇਸਿਜ਼ ਤੇ ਰਿਲੀਜ਼ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਲਈ ਟਾਰਗੇਟਸ ਮੁਕੱਰਰ ਹਨ। ਸਾਲ 1980-81 ਵਿਚ 20 ਹਜ਼ਾਰ ਦਾ ਟਾਰਗੇਟ ਸੀ ਔਰ ਅਸੀਂ 20,980 ਕੁਨੈਕਸ਼ਨਜ਼ ਦਿੱਤੇ ਹਨ। 1981-82 ਵਿੱਚ 20 ਹਜ਼ਾਰ ਦੇ ਟਾਰਗੇਟ ਦੇ ਮੁਕਾਬਲੇ ਵਿੱਚ ਅਸੀਂ 24,146 ਕੁਨੈਕਸ਼ਨ ਦਿੱਤੇ ਹਨ। ਐਤਕੀ ਸਾਲ 20 ਹਜ਼ਾਰ ਦਾ ਟਾਰਗੇਟ ਹੈ ਔਰ ਅਸੀਂ 7,876 ਕੁਨੈਕਸ਼ਨਜ਼ ਦੇ ਚੁੱਕੇ ਹਾਂ। ਕੱਲਰ ਨੂੰ ਵੀ ਜਿਥੋਂ ਤਕ ਕੁਨੈਕਸ਼ਨ ਦੇਣ ਦਾ ਸਵਾਲ ਹੈ, ਉਹ ਜਿਪਸਮ ਲੈਂਦੇ ਹਨ, ਗੌਰਮਿੰਟ ਨੇ ਉਨ੍ਹਾਂ ਨੂੰ ਸਬਸਿਡੀ ਦੇਣੀ ਹੁੰਦੀ ਹੈ। ਉਨ੍ਹਾਂ ਨੂੰ ਅਸੀਂ ਸਮਝਦੇ ਹਾਂ ਕਿ ਕੁਨੈਕਸ਼ਨ ਜ਼ਰੂਰ ਦੇਵਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਇਸੇ ਗੌਰਮਿੰਟ ਨੇ ਫੈਸਲਾ ਕੀਤਾ ਸੀ ਕਿ ਜਿਹੜਾ ਮੰਡ ਏਰੀਆ ਹੈ ਉਸ ਨੂੰ ਪਹਿਲ ਦਿੱਤੀ ਜਾਵੇਗੀ। ਜਿਹੜਾ 3,4 ਕਿਲੋਮੀਟਰ ਤਕ ਪਿੰਡ ਮੰਡ ਦੇ

Original with;
Punjab Vidhan Sabha
Digitized by;
Panjab Digital Library

ਇਲਾਕੇ ਵਿਚ ਹਨ, ਜਿਹੜੀ ਕੱਲਰ ਜ਼ਮੀਨ ਹੈ ਉਥੇ ਜੇ ਬੋਰ ਕਰਨਾ ਹੋਵੇ ਤਾਂ ਪਹਿਲ ਦਿੱਤੀ ਜਾਵੇਗੀ। ਇਸੇ ਤਰ੍ਹਾਂ ਕੁਝ ਹੋਰ ਇਲਾਕਿਆਂ ਲਈ ਵੀ ਇਨ੍ਹਾਂ ਨੇ ਫੈਸਲੇ ਲਏ ਸੀ ਜਿਹੜੇ ਵਾਪਸ ਲੈ ਲਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਦੁਬਾਰਾ ਪਹਿਲ ਦਿੱਤੀ ਜਾਵੇਗੀ ?

ਦੂਸਰਾ, ਵਜ਼ੀਰ ਸਾਹਿਬ ਇਹ ਦੱਸਣ ਕਿ ਜਲੰਧਰ ਵਿੱਚ ਕਿੰਨੇ ਕੁਨੈਕਸ਼ਨਜ਼ ਪਿਛਲੇ ਸਮੇਂ ਵਿਚ ਦਿਤੇ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਬਾਰਡਰ ਏਰੀਆਜ਼ ਨਾਲ ਤਲੱਕ ਰਖਦਾ ਹੈ ਔਰ ਉਸ ਦੇ ਲਈ ਮੈਂ ਡੀਟੇਲ ਨਾਲ ਜਵਾਬ ਦੇ ਦਿੱਤਾ ਹੈ। ਜਿਹੜੀ ਪ੍ਰਾਇਰਿਟੀ ਕੁਨੈਕਸ਼ਨਜ਼ ਦੇਣ ਦੀ ਗਲ ਹੈ ਉਹ ਵੀ ਮੈਂ ਦੱਸ ਚੁੱਕਾ ਹਾਂ।

## BRIDGE ON KOTLA NULLAH IN DHAR BLOCK

***1648. Shri Ram Swaroup Baghi** : Will the Minister for Agriculture be pleased to state the time by which the construction on the bridge on Kotla Nullah between Dunera (Dhar Block) and Lahron which has already been sanctioned, is likely to be taken in hand, completed ?

**Sardar Beant Singh (Public Works Minister)**: Owing to tight financial position it is not possible to indicate the time by which the bridge in-question would be constructed. However, efforts shall be made to construct the bridge during the 6th Five Year Plan depending upon the availability of funds.

**ਸ਼੍ਰੀ ਰਾਮ ਸਵਰੂਪ ਬਾਗੀ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਨਫਰਮੇਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਕੋਟਲਾ ਨੂੰਹ ਹੈ ਉਸ ਦੇ ਲਈ ਪੈਸੇ ਸੈਂਕਸ਼ਨਡ ਹੋ ਗਏ ਹਨ ਅਤੇ ਸਿਰਫ ਡਿਜ਼ਾਈਨ ਡਿਲੇਅ ਹੋ ਰਿਹਾ ਹੈ। ਇਹ ਜਿਹੜਾ ਕੋਟਲਾ ਨੱਲਾਹ ਹੈ ਇਹ ਇਕ ਜਜ਼ੀਰਾ ਬਣਿਆ ਹੋਇਆ ਹੈ। ਚਾਰੇ ਪਾਸਿਉਂ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨਾਲ ਘਿਰਿਆ ਹੋਇਆ ਹੈ। ਮੈਂ ਅਰਜ਼ ਕਰਦਾ ਹਾਂ ਕਿ 8 ਬੰਦੇ ਤਾਂ ਪਹਿਲਾਂ ਰੁੜ੍ਹ ਚੁਕੇ ਹਨ ਔਰ 80 ਹੋਰ ਰੁੜ੍ਹ ਜਾਣਗੇ। ਕੀ ਉਸ ਦਾ ਇਹ ਡਿਜ਼ਾਈਨ ਫਟਾ ਫਟ ਮੰਗਾ ਦੇਣਗੇ ?

**ਲੋਕ ਨਿਰਮਾਣ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਕਹਿ ਦਿੱਤਾ ਹੈ ਕਿ ਛੇਵੀਂ ਪੰਜ ਸਾਲਾ ਯੋਜਨਾ ਜਿਹੜੀ 1985 ਤਕ ਹੈ, ਇਸ ਨੂੰ ਬਣਾਉਣਾ ਹੈ ਔਰ ਇਸ ਤੇ 4 ਲੱਖ ਰੁਪਿਆ ਲਾਗਤ ਆਉਣੀ ਹੈ। 32 ਹਜ਼ਾਰ ਰੁਪਏ ਅਸੀਂ ਅਗੇ ਖਰਚ ਕੀਤੇ ਹਨ।

## SUPPLEMENTARY TO STARRED QUESTION NO. 1620

*(Resumption)*

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜੀ ਮਿਹਨਤ ਕਰਕੇ, ਕੋਸ਼ਿਸ਼ ਕਰਕੇ ਪਿੰਡਾਂ ਵਿਚ ਜਿਥੇ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਸਨ ਉਥੇ ਪੈਸੇ ਭਿਜਵਾਏ, ਪਰ ਉਹ ਪੈਸੇ ਅਜੇ ਤਕੇ ਇਸਤੇਮਾਲ ਨਹੀਂ ਹੋਏ, ਕਿਉਂਕਿ ਉਥੇ ਸਕੂਲਾਂ ਦੀ ਜ਼ਮੀਨ ਨਹੀਂ ਹੈ। ਇਸੇ ਤਰ੍ਹਾਂ ਜਿਥੇ ਵੱਡੇ ਸਕੂਲ ਹਨ ਉਨ੍ਹਾਂ ਵਾਸਤੇ ਜ਼ਿਆਦਾ ਬਿਲਡਿੰਗਾਂ ਅਤੇ ਪਲੇਅ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਗਰਾਉਂਡਜ਼ ਬਣਾਉਣ ਦੀ ਲੋੜ ਹੈ। ਇਸ ਵੇਲੇ ਪੰਜਾਬ ਸਰਕਾਰ ਰੀਹੈਬਲੀਟੇਸ਼ਨ ਦੀ ਜ਼ਮੀਨ ਆਕਸ਼ਨ ਕਰ ਰਹੀ ਹੈ। ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ਕਿ ਉਹ ਜ਼ਮੀਨਾਂ ਪਹਿਲਾਂ ਸਕੂਲਾਂ ਨੂੰ ਦਿਤੀਆਂ ਜਾਣ ਔਰ ਸਸਤੇ ਭਾਅ ਤੇ ਦਿਤੀਆਂ ਜਾਣ ?

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਤੁਹਾਡੀ ਮਿਹਰਬਾਨੀ ਹੈ ਤੁਸੀਂ ਇਹ ਸੁਆਲ ਅਲਾਓ ਕਰਾ ਦਿਤਾ। ਤੁਸੀਂ ਇਹ ਗਲ ਦਸੋ ਉਸ ਸੁਆਲ ਦੇ ਬਾਅਦ ਦੋ ਸੁਆਲ ਹੋਰ ਹੋ ਚੁਕੇ ਹਨ। ਇਹ ਪ੍ਰੈਸੀਡੈਂਟ ਤੁਹਾਨੂੰ ਮਹਿੰਗਾ ਪੈਣਾ ਹੈ, ਮੈਂ ਤਾਂ ਜਵਾਬ ਦੇ ਦੇਣਾ ਹੈ ਪਰ ਇਹ ਪ੍ਰਥਾ ਦੇ ਮੁਤਾਬਕ ਨਹੀਂ।

**ਸ੍ਰੀ ਸਪੀਕਰ** : ਇਹ ਮੈਂ ਜੱਜ ਕਰਨਾ ਹੈ।

**ਮੰਤਰੀ** : ਠੀਕ ਹੈ ਜੀ ਹੁਕਮੇ ਹਾਕਮ, ਮਰਦੇ ਮਜਾਹਦ। ਸਪੀਕਰ ਸਾਹਿਬ, ਜਿਥੋਂ ਤਕ ਸੁਆਲ ਦਾ ਪਹਿਲਾ ਪੋਰਸ਼ਨ ਹੈ ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਇਮਰੀ ਸਕੂਲਾਂ ਕੋਲ ਜ਼ਮੀਨ ਨਹੀਂ ਹੈ ਔਰ ਪੈਸੇ ਖਰਚ ਨਹੀਂ ਹੋਏ ਉਥੇ ਕੀ ਕੀਤਾ ਜਾਏਗਾ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਬਾਰਸੂਖ ਆਦਮੀ ਹਨ, ਬੜੇ ਸੋਸ਼ਲ ਆਦਮੀ ਹਨ ਇਨ੍ਹਾਂ ਵਾਸਤੇ ਕੋਈ ਮੁਸ਼ਕਲ ਗਲ ਨਹੀਂ ਹੈ ਕਿ ਜ਼ਮੀਨਾਂ ਨਾ ਲੈ ਕੇ ਦੇ ਸਕਣ। ਰਿਹਾ ਸੁਆਲ ਕਸਟੋਡੀਅੱਨ ਦੀ ਜ਼ਮੀਨ ਦਾ, ਮੈਂ ਤਾਂ ਇਹ ਕਹਾਂਗਾ ਕਿ ਐਜੂਕੇਸ਼ਨ ਡਿਪਾਰਟਮੈਂਟ ਯੂਟੇਲਿਟੀ ਡਿਪਾਰਟਮੈਂਟ ਹੈ, ਅਗਰ ਸਾਨੂੰ ਪੰਜਾਬ ਸਰਕਾਰ ਬੁਕ ਟਰਾਂਸਫਰ ਨਾਲ ਜ਼ਮੀਨ ਦੇ ਦੇਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਅਸੀਂ ਤਾਂ ਚਾਹੁੰਦੇ ਹਾਂ।

**Mr. Speaker** : Question Hour is over now.

---

## UNSTARRED QUESTIONS AND ANSWERS

### GLUCOSE PLANTS IN HOSPITALS

**238. Sardar Atma Singh** : Will the Minister for Health be pleased to state —

(a) the total amouut earmarked for installing the Glucose Plants in the Hospitals at Patiala, Amritsar, Jalandhar and other Hospitals in the State during the current financial year together with the amount actually spent so far;

(b) the time by which the Plants in part (a) above are expected to be commissioned together with the capacity of each Plant ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਗੁਲੂਕੋਜ਼ ਪਲਾਂਟਾਂ ਦੀ ਸਥਾਪਨਾ ਜਾਲੰਧਰ ਅਤੇ ਲੁਧਿਆਣਾ ਦੇ ਸਿਵਲ ਹਸਪਤਾਲਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਚ ਕੀਤੀ ਜਾ ਰਹੀ ਹੈ। ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਮੌਜੂਦਾ ਪਲਾਂਟ ਦੀ ਗੁਲੂਕੋਜ਼ ਬਣਾਉਣ ਦੀ ਸਮੱਰਥਾ ਵਧਾਈ ਜਾ ਰਹੀ ਹੈ। ਉਪ੍ਰੋਕਤ ਗੁਲੂਕੋਜ਼ ਪਲਾਂਟਾਂ ਨੂੰ ਲਾਉਣ ਲਈ ਚਾਲੂ ਵਿੱਤੀ ਸਾਲ ਵਿੱਚ ਰੱਖੀ ਰਾਸ਼ੀ ਅਤੇ ਖਰਚੇ ਦਾ ਵੇਰਵਾ ਨਾਲ ਨੱਥੀ ਵਿਵਰਣ-ਪੱਤਰ ਵਿੱਚ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

(ਅ) ਇਨ੍ਹਾਂ ਗਲੂਕੋਜ਼ ਪਲਾਂਟਾਂ ਨੂੰ ਚਾਲੂ ਕਰਨ ਸਬੰਧੀ ਸੰਭਾਵਿਕ ਮਿਤੀਆਂ ਅਤੇ ਗੁਲੂਕੋਜ਼ ਤਿਆਰ ਕਰਨ ਦੀ ਸਮੱਰਥਾ ਸਬੰਧੀ ਸੂਚਨਾ ਹੇਠਾਂ ਦਿੱਤੀ ਜਾਂਦੀ ਹੈ :—

| | |
|---|---|
| ਗੁਲੂਕੋਜ਼ ਪਲਾਂਟ, ਜਾਲੰਧਰ .. | 30-6-1983 ਇਸ ਪਲਾਂਟ ਦੀ ਸਮਰੱਥਾ ਰੋਜ਼ਾਨਾ 500 ਬੋਤਲਾਂ ਗੁਲੂਕੋਜ਼ ਤਿਆਰ ਕਰਨ ਦੀ ਹੋਵੇਗੀ। |
| ਗੁਲੂਕੋਜ਼ ਪਲਾਂਟ, ਲੁਧਿਆਣਾ .. | ਇਸ ਪਲਾਂਟ ਨੂੰ ਚਾਲੂ ਕਰਨ ਸਬੰਧੀ ਠੀਕ ਮਿਤੀ ਨਹੀਂ ਦਰਸਾਈ ਜਾ ਸਕਦੀ ਕਿਉਂਕਿ ਇਸ ਪਲਾਂਟ ਦੀ ਸਥਾਪਨਾ ਲਈ ਇਮਾਰਤ ਦੀ ਉਸਾਰੀ ਦਾ ਪ੍ਰਬੰਧ ਕੀਤਾ ਜਾਣਾ ਹੈ।<br>ਇਸ ਪਲਾਂਟ ਦੀ ਸਮਰੱਥਾ ਰੋਜ਼ਾਨਾ 500 ਬੋਤਲਾਂ ਗੁਲੂਕੋਜ਼ ਤਿਆਰ ਕਰਨ ਦੀ ਹੋਵੇਗੀ। |
| ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ। .. | 31-3-1983 ਇਸ ਪਲਾਂਟ ਦੀ ਰੋਜ਼ਾਨਾ 500 ਬੋਤਲਾਂ ਗੁਲੂਕੋਜ਼ ਤਿਆਰ ਕਰਨ ਦੀ ਸਮਰੱਥਾ ਹੋਵੇਗੀ। |
| ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ, ਫਰੀਦਕੋਟ। ... | ਇਸ ਪਲਾਂਟ ਨੂੰ ਚਾਲੂ ਕਰਨ ਦੀ ਠੀਕ ਮਿਤੀ ਨਹੀਂ ਦਰਸਾਈ ਜਾ ਸਕਦੀ ਕਿਉਂਕਿ ਇਸ ਪਲਾਂਟ ਦੀ ਸਥਾਪਨਾ ਲਈ ਇਮਾਰਤ ਦੀ ਉਸਾਰੀ ਸ਼ੁਰੂ ਨਹੀਂ ਕੀਤੀ ਗਈ।<br>ਇਸ ਪਲਾਂਟ ਦੀ ਗੁਲੂਕੋਜ਼ ਬਣਾਉਣ ਦੀ ਸਮਰੱਥਾ ਰੋਜ਼ਾਨਾ 500 ਬੋਤਲਾਂ ਤਿਆਰ ਕਰਨ ਦੀ ਹੋਵੇਗੀ। |
| ਰਾਜਿੰਦਰਾ ਹਸਪਤਾਲ, ਪਟਿਆਲਾ .. | ਇਸ ਹਸਪਤਾਲ ਦੇ ਮੌਜੂਦਾ ਪਲਾਂਟ ਦੀ ਗੁਲੂਕੋਜ਼ ਬਣਾਉਣ ਦੀ ਸਮਰੱਥਾ 300 ਬੋਤਲਾਂ ਪ੍ਰਤੀ ਦਿਨ ਤੋਂ ਵਧਾ ਕੇ 600 ਬੋਤਲਾਂ ਪ੍ਰਤੀ ਦਿਨ ਕਰਨ ਦੀ ਹੈ।<br>ਇਸ ਕਾਰਜ ਦੇ ਪੂਰਾ ਹੋਣ ਦੀ ਪੱਕੀ ਮਿਤੀ ਨਹੀਂ ਦਰਸਾਈ ਜਾ ਸਕਦੀ ਕਿਉਂਕਿ ਮੌਜੂਦਾ ਗੁਲੂਕੋਜ਼ ਪਲਾਂਟ ਦੀ ਇਮਾਰਤ ਵਿਚ ਵਡੀਆਂ ਤਬਦੀਲੀਆਂ ਕੀਤੀਆਂ ਜਾਣੀਆਂ ਹਨ। ਉਸਾਰੀ ਦਾ ਕੰਮ ਸੀਮਿੰਟ ਆਦਿ ਦੀ ਘਾਟ ਕਾਰਨ ਰੁਕਿਆ ਹੋਇਆ ਹੈ। |

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਵਿਵਰਣ-ਪੱਤਰ

| ਲੜੀ ਨੰ. | ਗੁਲੂਕੋਜ਼ ਪਲਾਂਟ ਦਾ ਨਾਂ | ਗੁਲੂਕੋਜ ਪਲਾਂਟ ਲਾਉਣ ਸਬੰਧੀ ਸਾਲ 1982-83 ਲਈ ਰੱਖੀ ਰਾਸ਼ੀ | ਚਾਲੂ ਸਾਲ ਵਿੱਚ ਹੁਣ ਤੱਕ ਖਰਚਾ |
|---|---|---|---|
| | | ਰੁ. | ਰੁ. |
| 1. | ਜਾਲੰਧਰ ਅਤੇ ਲੁਧਿਆਣਾ ਦੇ ਸਿਵਲ ਹਸਪਤਾਲਾਂ ਵਿਚ ਗੁਲੂਕੋਜ਼ ਪਲਾਂਟਾਂ ਦੀ ਸਥਾਪਨਾ | 4,82,000-00 | 1,077,92-00 |
| 2. | ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ। | 5,37,413-00 | — |
| 3. | ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ, ਫਰੀਦਕੋਟ। | 1,24,200-00 | — |
| 4. | ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਗੁਲੂਕੋਜ਼ ਪਲਾਂਟ ਨੂੰ ਵਧਾਉਣਾ। | 1,95,409-00 | — |

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਐਲ) ਅਤੇ ਹੁਣ ਸ਼੍ਰੋਮਣੀ ਅਕਾਲੀ ਦਲ (ਟੀ) ਇਸ ਹਾਊਸ ਦੀ ਕਾਰਵਾਈ ਵਿਚੋਂ ਚਲਾ ਗਿਆ ਹੈ। ਉਨ੍ਹਾਂ ਦੇ ਜਾਣ ਦੇ ਕਈ ਪੁਲਟੀਕਲ ਰੀਜ਼ਨਜ਼ ਹਨ ਲੇਕਿਨ ਜੇ ਇਹ ਸੋਚਿਆ ਜਾਏ ਕਿ ਕਿਸੇ ਆਪਣੇ ਪੁਲੀਟਿਕਲ ਰੀਜ਼ਨਜ਼ ਕਰਕੇ ਇਥੋਂ ਗਏ ਹਨ ਤਾਂ ਅਸੀਂ ਇਕ ਗਲਤ ਅੰਦਾਜ਼ਾ ਕਰ ਰਹੇ ਹੋਵਾਂਗੇ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਐਸੀ ਸਿਚੂਏਸ਼ਨ ਪੈਦਾ ਹੋਣ ਦੇ ਵਿਚ ਗੌਰਮਿੰਟ ਖੁਦ ਜ਼ਿਮੇਵਾਰ ਹੈ। ਤੁਸੀਂ ਮੇਰੇ ਨਾਲ ਬੀਅਰ ਕਰੋਗੇ ਅਸੀਂ ਲੱਕ 6 ਮਹੀਨਿਆਂ ਬਾਅਦ ਆਏ ਹਾਂ ਔਰ ਉਹ 6 ਮਹੀਨੇ ਬੜੇ ਇਵੈਂਟਫੁਲ ਰਹੇ ਇਸ ਦੌਰਾਨ ਮਿੰਟ ਆਫ਼ਟਰ ਮਿੰਟ ਐਸੇ ਵਾਕਿਆਤ ਹੋਏ ਹਨ। ਸਪੀਕਰ ਸਾਹਿਬ, ਗੌਰਮਿੰਟ ਆਪਣੇ ਵਲੋਂ ਇਹ ਜ਼ਰੂਰ ਯਕੀਨ ਬਣਾਏਗੀ ਕਿ ਉਨ੍ਹਾਂ ਵਲੋਂ ਕੋਈ ਐਸਾ ਇੰਪਰੈਸ਼ਨ ਨਾ ਜਾਏ ਕਿ ਇਹ ਬਹਿਸ ਨੂੰ ਸਕੱਟਲ ਕਰਨਾ ਚਾਹੁੰਦੇ ਹਨ ਜਾਂ ਆਪੋਜ਼ੀਸ਼ਨ ਨੂੰ ਇਗਨੋਰ ਕਰਨਾ ਚਾਹੁੰਦੇ ਹਨ। ਮੈਂ ਤੁਹਾਡੀ ਵਾਕਫ਼ੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ ਅਸੀਂ 80 ਕੁਐਸਚਨਜ਼ ਦਿਤੇ ਜਿਨ੍ਹਾਂ ਵਿਚੋਂ 19 ਐਡਮਿਟ ਹੋਏ ਔਰ 3 ਪੁਟ ਹੋਏ; 5 ਕਾਲ ਅਟੈਨਸ਼ਨ ਮੋਸ਼ਨਜ਼ ਦਿਤੀਆਂ ਜਿਨ੍ਹਾਂ ਵਿਚੋਂ ਇਕ ਐਡਮਿਟ ਹੋਈ ਅਤੇ ਸਾਰੀਆਂ ਐਡਜਰਨਮੈਂਟ ਮੋਸ਼ਨਾਂ ਰਿਜੈਕਟ ਹੋ ਗਈਆਂ। ਬੱਜਟ ਸੈਸ਼ਨ ਵਿਚ ਤਾਂ ਤੁਸੀਂ ਕਹਿ ਦਿੰਦੇ ਹੋ ਕਿ ਤੁਹਾਡੇ ਕੋਲ ਪੁਆਇੰਟ ਰੇਜ਼ ਕਰਨ ਲਈ ਐਂਪਲ ਅਪਰਚੁਨਿਟੀਜ਼ ਹਨ। ਤੁਸੀਂ ਸੁਪੀਰੀਅਰ ਹੋ, ਸਾਡਾ ਇਕ ਇਕ ਵਰਡ ਵੀ ਕਟਵਾ ਸਕਦੇ ਹੋ। ਮੈਂ ਅਰਜ਼ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਇਕ ਮੋਸ਼ਨ ਅੰਡਰ ਰੂਲ-77 ਦਿਤੀ, ਉਹ ਵੀ ਰਿਜੈਕਟ ਹੋ ਗਈ । ਅਸੀਂ ਕੋਈ ਗਲ ਕਰੀਏ ਤਾਂ ਤੁਸੀਂ ਪ੍ਰੋਸੀਜਰ ਕਹਿ ਦਿੰਦੇ ਹੋ । ਪ੍ਰੋਸੀਜਰ ਨੂੰ ਵੀ ਫਾਲੋ ਕੀਤਾ ਜਾ ਸਕਦਾ ਹੈ । ਅਸੀਂ ਬੀ. ਏ. ਸੀ. ਵਿਚ ਮੀਟ ਕੀਤਾ, ਬੀ. ਏ. ਸੀ. ਦੀ ਜੋ ਪ੍ਰੋਸੀਡਿੰਗ ਹੋਈ ਮੈਂ ਡਾਈਵਲਜ ਨਹੀਂ ਕਰਨਾ ਚਾਹੁੰਦਾ ਕਿ ਕਿਸ ਤਰ੍ਹਾਂ ਹੋਈ, ਅੱਜ ਵੀ ਹੋਵੇਗੀ, ਮੇਰੇ ਦੋਸਤ ਸਿਚੂਏਸ਼ਨ ਦਾ ਤੌਖਲਾ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਅਸੀਂ ਲੋਕਾਂ ਨੂੰ ਚੱਸਣਾ ਹੈ ਕਿ ਲਾਅ ਐਂਡ ਆਰਡਰ ਦੀ ਕੀ ਹਾਲਤ ਹੈ ? ਮੈਂ ਕਹਿੰਦਾ ਹਾਂ ਕਿ ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਮੰਦੀ ਹੋ ਗਈ ਹੈ। ਪੰਜਾਬ ਦੇ ਲੋਕਾਂ ਦੀਆਂ ਬਹੁਤ ਸਮਸਿਆਵਾਂ ਹਨ। ਬਾਹਰ ਜਾ ਕੇ ਵੇਖੋ ਜਿਸ ਦਿਨ ਦਾ ਸਾਡਾ ਇਜਲਾਸ ਲਗਾ ਹੈ ਉਸ ਦਿਨ ਤੋਂ ਲੋਕ, ਨੌਜਵਾਨ, ਟੀਚਰਜ਼ ਅਤੇ ਔਰਤਾਂ ਡਿਮਾਨਸਟਰੇਸ਼ਨਜ਼ ਕਰ ਰਹੇ ਹਨ । ਇਸ ਵੇਲੇ ਵੀ ਮੇਰੇ ਕੋਲ 3 ਇਨਵੀਟੇਸਨਜ਼ ਪਏ ਹਨ ਉਨ੍ਹਾਂ ਲੋਕਾਂ ਦੇ ਜਿਹੜੇ ਬਾਹਰ ਡਿਮਾਨਸਟ੍ਰੇਸ਼ਨਜ਼ ਕਰ ਰਹੇ ਹਨ ।

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਇਹ ਗਲਤ ਗਲ ਕਰ ਰਹੇ ਹਨ, ਇਹ ਸਿਚੂਏਸ਼ਨ ਉਨ੍ਹਾਂ ਨੇ ਪੈਦਾ ਕੀਤੀ ਹੈ । ਚੀਫ਼ ਮਨਿਸਟਰ ਸਾਹਿਬ ਨੇ ਕੱਲ ਕਿਹਾ ਸੀ . . . . (ਵਿਘਨ) ।

**Comrade Raj Kumar** : Please have patience and listen to me. Please bear with us. You have created a situation. We have not walked out. We have not boycotted. We considered boy cott as raw. We consider those who have gone as very incorrect ਪਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੋਕਾਂ ਦੇ ਇਸ਼ੂਜ਼ ਵਾਸਤੇ ਅਸੀਂ ਇਕੱਠੇ ਹੋਏ ਹਾਂ ਨਾ ਕਿ ਗਾਸਪਿੰਗ ਐਕਸਚੇਂਜ਼ ਵਾਸਤੇ। ਅਸੀਂ ਇਥੇ ਕਿਸੇ ਮਕਸਦ ਵਾਸਤੇ ਆਏ ਹਾਂ । ਖ਼ਰਚ ਵੀ ਕਰ ਰਹੇ ਹਾਂ ਅਤੇ ਟਾਈਮ ਵੀ ਜ਼ਾਇਆ ਕਰ ਰਹੇ ਹਾਂ । ਮੇਰੀ ਇਸ ਗਲ ਦੇ ਉਤੇ ਵਿਚਾਰ ਕਰੋ ਕਿ ਇਸ ਹਾਊਸ ਵਿਚ ਪੰਜਾਬ ਦੀ ਪੁਲੀਟੀਕਲ ਅਤੇ ਇਕਨਾਮਿਕ ਸਿਚੂਏਸ਼ਨ ਡਿਸਕਸ ਹੋ ਜਾਏ। ਬਹੁਤ ਸਾਰੀਆਂ ਰਿਪੋਰਟਸ ਕਲ੍ਹ ਹਾਊਸ ਦੀ ਟੇਬਲ ਤੇ ਲੇਅ ਹੋਈਆਂ ਹਨ ਔਰ ਪਹਿਲਾਂ ਵੀ ਹੋਈਆਂ ਹਨ । ਦੋ ਇੰਪਾਰਟੈਂਟ ਰਿਪੋਰਟਸ ਹਨ, ਉਨ੍ਹਾਂ ਨੂੰ ਡਿਸਕਸ ਕਰੋ ਅਤੇ ਇਸ ਦੇ ਨਾਲ ਹੀ ਅਪੁਰਚੂਨਿਟੀ ਦਿਓ ਕਿ ਜਿਹੜੇ ਹੋਰ ਜ਼ਰੂਰੀ ਮਸਲੇ ਹਨ, ਜਿਵੇਂ ਕਿ ਪੱਕੇ ਖਾਲੇ ਬਣਾਉਣਾ, ਛੋਨੇ ਦੇ ਭਾਅ ਮੁਕੱਰਰ ਕਰਨਾ, ਕਣਕ ਦੇ ਭਾਅ ਮੁਕੱਰਰ ਕਰਨਾ, ਗੰਨੇ ਦਾ ਭਾਅ ਨਵੇਂ ਸਿਰਿਓਂ ਮੁਕੱਰਰ ਕਰਨਾ, ਲੇਬਰ ਦਾ ਇਸ਼ੂ ਹੈ, ਇਨ੍ਹਾਂ ਤੇ ਵੀ ਡਿਸਕਸ਼ਨ ਹੋਵੇ । ਇਨ੍ਹਾਂ ਮਾਮਲਿਆਂ ਤੇ ਮੋਸ਼ਨਜ਼ ਦਿਤੀਆਂ ਜੋ ਕਿ ਸਾਰੀਆਂ ਰਿਜੈਕਟ ਹੋ ਗਈਆਂ । ਐਸੀ ਸਿਚੂਏਸ਼ਨ ਵਿਚ ਅਸੀਂ ਇਲੈਕਟੋਰੇਟਸ ਨੂੰ ਕੀ ਜਾ ਕੇ ਦਸੀਏ ਤੁਹਾਡੇ ਪ੍ਰੋਸੀਜਰ ਨੇ ਸਾਡੀ ਜ਼ਬਾਨ ਬੰਦ ਕੀਤੀ ਹੋਈ ਹੈ । ਤੁਸੀਂ ਇਸ ਬਾਰੇ ਦਸੋ ।

**ਸ੍ਰੀ ਸਪੀਕਰ** : ਰਾਜ ਕੁਮਾਰ ਜੀ, ਤੁਸੀਂ ਬੈਠ ਜਾਓ ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਕਾਹਦੇ ਲਈ ਹੈ ।

**ਸ੍ਰੀ ਸਪੀਕਰ** : ਤੁਸੀਂ ਬੈਠ ਜਾਓ । ਮੈਂ ਜਵਾਬ ਦੇਣ ਲੱਗਾ ਹਾਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਤੁਸੀਂ ਆਪਣੇ ਆਪ ਨੂੰ ਕੰਟਰੋਵਰਸੀ ਵਿਚ ਇਨਵਾਲਵ ਨਾ ਕਰੋ। ਤੁਹਾਡੀ ਪੁਜ਼ੀਸ਼ਨ ਬੜੀ ਉੱਚੀ ਹੈ। ਗੌਰਮਿੰਟ ਨੂੰ ਕਹੋ ਕਿ ਇਸ ਦਾ ਜਵਾਬ ਦੇਵੇ।

**ਸ਼੍ਰੀ ਸਪੀਕਰ:** ਰਾਜ ਕੁਮਾਰ ਜੀ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਜਿਹੜੀਆਂ ਤੁਸੀਂ ਗੱਲਾਂ ਕਹੀਆਂ ਹਨ, ਉਥੇ ਕਹਿ ਲੈਣਾ। ਗੌਰਮਿੰਟ ਉਥੇ ਹੋਵੇਗੀ ਸਾਰੀ ਗੱਲ ਹੋ ਜਾਵੇਗੀ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਮੈਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀਆਂ ਪ੍ਰੋਸੀਡਿੰਗਜ਼ ਇਥੇ ਡਾਈਵਲਜ ਨਹੀਂ ਕਰਦਾ। ਤੁਸੀਂ ਸਭ ਕੁਝ ਆਪ ਵੇਖਿਆ ਹੈ। ਮੈਂ ਜੋ ਅਰਜ਼ ਇਥੇ ਕੀਤੀ ਹੈ ਇਸ ਦਾ ਮੈਨੂੰ ਕੋਈ ਜਸਟਿਸ ਦਿਓ। ਗੌਰਮਿੰਟ ਇਥੇ ਬੈਠੀ ਹੈ। ਇਹ ਜਵਾਬ ਦੇਵੇ। ਪਬਲਿਕ ਬਾਹਰ ਸਾਡੇ ਤੋਂ ਇਸ ਕਿਸਮ ਦੀ ਤਵੱਕੋ ਰੱਖਦੀ ਹੈ ਕਿ ਅਸੀਂ ਉਨ੍ਹਾਂ ਦੇ ਮਾਮਲੇ ਇਥੇ ਰੇਜ਼ ਕਰਾਂਗੇ ਅਤੇ ਗੌਰਮਿੰਟ ਦੀ ਅਟੈਨਸ਼ਨ ਉਨ੍ਹਾਂ ਵੱਲ ਦਿਵਾਵਾਂਗੇ। ਇਨ੍ਹਾਂ ਨੂੰ ਕਹੋ ਕਿ ਇਸ ਬਾਰੇ ਸਟੇਟਮੈਂਟ ਦੇਣ।

**Mr. Speaker**. We will take note of it. I hope you are satisfied.

**Comrade Raj Kumar** ** ** **

**ਵਿੱਤ ਮੰਤਰੀ:** ** ** **

**Comrade Raj Kumar** : We are going to meet only today and tomorrow. This is what he has confirmed.

**Mr. Speaker** : Comrade Raj Kumar ji, we are meeting in the Business Advisory Committee today.

## WALK OUTS

**Comrade Raj Kumar** : Sir, I want that the Government should agree here that we shall discuss the politico-economic situation in this House and I want an assurance from them. If they do not give the assurance, then, Sir, we are walking out as a protest.

(At this stage all the Members of the C.P.I. group present in the House, led by Comrade Raj Kumar, walked out of the House).

**ਵਿਕਾਸ ਮੰਤਰੀ:** ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਤੋਂ ਬਾਦ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਕੀ ਤੁਸੀਂ ਉਸਨੂੰ ਅਲਾਓ ਕੀਤਾ ਹੈ ਜਾਂ ਡਿਸਅਲਾਓ ਕੀਤਾ ਹੈ?

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਇਹ ਐਕਸਪੰਜ ਕੀਤਾ ਜਾਂਦਾ ਹੈ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਕ ਗੱਲ ਦਾ ਬੜਾ ਖੇਦ ਹੈ ਕਿ ਕਾਮਰੇਡ ਰਾਜ ਕੁਮਾਰ ਜੀ ਨੂੰ ਤੁਸੀਂ 15 ਮਿੰਟ ਅਲਾਓ ਕਰ ਦਿੱਤੇ ਹਨ ਪਰ ਜਦੋਂ ਮੈਂ ਕਲੈਰੀਫਿਕੇਸ਼ਨ ਲੈਣ ਲਈ ਉਠਿਆ ਤਾਂ ਤੁਸੀਂ ਮੈਨੂੰ ਅਲਾਓ ਨਹੀਂ ਕੀਤਾ । ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਹਰ ਰੋਜ਼ ਹਜ਼ਾਰਾਂ ਟੀਚਰਜ਼ ਬਾਹਰ ਡੀਮਾਂਸਟਰੇਟ ਕਰਦੇ ਹਨ । ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਕੈਟੇਗਰੀ ਦੇ ਟੀਚਰਜ਼ ਡੀਮਾਂਸਟਰੇਟ ਕਰਦੇ ਹਨ । ਜੋ ਇਨ੍ਹਾਂ ਨੇ ਗੱਲ ਕਹੀ ਹੈ ਇਹ ਟੋਟਲੀ ਰਾਂਗ ਅਤੇ ਬੇਸਲੈੱਸ ਹੈ ।

ਮਾਸਟਰ ਚੰਦ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਮਾਸਟਰ ਚੰਦ ਸਿੰਘ ** ** **

(ਇਸ ਵੇਲੇ ਸੀ. ਪੀ. ਆਈ. (ਐਮ.) ਦੇ ਸਦਨ ਵਿੱਚ ਸਾਰੇ ਹਾਜ਼ਰ ਆਨਰੇਬਲ ਮੈਂਬਰ ਸਾਹਿਬਾਨ ਸਦਨ ਵਿੱਚੋਂ ਵਾਕ-ਆਊਟ ਕਰ ਗਏ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**Shri Gopal Krishan Chatrath** : Sir, I would like to say that when the opposition leaders are allowed to raise a point of order, is it not the right of the Members of the Congress party also to raise a point of order ? I would request that we should also be allowed to raise the points of order.

**Mr. Speaker**: Sardar Birdevinder Singh to please read his Call Attention Notice.

**Sardar Birdevinder Singh** : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Sardar Birdevinder Singh**: ** ** **

**Mr. Speaker** : This is no Point of Order.

**ਪ੍ਰੋਫੈਸਰ ਦਰਬਾਰੀ ਲਾਲ** : ** ** **

**Mr. Speaker**: This is no Point of Order.

**ਸ਼੍ਰੀ ਗੁਰਦਿਆਲ ਸੈਣੀ**: ** ** **

**Mr. Speaker** : This is no Point of Order. You can not refer the newspaper in the House. If you want to say anything in the matter, please give a privilege motion.

**ਸਰਦਾਰ ਬੀਰਦਵਿੰਦਰ ਸਿੰਘ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਬਾਰੇ ਡਿਸਕਸ਼ਨ ਹੋਣ ਵੇਲੇ ਬਿਜ਼ਨੈਸ ਦੇ ਸਬੰਧ ਵਿਚ ਕਾਮਰੇਡ ਰਾਜ ਕੁਮਾਰ ਹੋਰਾਂ ਨੇ ਕੋਈ 10/15 ਮਿੰਟ ਤਕਰੀਰ ਕੀਤੀ ਹੈ । ਤੁਸੀਂ ਐਲਾਨ ਕੀਤਾ ਹੈ ਕਿ "This is no Point of Order". ਮੈਂ ਆਪ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਜੋ ਕੁਝ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਸਬੰਧ ਵਿਚ ਕਿਹਾ ਹੈ, ਕਿਉਂਕਿ ਆਪ ਜੀ ਨੇ ਉਸ ਨੂੰ ਨੋ-ਪੁਆਇੰਟ ਆਫ ਆਰਡਰ ਕਰਾਰ ਦਿੱਤਾ ਸੀ, ਕੀ ਉਹ ਸਦਨ ਦੀ ਕਾਰਵਾਈ ਵਿਚੋਂ ਸਾਰਾ ਕੁਝ ਐਕਸਪੰਜ ਹੋ ਗਿਆ ਹੈ ਜਾਂ ਨਹੀਂ ?

**ਸ਼੍ਰੀ ਸਪੀਕਰ**: ਮੈਂ ਕਾਰਵਾਈ ਵੇਖ ਲਵਾਂਗਾ ਔਰ ਜੋ ਮਨਿਸਟਰ ਸਾਹਿਬ ਦਾ ਜਵਾਬ ਹੈ, ਉਹ ਵੀ ਵੇਖ ਲਵਾਂਗਾ ।

**ਸਰਦਾਰ ਬੀਰਦਵਿੰਦਰ ਸਿੰਘ**: ਇੱਟ ਮੀਨਜ਼ ਕਿ ਤੁਸੀਂ ਉਹ ਪੁਆਇੰਟ ਆਫ਼ ਆਰਡਰ ਐਕਸੈਪਟ ਕਰ ਲਿਆ ਹੈ । Sir, this is on record. I want a specific ruling from the Chair. If a point of order has been declared as 'No Point of Order', whether any speech made on that point of order can form a part of the proceedings.

**ਸ਼੍ਰੀ ਸਪੀਕਰ**: ਜਿੱਥੇ ਮੈਂ ਨੋ ਪੁਆਇੰਟ ਆਫ ਆਰਡਰ ਕਿਹਾ ਹੈ ਇਹ ਕਲੀਅਰ ਹੈ ਕਿ ਉਥੋਂ ਤਕ ਤਾਂ ਖਤਮ ਹੋ ਗਿਆ ਹੈ । ਕੋਈ ਮਸਲਾ ਅਗਰ ਸ਼ੁਰੂ ਹੋ ਗਿਆ ਹੈ ਔਰ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਤਾਂ ਮੈਂ ਦੋਨੋਂ ਚੀਜ਼ਾਂ ਹਜ਼ਫ ਕਰ ਦੇਵਾਂਗਾ । Both will be expunged.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਤੁਸੀਂ ਇਸ ਚੀਜ਼ ਦਾ ਨੋਟਿਸ ਨਹੀਂ ਲੈ ਰਹੇ ਜੀ ਇਹ ਬੜੀ ਵੱਡੀ ਗੱਲ ਹੈ ਅਸੀਂ 15 ਸਾਲਾਂ ਤੋਂ ਐਮ. ਐਲ. ਏਜ਼. ਚਲੇ ਆ ਰਹੇ ਹਾਂ ਔਰ ਅੱਜ ਤਕ ਕਿਸੇ ਅਖਬਾਰ ਨੇ ਕਦੇ ਅਜਿਹੀਂ ਖ਼ਬਰ ਨਹੀਂ ਛਾਪੀ । ਤੁਸੀਂ ਇਸ ਗੱਲ ਦਾ ਨੋਟਿਸ ਨਹੀਂ ਲੈਂਦੇ । ਇਸ ਲਈ ਮੈਂ ਵਾਕ ਆਊਟ ਕਰਦਾ ਹਾਂ । ਮੈਂ ਐਜ਼ ਏ ਪ੍ਰੋਟੈਸਟ ਬਾਹਰ ਜਾ ਰਿਹਾ ਹਾਂ ।

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਗੁਰਦਿਆਲ ਸੈਣੀ ਆਪਣੀ ਸੀਟ ਤੋਂ ਉਠ ਕੇ ਸਦਨ ਵਿਚੋਂ ਬਾਹਰ ਜਾਣ ਲਈ ਤੁਰੇ ਪ੍ਰੰਤੂ ਫਿਰ ਆਪਣੀ ਸੀਟ ਤੇ ਵਾਪਸ ਆ ਗਏ ਅਤੇ ਸਦਨ ਵਿਚੋਂ ਬਾਹਰ ਨਾ ਗਏ ।

**ਸ੍ਰੀ ਸਪੀਕਰ** : ਸਰਦਾਰ ਬੀਰਦਵਿੰਦਰ ਸਿੰਘ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹੋ ।

---

## CALL ATTENTION NOTICES UNDER RULE 66

*(Serial No. 13)*

**Sardar Birdevinder Singh** : Sir, I beg to draw the attention of the Government towards a matter of urgent public importance, namely, the crop of paddy is being destroyed by the disease Blight, which has broken out in the paddy throughout the Punjab State. If the steps to protect the crops from this disease are not taken up immediately there may be a great loss to paddy in Punjab. There is a great resentment amongst farmers of Punjab on this issue. Hence it is a fit matter for the Government to make a statement on the floor of the House in this respect.

**Agriculture and Irrigation Minister** (Chaudhri Kanshi Ram): Sir, the Government is aware of the appearance of Becterial Leaf Blight on paddy crop in the State. According to the latest reports received from the Chief Agricultural officers, Kapurthala, Faridkot, Bhatinda, Hoshiarpur, Jullundur and Ropar, no incidence of Bacterial Leaf Blight has been noticed. Slight incidence of appearance of Bacterial Leaf Blight has been reported by the Chief Agricultural Officer, Gurdaspur, Ferozepur, Sangrur and Ludhiana in patches only but the loss is negligible.

According to the report of Chief Agricultural Officer, Patiala, the Bacterial Leaf Blight has appeared in 20 villages of Patiala, Bhunnerheri and Sirhind blocks. The total area affected so far has been reported to be 400 acres. The loss in these villages also is negligible.

The Chief Agricultural Officer, Amritsar, has reported the appearance of Bacterial Leaf Blight in 11 villages of Majitha and Verka blocks affecting 50 acres. The loss is absolutely negligible so far.

Original with;
Punjab Vidhan Sabha
Digitized by;
Panjab Digital Library

[Agriculture and Irrigation Minister]

No scientific remedy for the control of Bacterial Leaf Blight is made available so far by the research. However, instructions have already been issued to all the Chief Agricultural Officers in the State to take precautionary measures by advising the farmers :—

(i) Not to apply excessive doses of nitrogenous fertilizers in those fields where Bacterial Leaf Blight has appeared.

(ii) To drain out the excessive water from the fields where the Bacterial Leaf Blight has appeared and let the soil get naturally aerated for a day or two and apply only thin irrigation after that.

(iii) Not to use any chemical against this disease as the same are not effective.

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਪਟਿਆਲੇ ਜ਼ਿਲ੍ਹੇ ਵਿਚ ਕੇਵਲ 400 ਏਕੜ ਪੈਡੀ ਤੇ ਹੀ ਇਸ ਬਿਮਾਰੀ ਦਾ ਅਸਰ ਹੋਇਆ ਹੈ । ਸਪੀਕਰ ਸਾਹਿਬ, ਮੈਂ ਖੁਦ ਬਹੁਤ ਸਾਰੇ ਏਰੀਏ ਨੂੰ ਵਿਜ਼ਿਟ ਕਰਕੇ ਵੇਖਿਆ ਹੈ ਔਰ ਮੈਂ ਮਨਿਸਟਰ ਸਾਹਿਬ ਦੇ ਨਾਲਿਜ ਵਿਚ ਇਥੇ ਵੀ ਇਹ ਗੱਲ ਲਿਆਂਦੀ ਸੀ । ਮੈਂ ਗੁਜ਼ਾਰਸ਼ ਕਰਾਂਗਾ ਕਿ ਨਾਭੇ ਤੋਂ ਸਰਹੰਦ ਤਕ ਭਾਦਸੋਂ ਆਦਿ ਪਿੰਡਾਂ ਦਾ ਕੋਈ ਏਕੜ ਪੈਡੀ ਦਾ ਐਸਾ ਨਹੀਂ ਜੋ ਕਿ ਬਰਬਾਦ ਨਾ ਹੋਇਆ ਹੋਵੇ । ਝੁਲਸ ਦੇ ਰੋਗ ਨਾਲ ਪੈਡੀ ਦੀ ਫਸਲ ਤਬਾਹ ਹੋ ਗਈ ਹੈ । ਇਹ ਵੀ ਮੇਰੇ ਨੋਟਿਸ ਵਿਚ ਆਇਆ ਹੈ ਕਿ ਇਕ ਕਿਸਾਨ ਦੀ 15 ਏਕੜ ਪੈਡੀ ਦੀ ਫਸਲ ਸੀ ਜੋ ਕਿ ਝੁਲਸ ਦੇ ਰੋਗ ਦਾ ਸ਼ਿਕਾਰ ਹੋ ਗਈ ਹੈ ਔਰ ਉਹ ਕਿਸਾਨ ਵਿਚਾਰਾ ਪਾਗਲ ਹੋ ਗਿਆ ਹੈ । ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਸ ਦਾ ਇਲਾਜ ਵੀ ਕੋਈ ਨਹੀਂ ਹੈ । ਇਕ ਤਾਂ ਕਿਸਾਨ ਦੀ ਫਸਲ ਬਰਬਾਦ ਹੋ ਗਈ ਹੈ ਔਰ ਉਸ ਨੇ ਜੋ ਕਰਜ਼ਾ ਲਿਆ ਹੋਇਆ ਹੈ, ਜੋ ਇਨਪੁਟਸ ਵਰਤੀਆਂ ਹਨ, ਜੋ ਉਸ ਨੇ ਖਾਦ ਪਾਈ ਹੈ, ਪਾਣੀ ਦਿੱਤੇ ਹਨ, ਗੋਡੀਆਂ ਤੇ ਪੈਸੇ ਖਰਚੇ ਹਨ ਉਹ ਵੀ ਉਸ ਦੇ ਵੇਸਟ ਹੋ ਗਏ ਹਨ । ਕਿਸਾਨ ਇਹ ਐਂਟੀਸੀਪੇਟ ਨਹੀਂ ਸੀ ਕਰ ਸਕਦਾ ਕਿ ਐਸਾ ਮਾੜਾ ਰੋਗ ਵੀ ਪੈਡੀ ਦੀ ਫਸਲ ਨੂੰ ਲਗ ਸਕਦਾ ਹੈ । ਮੈਂ ਦਰਦਨਾਕ ਸ਼ਬਦਾਂ ਵਿਚ ਬੇਨਤੀ ਕਰਦਾ ਹਾਂ ਵਜ਼ੀਰ ਸਾਹਿਬ ਨੂੰ ਕਿ ਮਹਿਕਮੇ ਐਗਰੀਕਲਚਰ ਨੇ ਕੋਈ ਕੈਂਪ ਵਗੈਰਾ ਨਹੀਂ ਲਗਾਇਆ ਜਿਸ ਨਾਲ ਕਿ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਜਾ ਸਕਦੀ ਕਿ ਪੈਡੀ ਨੂੰ ਜ਼ਿਆਦਾ ਪਾਣੀ ਲਗਾਉਣ ਨਾਲ, ਜ਼ਿਆਦਾ ਕੈਮੀਕਲਜ਼ ਵਰਤਣ ਨਾਲ ਇਹ ਰੋਗ ਲਗ ਸਕਦਾ ਹੈ । ਵਜ਼ੀਰ ਸਾਹਿਬ ਨੇ ਕਾਫੀ ਜ਼ਿਲ੍ਹਿਆਂ ਦਾ ਜ਼ਿਕਰ ਕੀਤਾ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨਾਂ ਨੂੰ ਬੇਨਤੀ ਕਰਾਂਗਾ ਕਿ ਜੋ ਇਨ੍ਹਾਂ ਨੂੰ ਰਿਪੋਰਟ ਅਫਸਰਾਂ ਨੇ ਦਿੱਤੀ ਹੈ, ਇਹ ਇਨਕੁਰੈਕਟ ਹੈ । ਤੁਸੀਂ ਨਾਭੇ ਤੋਂ ਸਰਹਿੰਦ ਤਕ ਵੇਖ ਲਵੋ, ਚਾਰ ਸੌ ਏਕੜ ਨਹੀਂ ਕਈ ਹਜ਼ਾਰ ਏਕੜ ਪੈਡੀ ਦੀ ਫਸਲ ਬਣਦੀ ਹੈ । ਮੈਂ ਸੰਗਰੂਰ ਔਰ ਹੋਰ ਜ਼ਿਲ੍ਹਿਆਂ ਵਿਚ ਵੀ ਅੱਖੀਂ ਵੇਖਿਆ ਹੈ । ਇਕ ਤਾਂ ਮੈਂ ਇਨ੍ਹਾਂ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਰੈਵੇਨਿਊ ਅਫਸਰ ਦੇ ਰਾਹੀਂ ਦੋਬਾਰਾ ਸਰਵੇ ਕਰਾਉਣ ਤਾਂਕਿ ਇਨ੍ਹਾਂ ਨੂੰ ਪਤਾ ਲਗੇ ਕਿ ਕਿੰਨੀਆਂ ਫਸਲਾਂ ਝੁਲਸ ਰੋਗ ਦਾ ਸ਼ਿਕਾਰ ਹੋ ਗਈਆਂ ਹਨ । ਦੂਜਾ, ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਇਸ ਰੋਗ ਦਾ ਇਲਾਜ ਕੋਈ ਨਹੀਂ । ਕਿਸਾਨ ਖਰਚ ਕਰ

Original with;
Punjab Vidhan Sabha
Digitized by;
Panjab Digital Library

ਚੁੱਕਾ ਹੈ, ਪਰ ਆਮਦਨ ਦੀ ਕੋਈ ਆਸ ਨਹੀਂ । ਕਰਜ਼ਾ ਉਸ ਦੇ ਸਿਰ ਚੜ੍ਹ ਚੁੱਕਾ ਹੈ ਲੇਕਿਨ ਜਿਹੜੀ ਫਸਲ ਹੈ ਉਹ ਝੁਲਸ ਚੁੱਕੀ ਹੈ, ਇਸ ਵਾਸਤੇ ਇਕ ਤਾਂ ਮੈਂ ਇਹ ਬੇਨਤੀ ਕਰਾਂਗਾ ਕਿ ਜਿਨ੍ਹਾਂ ਦੀਆਂ ਫਸਲਾਂ ਦਾ ਇਸ ਰੋਗ ਨਾਲ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਸੈਂਟ ਪਰ ਸੈਂਟ ਕੰਪਨਸੇਸ਼ਨ ਦਿੱਤਾ ਜਾਵੇ ਤਾਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ । ਦੂਜਾ ਜਿਹੜੇ ਸਹਿਕਾਰੀ ਸਭਾਵਾਂ ਦੇ ਕਰਜ਼ੇ ਹਨ, ਉਹ ਮੁਆਫ਼ ਕੀਤੇ ਜਾਣ ਤਾਕਿ ਉਨ੍ਹਾਂ ਦਾ ਕੁਝ ਭਲਾ ਹੋ ਸਕੇ ।

ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਕੁਝ ਹੱਦ ਤੱਕ ਤਾਂ ਮੇਰੇ ਨਾਲ ਸਹਿਮਤ ਰਹੇ ਹਨ । ਇਹ ਜਿਹੜੀ ਬਿਮਾਰੀ ਇਨ੍ਹਾਂ ਨੇ ਦਸੀ ਹੈ it is not collective ਇਹ ਇੰਡੀਵਿਜੁਅਲ ਜਗ੍ਹਾ ਤੇ ਬਿਮਾਰੀ ਹੋ ਜਾਂਦੀ ਹੈ । ਜਿਥੇ ਇਹ ਬਿਮਾਰੀ ਆ ਜਾਵੇ ਤਾਂ ਫਸਲਾਂ ਦਾ ਬਿਲਕੁਲ ਸਤਿਆਨਾਸ ਹੋ ਜਾਂਦਾ ਹੈ । ਇਹ ਇਨ੍ਹਾਂ ਦੀ ਬਿਲਕੁਲ ਦਰੁਸਤ ਗੱਲ ਹੈ । ਬਾਕੀ ਜਿਹੜੀ ਇਨ੍ਹਾਂ ਨੇ 15 ਏਕੜ ਪੈਂਡੀ ਦੀ ਗੱਲ ਦਸੀ ਹੈ, ਜਿਥੇ ਇਹ ਬਿਮਾਰੀ ਪੈ ਗਈ ਸੀ ਅਤੇ ਉਸ ਖੇਤ ਦਾ ਮਾਲਕ ਬੋਲਾ ਹੋ ਗਿਆ ਸੀ ਇਹ ਬਿਲਕੁਲ ਵਾਜਬ ਗੱਲ ਹੈ । ਪਰ ਜਦੋਂ ਅਸੀਂ ਕੰਪੈਰੇਜ਼ਨ ਡਰਾਅ ਕਰਦੇ ਹਾਂ in terms of production throughout the State ਤਾਂ ਜਿਨ੍ਹਾਂ ਖੇਤਾਂ ਵਿਚ ਇਹ ਰੋਗ ਹੋਇਆ ਹੈ ਇਹ ਬਹੁਤ ਨੈਗਲੀਜੀਬਲ ਹੈ ਅਤੇ ਇਸ ਤਰ੍ਹਾਂ ਇੰਡੀਵਿਜੁਅਲ ਤੌਰ ਤੇ ਉਨ੍ਹਾਂ ਲੋਕਾਂ ਨੂੰ ਬਹੁਤ ਨੁਕਸਾਨ ਹੋ ਜਾਂਦਾ ਹੈ । ਇਕ ਹੋਰ ਗੱਲ ਜਿਹੜੀ ਉਨ੍ਹਾਂ ਨੇ ਆਖੀ ਹੈ ਕਿ ਜਿਹੜੀ ਇਨਫਰਮੇਸ਼ਨ ਐਗਰੀਕਲਚਰ ਡਿਪਾਰਟਮੈਂਟ ਨੇ ਦਿੱਤੀ ਹੈ ਉਹ ਕੁਰੈਕਟ ਨਹੀਂ, ਉਨ੍ਹਾਂ ਨੇ ਤਾਂ ਸਾਫ਼ ਕਹਿ ਦਿੱਤਾ ਹੈ ਕਿ ਇਹ ਇਨਕੁਰੈਕਟ ਹੈ । ਇਸ ਨੂੰ ਮੈਂ ਵੇਖ ਲਵਾਂਗਾ ਔਰ ਜੇ ਲੋੜ ਪਈ ਤਾਂ ਰੈਵੇਨਿਊ ਵਾਲਿਆਂ ਕੋਲੋਂ ਇਹ ਅਸੈਸ ਕਰਵਾ ਲਵਾਂਗਾ । ਦੂਜਾ ਜਿਹੜਾ ਇਨ੍ਹਾਂ ਨੇ ਕੰਪਨਸੇਸ਼ਨ ਬਾਰੇ ਕਿਹਾ ਹੈ, ਇਹ ਕਨਸਿਡਰ ਕਰ ਲਵਾਂਗੇ ।

**ਸਰਦਾਰ ਬੀਰਦਵਿੰਦਰ ਸਿੰਘ**: ਸਰ, ਦੂਜਾ ਸਪਲੀਮੈਂਟਰੀ ਕਰਨਾ ਮੇਰਾ ਹੱਕ ਹੈ ।

**ਸ਼੍ਰੀ ਸਪੀਕਰ**: ਨੋ, ਇਕ ਕਾਲ ਅਟੈਨਸ਼ਨ ਮੋਸ਼ਨ ਤੇ ਇਕੋ ਸਪਲੀਮੈਂਟਰੀ ਹੋ ਸਕਦਾ ਹੈ ।

**(Serial No. 14)**

**Shri Om Parkash Gupta**: Sir, I beg to draw the attention of the Government towards a matter of urgent public importance namely, the small and big industrialists of Punjab are suffering due to irregular cut in power supply and frequent break-down in supply and fluctuation in voltage. This has resulted into great damage to machinery and raw material in process of manufacturing. This has also brought unemployment to thousands of labour. There is a great resentment amongst industrialists in Punjab on this issue. Hence it is very fit matter for the Government to make a statement on the floor of the House in this respect.

Original with;
Punjab Vidhan Sabha
Digitized by;
Panjab Digital Library

**Finance Minister (Doctor Kewal Krishan)**: The Government is anxious to assure power supply to all industry in the State. It became necessary, however, to impose some restrictions on the consumption of Power by industry in order to assist the agriculturists, especially paddy farmers, in the State to save their crops, which were being denied adequate watering following the delay and deficiency in monsoon rains in Jully, 1982. Large industry with connected load of I. M. W. and above had to do without power from 8-7-82 to21-7-82 and with 50% supplies from 22-7-82 to 25-7-82 During the month of August, there were no restrictions on supply of power to industries. From 3-9-1982, some restrictions on industrial consumers had to be re-imposed to ensure eleven hours supply to tube-wells daily. This level of supply was considered essential for the standing paddy crop to mature. The current restrictions are as follows :—

| | | |
|---|---|---|
| (i) | Industries with connected load of I. M. W. and above | To reduce load by 50% from 13 hours to 22 hours. |
| (ii) | Mini-Steel Plants and Arc furnaces. | To close down from 13-00 hours to 17-00 hours. |
| (iii) | Industries other than (i) (ii) above, except essential services. | To observe peak hour restrictions, that is to close down from 18-00 hours to 22-00 hours. |

The Government intends to lift restrictions as soon as possible and restore normal supply to the industrial consumers.

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਇਕ ਜਵਾਬ ਦੇ ਦਿੱਤਾ ਹੈ ਔਹ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਉਂਕਿ ਐਗਰੀਕਲਚਰ ਨੂੰ ਬਿਜਲੀ ਦੀ ਬਹੁਤ ਲੋੜ ਹੈ, ਇਸ ਵਾਸਤੇ ਸ਼ਾਇਦ ਕੱਟ ਲਾਉਣੀ ਪਈ ਹੈ। ਮੈਂ ਖਾਸ ਤੌਰ ਤੇ ਤਿੰਨ ਚੀਜ਼ਾਂ ਇਨ੍ਹਾਂ ਦੇ ਨੋਟਿਸ ਵਿਚ ਲਿਆਂਦੀਆਂ ਸਨ, ਜਿਨ੍ਹਾਂ ਦਾ ਠੀਕ ਜਵਾਬ ਨਹੀਂ ਆਇਆ। ਇਕ ਤਾਂ ਰੈਗੂਲਰ ਕੱਟ ਬਾਰੇ ਮੈਂ ਕਿਹਾ ਸੀ। ਇਹ ਜਿਹੜੀ ਕੱਟ ਲਗਦੀ ਹੈ ਜੇ ਇਹ ਰੈਗੂਲਰ ਹੋਵੇ ਤਾਂ ਕੁਝ ਗੱਲ ਬਣਦੀ ਹੈ ਪਰ ਜਦੋਂ ਇਹ ਇਰੈਗੂਲਰ ਕੱਟ ਲਗਦੀ ਹੈ, ਫਰੀਕੁਐਂਟ ਬਰੇਕ ਡਾਊਨ ਹੁੰਦੀ ਹੈ ਤਾਂ ਇਸ ਨਾਲ ਜਿਹੜੇ ਕਾਰਖਾਨੇ ਚਲ ਰਹੇ ਹੁੰਦੇ ਹਨ, ਜਿਨ੍ਹਾਂ ਵਿਚ ਢਲਾਈ ਦਾ ਕੰਮ ਚਲ ਰਿਹਾ ਹੁੰਦਾ ਹੈ, ਉਥੇ ਬਗੈਰ ਨੋਟਿਸ ਦੇ ਜੋ ਬਿਜਲੀ ਬੰਦ ਹੋ ਜਾਵੇ ਜਾਂ ਬਰੇਕ-ਡਾਊਨ ਹੋ ਜਾਵੇ ਔਰ ਅਗਰ ਅੱਧਾ ਘੰਟਾ ਇਹ ਬਿਜਲੀ

Original with;
Punjab Vidhan Sabha
Digitized by;
Panjab Digital Library

ਬੰਦ ਰਹਿ ਜਾਵੇ ਤਾਂ ਜਿਹੜੀਆਂ ਚੀਜ਼ਾਂ ਮਸ਼ੀਨਾਂ ਵਿਚ ਪਾਈਆਂ ਹੁੰਦੀਆਂ ਹਨ ਬਿਲਕੁਲ ਖਰਾਬ ਹੋ ਜਾਂਦੀਆਂ ਹਨ। ਦੂਜਾ ਜਿਹੜੀ ਐਵਰੇਜ ਫਲੈਕਚੂਏਸ਼ਨ ਹੈ, ਭਾਵੇਂ ਇਸ ਨੂੰ ਚੈਕ ਕਰਨ ਲਈ ਹਜ਼ਾਰਾਂ ਟਰਾਂਸਫਾਰਮਜ਼ ਲਾਏ ਹੋਏ ਹਨ ਪਰ ਇਸ ਦੇ ਬਾਵਜੂਦ ਵੀ ਕੋਈ ਮਸ਼ੀਨਾਂ ਜਿਹੜੀਆਂ ਕਿ ਬਹੁਤ ਕੀਮਤੀ ਹੁੰਦੀਆਂ ਹਨ, ਉਹ ਖਰਾਬ ਹੋ ਜਾਂਦੀਆਂ ਹਨ। ਕਈ ਮਸ਼ੀਨਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪੂਰੀ ਪੂਰੀ ਐਵਰੇਜ ਚਾਹੀਦੀ ਹੁੰਦੀ ਹੈ ਜੇ ਉਹ ਨਾ ਮਿਲੇ ਤਾਂ ਅਰਬਾਂ ਖਰਬਾਂ ਰੁਪਏ ਦੀਆਂ ਮਸ਼ੀਨਾਂ ਖਰਾਬ ਹੋ ਜਾਂਦੀਆਂ ਹਨ। ਇਨ੍ਹਾਂ ਮਸ਼ੀਨਾਂ ਤੇ 20 ਲੱਖ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਪਰ ਜਦੋਂ 24 ਘੰਟੇ ਵਿਚ 24 ਵਾਰੀ ਬਿਜਲੀ ਵਿਚ ਇੰਟਰੱਪਸ਼ਨ ਹੋਣੀ ਹੈ ਤਾਂ ਜਿਹੜਾ ਆਦਮੀ ਉਸ ਮਸ਼ੀਨ ਤੇ ਕੰਮ ਕਰ ਰਿਹਾ ਹੁੰਦਾ ਹੈ ਉਹ ਉਸ ਕੰਮ ਨੂੰ ਸਿਰੇ ਨਹੀਂ ਚੜ੍ਹਾ ਸਕਦਾ। ਮੇਰੀ ਬੇਨਤੀ ਇਹ ਹੈ ਕਿ ਪੀ. ਐਸ. ਈ. ਬੀ. ਨੇ ਬਿਜਲੀ ਦੇ ਰੇਟ ਤਾਂ ਵਧਾ ਦਿੱਤੇ ਹਨ ਲੇਕਿਨ ਜਿਹੜੀ ਬਿਜਲੀ ਦੀ ਸਪਲਾਈ ਹੈ, ਇਹ ਕਿਸੇ ਨੂੰ ਵੀ ਅਨਇੰਟਰੱਪਟਿਡ ਨਹੀਂ ਮਿਲ ਰਹੀ। ਅੱਜ ਜਿਹੜੀ ਹਾਲਤ ਹੈ ਉਹ ਇਹ ਹੈ ਕਿ ਲੋਕ ਪੰਜਾਬ ਵਿਚ ਆਪਣੇ ਕਾਰਖਾਨੇ ਬੰਦ ਕਰ ਰਹੇ ਹਨ..

**ਸ੍ਰੀ ਸਪੀਕਰ**: ਗੁਪਤਾ ਜੀ, ਸੰਖੇਪ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਮੈਂ ਇੱਕਲਾ ਹੀ ਸ਼ਹਿਰਾਂ ਦੀ ਗੱਲ ਕਰਨ ਵਾਲਾ ਹਾਂ, ਹੋਰ ਕੋਈ ਸ਼ਹਿਰਾਂ ਵਾਸਤੇ ਨਹੀਂ ਬੋਲਦਾ। ਤੁਸੀਂ ਵੀ ਸ਼ਹਿਰ ਤੋਂ ਆਏ ਹੋ, ਮੇਰੀ ਬੇਨਤੀ ਤਾਂ ਸੁਣ ਲਵੋ। ਜਿਹੜੀ ਮਸ਼ੀਨਾਂ ਤੇ ਅਰਬਾਂ ਰੁਪਏ ਦਾ ਸਰਮਾਇਆ ਲਗਾ ਹੈ, ਉਨ੍ਹਾਂ ਨੂੰ ਬਿਜਲੀ ਰੈਗੂਲਰ ਮਿਲਣੀ ਚਾਹੀਦੀ ਹੈ। ਅੱਜ ਹਾਲਤ ਇਹ ਹੈ ਕਿ ਅਕਾਲੀਆਂ ਨੇ ਐਜੀਟੇਸ਼ਨ ਕੀਤੀ ਹੋਈ ਹੈ ਔਰ..

**ਸ੍ਰੀ ਸਪੀਕਰ**: ਇਹ ਰੈਲੇਵੈਂਟ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਅੱਛਾ ਜੀ। ਇਸ ਤੋਂ ਇਲਾਵਾ ਬੈਂਕ ਨੇ ਕੰਟਰੋਲ ਕੀਤਾ ਹੈ ਉਸ ਨਾਲ ਵੀ ਇੰਡਸਟਰੀਅਲਿਸਟ ਪੀਸਿਆ ਜਾ ਰਿਹਾ ਹੈ। ਬਿਜਲੀ ਦੇ ਕੱਟ ਕਰਕੇ ਵੀ ਇੰਡਸਟਰੀਅਲਿਸਟ ਆਪਣਾ ਮਾਲ ਪੂਰਾ ਤਿਆਰ ਨਹੀਂ ਕਰਵਾ ਸਕਦਾ। ਇਸ ਲਈ ਮੇਰੀ ਬੇਨਤੀ ਹੈ ਕਿ ਜੇ ਕੱਟ ਲਾਉਣੀ ਹੋਵੇ ਤਾਂ ਪਹਿਲੇ ਇਨਫਾਰਮ ਕਰਕੇ ਕੱਟ ਲਾਉਣੀ ਚਾਹੀਦੀ ਹੈ। ਪਰ ਇਹ ਜਿਹੜੀ ਇੰਡਸਟਰੀ ਤੇ ਕੱਟ ਲਗਾਕੇ ਜ਼ਿਮੀਦਾਰਾਂ ਨੂੰ ਬਿਜਲੀ ਦੇਣ ਦੀ ਗਲ ਹੈ, ਇਸ ਨਾਲ ਪੰਜਾਬ ਦੀ ਇੰਡਸਟਰੀ ਤਬਾਹ ਹੋ ਰਹੀ ਹੈ। ਜ਼ਿਮੀਦਾਰ ਤਾਂ ਬਿਜਲੀ ਵਿਚ ਕਈ ਵਾਰ ਟਾਂਕੇ ਵੀ ਲਾ ਲੈਂਦੇ ਹਨ, ਪਰ ਇੰਡਸਟਰੀਅਲਿਸਟ ਇਸ ਤਰ੍ਹਾਂ ਨਹੀਂ ਕਰ ਸਕਦਾ।

ਜੇਕਰ ਸਰਕਾਰ ਨੇ ਕੱਟ ਲਗਾਉਣੀ ਹੈ ਤਾਂ ਫਿਰ ਸਪਲਾਈ ਰੈਗੂਲਰ ਦੇਣੀ ਚਾਹੀਦੀ ਹੈ, (ਵਿਘਨ) ਮੈਂ ਇਕੋ ਗੱਲ ਮੈਨ ਪੁਛਣੀ ਹੈ ਕਿ ਜਦ ਤੁਸੀਂ ਫਿਕਸ ਬਿਜਲੀ ਦੀ ਸਪਲਾਈ ਸ਼ਹਿਰਾਂ ਦੇ ਵਿਚ ਦੇਣੀ ਹੈ ਔਰ ਵਕਤ ਮੁਕਰਰ ਕੀਤਾ ਹੋਇਆ ਹੈ ਫੇਰ ਇਸ ਦੇ ਵਿਚ ਬ੍ਰੇਕ-ਡਾਊਨ, ਫਲੱਕਚੂਏਸ਼ਨ ਆਫ ਵੋਲਟੇਜ ਅਤੇ ਇਰਰੈਗੂਲਰ ਸਪਲਾਈ ਕਿਉਂ ਕੀਤੀ ਜਾਂਦੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]
ਹੈ । ਇਨ੍ਹਾਂ ਤਿੰਨਾਂ ਬੀਮਾਰੀਆਂ ਦਾ ਇਲਾਜ ਸਰਕਾਰ ਨੂੰ ਕਰਨਾ ਚਾਹੀਦਾ ਹੈ । ਅਗਰ ਕੱਟ ਲਗਣ ਤੇ ਟੈਲੀਫੂਨ ਕਰਦੇ ਹਾਂ ਤਾਂ ਕੋਈ ਚੁੱਕਦਾ ਹੀ ਨਹੀਂ ਜਾਂ ਫੇਰ ਜਵਾਬ ਮਿਲਦਾ ਹੈ ਕਿ ਭਾਖੜੇ ਤੋਂ ਬੰਦ ਹੋਈ ਹੈ ।

ਮੰਤਰੀ : ਸਪੀਕਰ ਸਾਹਿਬ, ਗੁਪਤਾ ਸਾਹਿਬ ਨੇ ਬੜਾ ਤੌਖਲਾ ਜ਼ਾਹਿਰ ਕੀਤਾ ਹੈ ਕਿ ਇਨ੍ਹਾਂ ਤਿੰਨਾਂ ਬੀਮਾਰੀਆਂ ਦੇ ਕਾਰਣ ਇੰਡਸਟਰੀਅਲਿਸਟ ਬਹੁਤ ਦੁਖੀ ਹੈ । ਇਹ ਠੀਕ ਹੈ ਕਿ ਇਸ ਦੇ ਨਾਲ ਸਟੇਟ ਦੀ ਇੰਡਸਟਰੀ ਵਿਚ ਨੁਕਸਾਨ ਹੁੰਦਾ ਹੈ ਔਰ ਇਨ੍ਹਾਂ ਨੇ ਕਿਹਾ ਹੈ ਕਿ ਅਗਰ ਤੁਸਾਂ ਕੱਟ ਲਗਾਉਣੀ ਹੈ ਔਰ ਫਾਰਮਰ ਨੂੰ ਬਿਜਲੀ ਦੇਣੀ ਹੈ ਤਾਕਿ ਨੈਸ਼ਨ ਐਗਰੀਕਲਚਰ ਦੇ ਖੇਤਰ ਵਿਚ ਮਜ਼ਬੂਤ ਹੋ ਸਕੇ । ਅਸੀਂ ਪਹਿਲੀ ਐਪ੍ਰਲ, 1982 ਤੋਂ ਅਗਸਤ, 82 ਤੱਕ ਕੋਈ ਕੱਟ ਨਹੀਂ ਲਗਾਇਆ ਸੀ ਔਰ ਹੁਣ ਜਿਹੜਾ ਕੱਟ ਲਗਾ ਹੈ ਉਹ ਵੱਡੇ ਇਕ ਮੈਗਾਵਾਟ ਤੇ ਲਗਾ ਹੈ । ਇਹ ਜਿਹੜੀ ਇਨ੍ਹਾਂ ਦੀ ਸ਼ਿਕਾਇਤ ਹੈ ਕਿ ਇਰਰੇਗੂਲਰ ਸਪਲਾਈ, ਅਨਟਾਈਮਲੀ ਬ੍ਰੇਕ-ਡਾਊਨ, ਅਤੇ ਫਲਕਚੂਏਸ਼ਨ ਆਫ ਪਾਵਰ ਹੈ, ਇਸ ਦਾ ਅਸੀਂ ਪ੍ਰਬੰਧ ਕਰਾਂਗੇ ਕਿ ਐਸੀਆਂ ਸ਼ਿਕਾਇਤਾਂ ਨਾ ਆਉਣ ਪਰ ਕਈ ਵਾਰੀ ਬਿਜਲੀ ਬੋਰਡ ਵਾਲੇ ਵੀ ਮਜਬੂਰ ਹੁੰਦੇ ਹਨ, ਇਸ ਦੇ ਵਿਚ ਇਕਲੇ ਬਿਜਲੀ ਬੋਰਡ ਦੀ ਜ਼ਿੰਮੇਵਾਰੀ ਨਹੀਂ ਹੈ ਬਲਕਿ ਇਸ ਵਿਚ ਬੀ. ਐਮ. ਬੀ. ਵਾਲੇ ਵੀ ਹਨ । ਜਦੋਂ ਕੱਟ ਬੀ. ਐਮ. ਬੀ. ਵਾਲੇ ਲਗਾ ਦਿੰਦੇ ਹਨ ਤਾਂ ਬਿਜਲੀ ਬੋਰਡ ਵਾਲੇ ਕੀ ਕਰ ਸਕਦੇ ਹਨ । ਇਹ ਬੜਾ ਸੀਰੀਅਸ ਮੈਟਰ ਹੈ ਔਰ ਸਾਡੇ ਚੇਅਰਮੈਨ, ਬਿਜਲੀ ਬੋਰਡ, ਪਰਸਨਲੀ ਇਸੇ ਸ਼ਿਕਾਇਤ ਲਈ ਐਨਰਜੀ ਸੈਕਟਰੀ ਨੂੰ ਦਿੱਲੀ ਮਿਲ ਕੇ ਆਏ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਅਗੇ ਤੋਂ ਕੋਸ਼ਿਸ਼ ਕਰਾਂਗਾ ਕਿ ਜਿਹੜਾ ਇਮੀਜੀਏਟ ਕੱਟ ਲਗਦਾ ਹੈ ਉਹ ਨਾ ਲਗੇ ਅਤੇ ਅਨਟਾਈਮਲੀ ਕੱਟ ਨਾ ਲਗੇ । ਅਸੀਂ ਇਸ ਮੈਟਰ ਨੂੰ ਸੀਰੀਅਸਲੀ ਟੇਕ ਅੱਪ ਕਰ ਰਹੇ ਹਾਂ ਤਾਕਿ ਇਨ੍ਹਾਂ ਬੀਮਾਰੀਆਂ ਦਾ ਇਲਾਜ ਹੋ ਸਕੇ ਔਰ ਇੰਡਸਟਰੀਅਲਿਸਟ ਨੂੰ ਤੰਗੀ ਨਾ ਹੋਵੇ ।

---

## PAPERS LAID ON THE TABLE

**Finance Minister** (Doctor Kewal Krishan): Sir, I beg to lay on the Table—

(i) Notification No. G.S.R. 19/C.A. 4/39/Ss. 24 and 41/Amd. (1)/82, dated the 24 February, 1982,

(ii) Notification No. 29/12/78-5 T (II)/2340, dated the 18th/19th May, 1982,

(iii) Notification No. S.O. 22/C.A. 4/39/S. 74/82, dated the 25th June, 1982,

(iv) Notification No. G. S. R. 85/C.A. 4/38/Ss. 24 and 41/And(94)/82, dated the 6th July, 1982, and

(v) Corrigendum dated 31-7-82 to Notification No. G.S.R. 170/C.A. 4/39 S. 30 and 31/Amd. (82)/79, dated the 4th December, 1979,

as required under section 133(3) of the Motor Vehicles Act, 1939.

---

Original with;
Punjab Vidhan Sabha
Digitized by;
Panjab Digital Library

# RESOLUTION RE TAKING OF DRASTIC STEPS AGAINST THE HOARDERS IN THE STATE WITH A VIEW TO CHECK THE UPWARD TREND IN THE PRICES OF FOODGRAINS AND OTHER COMMODITIES

**Master Dalip Chand (Balachaur)**: Sir, I beg to move—

With a view to check the upward trend in the prices of foodgrains and other commodities, this House recommends to the Government to take drastic steps against the hoarders in the State.

ਸਪੀਕਰ ਸਾਹਿਬ, ਮੈਂ ਇਹ ਗੱਲ ਬੜੀ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਪਿਛਲੇ ਦੋ ਸਾਲਾਂ ਵਿਚ ਮੇਰੀ ਪੰਜਾਬ ਸਰਕਾਰ ਨੇ ਨੁਮਾਇਆ ਡਿਵੈਲਪਮੈਂਟ ਸਟੇਟ ਦੀ ਕੀਤੀ ਹੈ ਅਤੇ ਪੰਜਾਬ ਨੇ ਹਰ ਪੱਖ ਤੋਂ ਤਰੱਕੀ ਕੀਤੀ ਹੈ ਔਰ ਇਸ ਦੇ ਲਈ ਸਰਦਾਰ ਦਰਬਾਰਾ ਸਿੰਘ ਜੀ ਵਧਾਈ ਦੇ ਪਾਤਰ ਹਨ। ਪਰ ਜਿਥੇ ਸਟੇਟ ਨੇ ਡਿਵੈਲਪਮੈਂਟ ਕੀਤੀ ਹੈ ਉਥੇ ਨਾਲ ਦੇ ਨਾਲ ਕੀਮਤਾਂ ਵਿਚ ਵਾਧਾ ਵੀ ਹੋਇਆ ਹੈ ਅਤੇ ਮਹਿੰਗਾਈ ਵੀ ਵਧੀ ਹੈ। ਇਹ ਠੀਕ ਹੈ ਕਿ ਜਿਸ ਦੇਸ਼ ਵਿਚ ਡਿਵੈਲਪਮੈਂਟ ਹੋਵੇਗੀ ਉਥੇ ਕੀਮਤਾਂ ਵਿਚ ਵਾਧਾ ਵੀ ਹੁੰਦਾ ਹੈ ਅਤੇ ਇਸ ਦਾ ਅਸਰ ਇੰਟਰਨੈਸ਼ਨਲ ਮਾਰਕੀਟ ਤੋਂ ਵੀ ਹੁੰਦਾ ਹੈ ਅਤੇ ਜ਼ਿਆਦਾਤਰ ਮਹਿੰਗਾਈ ਕਰਨ ਵਿਚ ਹਿਸਾ ਐਸੇ ਅਨਸਰ ਜਿਹੜੇ ਬਲੈਕ ਮਾਰਕੀਟ, ਜਮ੍ਹਾਂਖੋਰੀ ਦਾ ਕੰਮ ਕਰਦੇ ਹਨ, ਦਾ ਹੁੰਦਾ ਹੈ। ਇਹ ਲੋਕ ਦੇਸ਼ ਦੀ ਤਰੱਕੀ ਵਿਚ ਰੁਕਾਵਟ ਪੈਦਾ ਕਰਦੇ ਹਨ ਅਤੇ ਕੀਮਤਾਂ ਵਧਾਉਣ ਵਿਚ ਹਿੱਸਾ ਲੈਂਦੇ ਹਨ। ਇਸ ਬਲੈਕ ਮਾਰਕਿਟਿੰਗ ਨੂੰ ਅਤੇ ਜਮ੍ਹਾਖੋਰੀ ਨੂੰ ਰੋਕਣ ਵਾਸਤੇ ਸਾਡੀ ਸਰਕਾਰ ਨੇ ਕਾਫੀ ਧਿਆਨ ਦਿੱਤਾ ਹੈ ਅਤੇ ਪਿਛਲੇ ਦੋ ਸਾਲਾਂ ਵਿਚ ਸਾਡੇ ਫੂਡ ਐਂਡ ਸਪਲਾਈਜ਼ ਮਨਿਸਟਰ ਨੇ ਕਾਫੀ ਛਾਪੇ ਮਾਰੇ ਹਨ, ਜਿਸ ਤਰ੍ਹਾਂ ਸਾਡੇ ਹੋਮ ਸੈਕਟਰੀ ਨੇ 5-3-82 ਦੀ ਮੀਟਿੰਗ ਵਿਚ ਬੋਲਦੇ ਹੋਏ ਦਸਿਆ ਸੀ ਕਿ ਇਸ ਨੂੰ ਰੋਕਣ ਲਈ ਸਰਕਾਰ ਕਦਮ ਚੁੱਕ ਰਹੀ ਹੈ। ਜਿਵੇਂ ਡਿਵੀਜ਼ਨ ਲੈਵਲ ਤੇ ਪੀ. ਸੀ. ਐਸ. ਅਫਸਰ ਨਿਯੁਕਤ ਕੀਤਾ ਗਿਆ ਹੈ ਅਤੇ ਡਿਸਟ੍ਰਿਕਟ ਲੈਵਲ ਤੇ ਡੀ. ਸੀ. ਨੂੰ ਸਪੁਰਦ ਕੀਤਾ ਗਿਆ ਹੈ ਅਤੇ ਤਹਿਸੀਲ ਲੈਵਲ ਤੇ ਐਸ. ਡੀ. ਓ. (ਸਿਵਲ) ਲਗਾਇਆ ਗਿਆ ਹੈ ਅਤੇ ਫੂਡ ਸਪਲਾਈ ਮਹਿਕਮੇ ਨੇ ਇਸ ਕੰਮ ਲਈ ਆਪਣਾ ਫਲਾਈਇੰਗ ਸਕੁਐਡ ਵੀ ਕਾਇਮ ਕੀਤਾ ਹੋਇਆ ਹੈ ਜਿਹੜਾ ਛਾਪੇ ਮਾਰਦਾ ਹੈ।

*10-47 A.M. (ਇਸ ਸਮੇਂ ਸ੍ਰੀ ਬ੍ਰਹਮ ਮਹਿੰਦਰਾ ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਪਰ ਇਸ ਦੇ ਬਾਵਜੂਦ ਅਸੀਂ ਇਨ੍ਹਾਂ ਬਲੈਕ ਮਾਰਕੀਟੀਆਂ ਅਤੇ ਜ਼ਮ੍ਹਾਂਖੋਰਾਂ ਤੇ ਕੰਟਰੋਲ ਨਹੀ ਕਰ ਸਕੇ। ਪਰ ਇਸ ਮਾਮਲੇ ਵਿਚ ਮੈਂ ਖੁਰਾਕ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪਣੇ ਮਹਿਕਮੇ ਵਿਚ ਛਾਪੇ ਮਾਰੇ ਅਤੇ ਸਾਲ 1980 ਵਿਚ 6635 ਛਾਪੇ ਮਾਰੇ ਗਏ, 449 ਕੇਸ ਦਰਜ ਕੀਤੇ ਗਏ, ਅਤੇ 631 ਆਦਮੀ ਗ੍ਰਿਫਤਾਰ ਕੀਤੇ ਗਏ। ਇਸ ਤੋਂ ਬਾਅਦ 1981 ਵਿਚ 5257 ਛਾਪੇ ਮਾਰੇ ਗਏ, 105 ਕੇਸ ਦਰਜ ਕੀਤੇ ਗਏ ਅਤੇ 72 ਆਦਮੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਔਰ 31-10-82 ਤੱਕ 4110 ਛਾਪੇ ਮਾਰੇ ਗਏ, 29 ਕੇਸਿਜ਼ ਦਰਜ ਕੀਤੇ ਗਏ ਅਤੇ 22 ਆਦਮੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੇ ਨਾਲ ਹੀ ਹੁਣ ਸੈਂਟਰ ਦੀ ਸਰਕਾਰ ਨੇ ਜ਼ਰੂਰੀ ਵਸਤਾਂ ਸਬੰਧੀ ਐਕਟ ਲਾਗੂ ਕੀਤਾ ਹੈ ਤਾਂ ਕਿ ਕੰਟਰੋਲ ਹੋ ਸਕੇ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਦਲੀਪ ਚੰਦ** : ਚੇਅਰਮੈਨ ਸਾਹਿਬ, ਜੋ ਐਕਟ ਸੈਂਟਰ ਸਰਕਾਰ ਨੇ ਲਾਗੂ ਕੀਤਾ ਉਸ ਨੂੰ ਸਟੇਟ ਦੀ ਸਰਕਾਰ ਵੀ ਅਪਣਾਏਗੀ। ਇਸ ਐਕਟ ਨਾਲ ਬਲੈਕ ਮਾਰਕੀਟੀਏ ਅਤੇ ਜਮ੍ਹਾ ਖੋਰਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਇਸ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਡਿਸਟ੍ਰੀਬਿਊਸ਼ਨ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਇਸ ਚੀਜ਼ ਨੂੰ ਮਜ਼ਬੂਤ ਬਣਾਉਣ ਵਾਸਤੇ ਸਰਕਾਰ ਨੇ ਡਿਪੂ ਖੋਲ੍ਹੇ ਹਨ। ਇਸ ਚੀਜ਼ ਦੀ ਸਰਕਾਰ ਨੂੰ ਮੈਂ ਵਧਾਈ ਦਿੰਦਾ ਹਾਂ ਕਿ 1-9-1980 ਨੂੰ ਜਦੋਂ ਸਾਡੀ ਸਰਕਾਰ ਆਈ ਤਾਂ ਜਿਤਨੇ ਡਿਪੂ ਪਹਿਲਾਂ ਸਨ, ਉਸ ਨਾਲੋਂ ਹੁਣ ਡਿਪੂਆਂ ਦੀ ਗਿਣਤੀ ਦੁਗਣੀ ਹੋ ਗਈ ਹੈ। ਕੁਲ 10,780 ਡਿਪੂ ਖੋਲੇ ਗਏ ਹਨ। ਹਰ ਪਿੰਡ ਵਿਚ ਡਿਪੂ ਕਾਇਮ ਹੋ ਗਏ ਹਨ। 400-500 ਕਾਰਡ ਬਣਾਏ ਗਏ ਸੀ। ਉਨ੍ਹਾਂ ਵਿਚ ਕੁਝ ਖਾਮੀਆਂ ਰਹਿ ਗਈਆਂ ਹਨ ਅਤੇ ਉਹ ਖਾਮੀਆਂ ਇਸ ਰੈਜ਼ੋਲਿਊਸ਼ਨ ਰਾਹੀਂ ਦੂਰ ਹੋਣੀਆਂ ਚਾਹੀਦੀਆਂ ਹਨ। ਕਈ ਕਾਰਡ ਕਈ ਕਈ ਸਾਲਾਂ ਤੋਂ ਬਣ ਚੁਕੇ ਹਨ ਪਰ ਉਨ੍ਹਾਂ ਦਾ ਦੁਬਾਰਾ ਇੰਦਰਾਜ਼ ਨਹੀਂ ਕੀਤਾ ਗਿਆ ਕਈ ਕਾਰਡ ਨਵੇਂ ਬਨਣ ਵਾਲੇ ਹਨ। ਕਈ ਜਗ੍ਹਾ ਵੇਖਿਆ ਗਿਆ ਹੈ ਕਿ ਸਾਰੇ ਡਿਪੂਆਂ ਤੇ ਸਾਰੀਆ ਚੀਜ਼ਾਂ ਮੁਹੱਈਆਂ ਨਹੀਂ ਹੋ ਰਹੀਆਂ ਹਨ। ਉਹ ਸਾਰੀਆਂ ਚੀਜ਼ਾਂ ਸਾਰੇ ਡਿਪੂਆਂ ਤੇ ਮਿਲਣੀਆ ਚਾਹੀਦੀਆਂ ਹਨ। ਸਸਤੇ ਭਾਅ ਤੇ ਕਪੜਾ ਜੋ ਡਿਪੂਆਂ ਤੇ ਮਿਲਦਾ ਹੈ, ਉਥੇ ਕਪੜਾ ਕੰਟਰੋਲ ਦਾ ਵੀ ਆਉਂਦਾ ਹੈ ਅਤੇ ਡੀ-ਕੰਟਰੋਲ ਦਾ ਵੀ ਆਉਂਦਾ ਹੈ। ਡੀ-ਕੰਟਰੋਲ ਦਾ ਕਪੜਾ ਮਹਿੰਗਾ ਹੁੰਦਾ ਹੈ ਅਤੇ ਗਰੀਬ ਆਦਮੀ ਉਹ ਕਪੜਾ ਖਰੀਦ ਨਹੀਂ ਸਕਦਾ ਔਰ ਸਸਤੇ ਰੇਟ ਵਾਲਾ ਕੱਪੜਾ ਗਰੀਬ ਆਦਮੀ ਖਰੀਦ ਸਕਦਾ ਹੈ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਕਪੜੇ ਦੇ ਹਰ ਮੀਟਰ ਤੇ ਮੋਹਰ ਲਗਣੀ ਚਾਹੀਦੀ ਹੈ ਅਤੇ ਰੇਟ ਵੀ ਨਾਲ ਹੀ ਲਿਖਿਆ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕੁਰੱਪਸ਼ਨ ਬੰਦ ਹੋ ਸਕਦੀ ਹੈ। ਤੁਸੀਂ ਕਿਸੇ ਵੀ ਦੁਕਾਨ ਤੇ ਜਾਕੇ ਕਪੜਾ ਦੇਖੋ ਤਾਂ ਪਤਾ ਲਗੇਗਾ ਕਿ ਜੇ 10 ਰੁਪਏ ਗਜ਼ ਵਾਲਾ ਕਪੜਾ ਹੋਵੇ ਅਤੇ ਉਸ ਲਈ ਅਗਰ ਦੁਕਾਨਦਾਰ 32 ਰੁਪਏ ਗਜ਼ ਵੀ ਮੰਗ ਲਵੇ ਤਾਂ ਤੁਹਾਨੂੰ ਨਹੀਂ ਪਤਾ ਲਗੇਗਾ ਅਤੇ ਤੁਸੀਂ ਕੋਈ ਇਨਕਾਰੀ ਨਹੀਂ ਕਰ ਸਕਦੇ। ਇਸ ਵੱਲ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਕਿਤਾਬਾਂ ਅਤੇ ਕਾਪੀਆਂ ਨੈਸ਼ਨੇਲਾਈਜ਼ਡ ਕਰ ਦਿਤੀਆਂ ਗਈਆਂ ਹਨ। ਇਸ ਵਿਚ ਕਮੀ ਰਹਿ ਗਈ ਹੈ।

ਟੈਸਟ ਬੁਕਾਂ ਅਤੇ ਟੈਸਟ ਪੇਪਰ ਦੁਕਾਨਦਾਰਾਂ ਨੇ ਜੋ ਚਲਾਏ ਹੋਏ ਹਨ, ਉਹੀ ਗਰੀਬ ਬੱਚੇ ਖਰੀਦਦੇ ਹਨ ਕਿਉਂ ਕਿ ਦੂਜੀਆਂ ਕਿਤਾਬਾਂ ਤੇ ਜ਼ਿਆਦਾ ਖਰਚ ਪੈਂਦਾ ਹੈ। ਇਹ ਟਸਟ ਬੁਕਾਂ ਵਾਲਾ ਸਿਸਟਮ ਬੰਦ ਹੋਣਾ ਚਾਹੀਦਾ ਹੈ। ਬਲੈਕ ਮਾਰਕੀਟੀਏ ਅਤੇ ਜਮਾਂ ਖੋਰਾਂ ਕਰਕੇ ਦੇਸ਼ ਦਾ ਨੁਕਸਾਨ ਹੋ ਰਿਹਾ ਹੈ।

ਚੇਅਰਮੈਨ ਸਾਹਿਬ, ਸਬਸੇਡਾਈਜ਼ਡ ਰੇਟਸ ਤੇ ਜਿਹੜੀਆਂ ਚੀਜ਼ਾ ਦੇਣ ਦਾ ਸਿਸਟਮ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ, ਉਸ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ । 15 ਅਗਸਤ, 1981 ਦਾ ਦਿਨ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ । ਹਿੰਦੁਸਤਾਨ ਵਿਚ ਪੰਜਾਬ ਨੇ ਇਹ ਪਹਿਲਾ ਕਦਮ ਚੁਕਿਆ ਹੈ । ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਜਿਹੜੇ ਗਰੀਬ ਲੋਕ ਹਨ ਅਤੇ ਹੋਰ ਜਾਤੀਆਂ ਦੇ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਲਈ ਪੀਲੇ ਕਾਰਡ, ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਬਣਾਏ ਹਨ । ਇਸ ਵਾਸਤੇ ਪੰਜਾਬ ਸਰਕਾਰ ਨੇ ਸਾਢੇ ਚਾਰ ਕਰੋੜ ਰੁਪਿਆ ਸਬਸਡੀਜ਼ ਵਾਸਤੇ ਰਖਿਆ ਹੈ । ਉਸ ਵੱਲ ਪੰਜਾਬ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਗਰੀਬਾਂ ਨੂੰ ਪੂਰੀ ਚੀਜ਼ ਸਸਤੇ ਰੇਟ ਤੇ ਮਿਲ ਸਕੇ । ਹੋ ਸਕਦਾ ਹੈ ਕਿ ਪਿੰਡਾਂ ਵਿਚ ਸਾਰੀ ਚੀਜ਼ ਮੁਹੱਈਆ ਨਾ ਹੋ ਸਕੇ । ਇਸ ਵੱਲ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਬਲੈਕ-ਮਾਰਕੀਟੀਏ ਅਤੇ ਜਮ੍ਹਾਂ-ਖੋਰ ਫ਼ਾਇਦਾ ਨਾ ਉਠਾ ਸਕਣ, ਇਸ ਵੱਲ ਵੀ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਮੈਂ ਕੁਝ ਸੁਝਾਓ ਫੂਡ ਗਰੇਨਜ਼ ਦੇ ਬਾਰੇ ਦੇਣਾ ਚਾਹੁੰਦਾ ਹਾਂ । ਸਪੋਰਟ ਪ੍ਰਾਈਸ ਅਤੇ ਇਸ਼ੂ ਪ੍ਰਾਈਸ ਇਨ੍ਹਾਂ ਦੋਨਾਂ ਵਿਚ ਮਾਰਜਨ ਬਹੁਤ ਹੈ । ਅਗਰ ਇਹ ਨੋ ਪ੍ਰਾਫਿਟ ਅਤੇ ਨੋ ਲਾਸ ਬੇਸਿਜ਼ ਤੇ ਹੋਵੇ ਤਾਂ ਮਾਰਜਨ ਘੱਟ ਸਕਦਾ ਹੈ । ਮਾਰਜਨ ਜ਼ਿਆਦਾ ਹੋਣ ਕਰਕੇ ਬਲੈਕ ਮਾਰਕਿਟ ਹੁੰਦੀ ਹੈ । ਮਿਸਾਲ ਦੇ ਤੌਰ ਤੇ 142 ਰੁਪਏ ਕੁਇੰਟਲ ਕਣਕ ਖ਼ਰੀਦੀ ਜਾਂਦੀ ਹੈ ਅਤੇ 175 ਰੁਪਏ ਕੁਇੰਟਲ ਕਣਕ ਵੇਚੀ ਜਾਂਦੀ ਹੈ । ਇਸ ਵਿਚ 33 ਰੁਪਏ ਕੁਇੰਟਲ ਦਾ ਮਾਰਜਨ ਹੈ । ਇਸ ਮਾਰਜਨ ਨੂੰ ਵੇਖ ਕੇ ਵਪਾਰੀ ਬਲੈਕ ਕਰਦਾ ਹੈ । ਇਸ ਲਈ ਮਾਰਜਨ ਘੱਟ ਹੋਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਸੀਮਿੰਟ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਸੀਮਿੰਟ ਦੀ ਪੰਜਾਬ ਵਿਚ ਹਾਲਤ ਬਹੁਤ ਮਾੜੀ ਹੈ । ਲੈਵੀ ਸੀਮਿੰਟ ਦੀ ਕੀਮਤ 62 ਰੁਪਏ ਬੋਰੀ ਫਿਕਸ ਕੀਤੀ ਗਈ ਹੈ, ਪਰ ਮਾਰਕਿਟ ਵਿਚ ਇਹ 85 ਰੁਪਏ ਤੋਂ ਲੈ ਕੇ 90 ਰੁਪਏ ਤਕ ਬੋਰੀ ਮਿਲਦੀ ਹੈ । ਇਸ ਵਿਚ ਮੈਂ ਸਮਝਦਾ ਹਾਂ ਕਿ ਹੇਰਾ-ਫੇਰੀ ਅਤੇ ਬਲੈਕ ਮਾਰਕਿਟ ਹੋ ਰਹੀ ਹੈ ।

**ਸਰਦਾਰ ਬੀਰਦਵਿੰਦਰ ਸਿੰਘ** : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ ਇਹ ਬੜਾ ਇੰਪਾਰਟੈਂਟ ਮਸਲਾ ਹੈ । ਅਸੀਂ ਬੜੇ ਇੰਪਾਰਟੈਂਟ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਕਰ ਰਹੇ ਹਾਂ । ਮੈਂ ਵੇਖਿਆ ਹੈ ਅਤੇ ਤੁਸੀਂ ਵੀ ਵੇਖਿਆ ਹੋਵੇਗਾ ਕਿ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਦਾ ਕੋਈ ਵੀ ਅਫਸਰ ਗੈਲਰੀ ਵਿਚ ਹਾਜ਼ਰ ਨਹੀਂ ਹੈ । ਫੂਡ ਐਂਡ ਸਪਲਾਈਜ਼ ਦਾ ਨਾ ਹੀ ਸੈਕਟਰੀ ਬੈਠਾ ਹੈ ਅਤੇ ਨਾਂ ਹੀ ਡਾਇਰੈਕਟਰ ਬੈਠਾ ਹੈ। ਮਨਿਸਟਰ ਸਾਹਿਬ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਇਥੇ ਹਾਊਸ ਵਿਚ ਬੈਠਣ । ਕਿਉਂ ਕਿ ਬੜਾ ਹੀ ਇੰਪਾਰਟੈਂਟ ਰੈਜ਼ੋਲਿਊਸ਼ਨ ਡਿਸਕਸ ਹੋ ਰਿਹਾ ਹੈ ।

**ਸ੍ਰੀ ਸਭਾਪਤੀ** : ਫੂਡ ਐਂਡ ਸਪਲਾਈਜ਼ ਮੰਤਰੀ ਜੀ ਤੁਸੀਂ ਆਪਣੇ ਅਫ਼ਸਰਾਂ ਨੂੰ ਇਥੇ ਅਫ਼ਸਰ ਗੈਲਰੀ ਵਿਚ ਬੁਲਾਓ ।

**ਰਾਜ ਮੰਤਰੀ, ਖ਼ੁਰਾਕ ਅਤੇ ਸਪਲਾਈ** : ਚੇਅਰਮੈਨ ਸਾਹਿਬ, ਮੈਂ ਇਸ ਸਬੰਧੀ ਕਹਿ ਦਿਤਾ ਹੈ ਜੀ ।

**ਕਾਮਰੇਡ ਸੋਹਣ ਸਿੰਘ** : ਪੁਆਇੰਟ ਆਫ ਆਰਡਰ ਸਰ ਚੇਅਰਮੈਨ ਸਾਹਿਬ । ਮਾਸਟਰ ਦਲੀਪ ਚੰਦ ਜੀ ਨੇ ਪੀਲੇ ਕਾਰਡਾਂ ਦਾ ਜ਼ਿਕਰ ਕੀਤਾ ਹੈ । ਪੀਲੇ ਕਾਰਡ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੋਹਣ ਸਿੰਘ]

ਜਿਹੜੇ ਵੱਡੇ ਵੱਡੇ ਆਦਮੀਆਂ ਨੇ ਬਣਾ ਲਏ ਹਨ, ਕੀ ਸਰਕਾਰ ਉਸ ਵੱਲ ਧਿਆਨ ਦੇਵੇਗੀ। ਇਨ੍ਹਾਂ ਨੇ ਕੱਪੜੇ ਦਾ ਵੀ ਜ਼ਿਕਰ ਕੀਤਾ ਹੈ। ਕੱਪੜਾ ਜਿਹੜਾ ਡਿਪੂਆਂ ਤੇ ਆ ਰਿਹਾ ਹੈ, ਉਹ ਗ਼ਰੀਬ ਲੋਕ ਨਹੀਂ ਖ਼ਰੀਦ ਸਕਦੇ। ਇਸ ਲਈ ਸਸਤਾ ਕਪੜਾ ਡਿਪੂਆਂ ਤੇ ਮੁਹੱਈਆ ਕਰਨਾ ਚਾਹੀਦਾ ਹੈ।

**ਸ਼੍ਰੀ ਸਭਾਪਤੀ** ਕਾਮਰੇਡ ਸੋਹਨ ਸਿੰਘ ਜੀ, ਮਾਸਟਰ ਦਲੀਪ ਚੰਦ ਜੀ ਨੂੰ ਆਪਣਾ ਵਿਊ ਪੁਆਇੰਟ ਰਖ ਲੈਣ ਦਿਓ। ਉਸ ਤੋਂ ਬਾਅਦ ਜਦੋਂ ਤੁਸੀਂ ਡਿਸਕਸ਼ਨ ਵਿਚ ਪਾਰਟੀਸੀਪੇਟ ਕਰੋਗੇ ਤਾਂ ਉਸ ਵੇਲੇ ਆਪਣੀ ਗੱਲ ਕਹਿ ਲੈਣਾ।

**ਮਾਸਟਰ ਦਲੀਪ ਚੰਦ :** ਚੇਅਰਮੈਨ ਸਾਹਿਬ, ਅੱਜ ਕੱਲ ਮਕਾਨ ਕੋਈ ਗ਼ਰੀਬ ਆਦਮੀ ਨਹੀਂ ਬਣਾ ਸਕਦਾ। ਜੇ ਕਰ ਕੋਈ ਛੋਟਾ ਜਿਹਾ ਮਕਾਨ ਬਣਾਉਣਾ ਹੋਵੇ ਤਾਂ ਉਸ ਲਈ ਵੀ ਬੜਾ ਮੁਸ਼ਕਲ ਹੈ। 1980 ਵਿਚ 220 ਰੁਪਏ 1000 ਇੱਟਾਂ ਦਾ ਭਾਅ ਸੀ ਅਤੇ 1981 ਵਿਚ 285 ਰੁਪਏ 1000 ਇੱਟਾਂ ਦਾ ਭਾਅ ਸੀ ਅਤੇ 1982 ਵਿਚ 425 ਰੁਪਏ ਇੱਟਾਂ ਦਾ ਭਾਅ ਹੈ। ਪਰ ਇਹ ਇੱਟਾਂ ਇਸ ਭਾਅ ਤੇ ਨਹੀਂ ਮਿਲਦੀਆਂ ਬਲਕਿ ਭੱਠੇ ਵਾਲੇ ਬੇਸ਼ਕ 700 ਰੁਪਏ ਹਜ਼ਾਰ ਇੱਟ ਦਾ ਲਗਾ ਲੈਣ ਤਾਂ ਕੋਈ ਨਹੀਂ ਪੁੱਛਦਾ। ਉਹ ਇੱਟ ਵੀ ਅੱਵਲ ਨਹੀਂ ਦਿੰਦੇ। ਉਸ ਵਿਚ ਅੱਧੀ ਘਟੀਆ ਇੱਟ ਹੁੰਦੀ ਹੈ ਅਤੇ ਅੱਧੀ ਅੱਵਲ ਹੁੰਦੀ ਹੈ। ਇਸ ਲਈ ਇੱਟਾਂ ਫਿਕਸ ਰੇਟ ਤੇ ਮਿਲਣੀਆਂ ਚਾਹੀਦੀਆਂ ਹਨ ਤਾਂਕਿ ਕੁਰੱਪਸ਼ਨ ਨਾ ਹੋ ਸਕੇ। ਜੋ ਫਿਕਸ ਰੇਟ ਸਰਕਾਰ ਕਰੇ ਉਸ ਤੋਂ ਵੱਧ ਰੇਟ ਤੇ ਇੱਟਾਂ ਨਹੀਂ ਮਿਲਣੀਆਂ ਚਾਹੀਦੀਆਂ ਇਸ ਦਾ ਪਿੰਡਾਂ ਵਿਚ ਬੜਾ ਚਰਚਾ ਹੈ। ਕੋਈ ਆਦਮੀ ਵੀ, ਚੇਅਰਮੈਨ ਸਾਹਿਬ, ਆਪਣੇ ਰਹਿਣ ਵਾਸਤੇ ਛੋਟਾ ਮੋਟਾ ਮਕਾਨ ਨਹੀਂ ਬਣਾ ਸਕਦਾ। ਸ੍ਰੀਮਤੀ ਇੰਦਰਾ ਗਾਂਧੀ ਜੀ ਨੇ 20 ਨੁਕਾਤੀ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਜੋ ਕਿ ਬੜਾ ਹੀ ਕਾਬਲੇ ਤਾਰੀਫ ਹੈ। ਇਸ ਵਿਚ ਬਲੈਕ ਮਾਰਕੀਟੀਏ ਅਤੇ ਜਮ੍ਹਾਂ ਖੋਰਾਂ ਨੂੰ ਕਾਬੂ ਕਰਨਾ ਹੈ। ਪਿਛੇ ਮੈਂ ਇਸ ਸਬੰਧੀ ਤਿੰਨ ਚਾਰ ਸੁਝਾਓ ਦਿਤੇ ਹਨ।

ਮਕਾਨ ਬਨਾਉਣ ਵਾਸਤੇ ਲੋਹਾ, ਇੱਟਾਂ ਅਤੇ ਸੀਮਿੰਟ ਦੀ ਬਹੁਤ ਤੰਗੀ ਹੈ ਔਰ ਗ਼ਰੀਬ ਆਦਮੀ ਇਹ ਚੀਜ਼ਾਂ ਖ਼ਰੀਦ ਨਹੀਂ ਸਕਦਾ ਔਰ ਨਾ ਹੀ ਉਸ ਨੂੰ ਇਹ ਮਿਲ ਸਕਦੀਆਂ ਹਨ। ਜਿਨ੍ਹਾਂ ਦੇ ਪੀਲੇ ਕਾਰਡ ਬਣੇ ਹੋਏ ਹਨ ਜਾਂ ਜੋ ਲੋਕ ਇਕਨਾਮੀਕਲੀ ਬੈਕਵਰਡ ਹਨ ਉਨ੍ਹਾਂ ਨੂੰ ਇਹ ਚੀਜ਼ਾਂ ਸਬਸਿਡਾਈਜ਼ਡ ਕਰਕੇ ਦੇਣੀਆ ਚਾਹੀਦੀਆਂ ਹਨ ਤਾਂਕਿ ਉਹ ਲੋਕ ਆਪਣੇ ਮਕਾਨ ਬਣਾ ਸਕਣ।

ਹੁਣ, ਚੇਅਰਮੈਨ ਸਾਹਿਬ, ਮੈਂ ਪੈਟ੍ਰੋਲ ਔਰ ਡੀਜ਼ਲ ਬਾਰੇ ਗੱਲ ਕਹਨੀ ਚਾਹੁੰਦਾ ਹਾਂ। ਇਸ ਵਿਚ ਬੜੀ ਹੇਰਾ-ਫੇਰੀ ਹੋ ਰਹੀ ਹੈ। ਮੈਂ ਆਪਣੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦੇਖਿਆ ਹੈ ਕਿ ਪੈਟਰੋਲ ਪੰਪਾਂ ਤੇ ਪੈਟ੍ਰੋਲ ਅਤੇ ਡੀਜ਼ਲ ਵਿਚ ਮਿੱਟੀ ਦਾ ਤੇਲ ਮਿਲਿਆ ਹੋਇਆ ਹੁੰਦਾ ਹੈ। ਜੋ ਜ਼ਿਮੀਂਦਾਰ ਲੋਕ ਆਪਣੇ ਇੰਜਣਾਂ ਵਾਸਤੇ ਇਹ ਪੈਟ੍ਰੋਲ ਜਾਂ ਡੀਜ਼ਲ ਲਿਜਾਂਦੇ ਹਨ ਤੇਲ ਵਿਚ ਮਿਲਾਵਟ ਹੋਣ ਕਰਕੇ ਉਨ੍ਹਾਂ ਦੇ ਇੰਜਣ ਖਰਾਬ ਹੋ ਜਾਂਦੇ ਹਨ। ਜੋ ਉਨ੍ਹਾਂ ਨੇ ਚਾਰ ਪੰਜ ਹਜ਼ਾਰ ਰੁਪਿਆ ਇੰਜਣ ਤੇ ਲਗਾਇਆ ਹੁੰਦਾ ਹੈ ਉਸਦਾ ਸਤਿਆਨਾਸ ਹੋ ਜਾਂਦਾ ਹੈ। ਸਰਕਾਰ ਨੂੰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਜੇਕਰ ਚੈਕਿੰਗ ਕੀਤੀ ਜਾਏ ਤਾਂ ਕੋਈ ਵੀ ਪੈਟ੍ਰੋਲ ਪੰਪ ਅਜਿਹਾ ਨਹੀਂ ਨਿਕਲੇਗਾ ਜਿਥੇ ਕਿ ਪੈਟ੍ਰੋਲ ਔਰ ਡੀਜ਼ਲ ਵਿਚ ਮਿਲਾਵਟ ਨਾ ਮਿਲੇ।

Original with;
Punjab Vidhan Sabha
Digitized by;
Panjab Digital Library

ਲੈਂਡ ਮਾਰਟਗੇਜ ਬੈਂਕਾਂ ਵਿਚ ਕੁਰੱਪਸ਼ਨ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ। ਮੈਂ ਇਸ ਬਾਰੇ ਪਿਛਲੇ ਸੈਸ਼ਨ ਵਿਚ ਵੀ ਬੇਨਤੀ ਕੀਤੀ ਸੀ। ਲੈਂਡ ਮਾਰਟਗੇਜ ਬੈਂਕ ਤੋਂ ਜਦੋਂ ਲੋਕ ਕਰਜ਼ਾ ਲੈਣ ਜਾਂਦੇ ਹਨ ਤਾਂ ਉਨ੍ਹਾਂ ਤੇ ਇਹ ਸ਼ਰਤ ਲਗਾ ਦਿੱਤੀ ਜਾਂਦੀ ਹੈ ਕਿ ਕਰਜ਼ਾ ਤਾਂ ਦਿੱਤਾ ਜਾਏਗਾ ਜੇਕਰ ਉਹ ਇੰਜਣ ਉਥੋਂ ਖਰੀਦੇਗਾ ਜਿਥੋਂ ਕਿ ਉਹ ਕਹਿਣਗੇ। ਇਸ ਤਰ੍ਹਾਂ ਦੀ ਲੋਨ ਲੈਣ ਵਾਲਿਆਂ ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ ਅੌਰ ਉਥੇ ਕੁਰੱਪਸ਼ਨ ਕੀਤੀ ਜਾਂਦੀ ਹੈ। ਪੰਜਾਬ ਵਿਚ ਕੋਈ 18-20 ਏਜੰਸੀਆਂ ਹਨ ਜਿਨ੍ਹਾਂ ਤੋਂ ਬਗੈਰ ਹੋਰ ਕਿਤੇ ਇੰਜਣ ਖ਼ਰੀਦੇ ਨਹੀਂ ਜਾ ਸਕਦੇ। ਮੇਰੀ ਇਹ ਬੇਨਤੀ ਹੈ ਕਿ ਜਦੋਂ ਵੀ ਕੋਈ ਜ਼ਿਮੀਦਾਰ ਕਿਸੇ ਚੀਜ਼ ਵਾਸਤੇ ਕਰਜ਼ਾ ਲੈਂਦਾ ਹੈ ਤਾਂ ਉਸ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਉਹ ਚੀਜ਼ ਜਿਥੋਂ ਮਰਜ਼ੀ ਖ਼ਰੀਦੇ। ਇਸ ਲਈ ਸਰਕਾਰ ਨੂੰ ਚੈਕ ਕਰਨਾ ਚਾਹੀਦਾ ਹੈ ਕਿ ਜਿਸ ਮਤਲਬ ਵਾਸਤੇ ਲੋਨ ਲਿਆ ਗਿਆ ਹੈ ਕੀ ਉਸੇ ਪਰਪਜ਼ ਵਾਸਤੇ ਉਹ ਖ਼ਰਚ ਕੀਤਾ ਗਿਆ ਹੈ, ਜਾਂ ਨਹੀਂ। ਜੇਕਰ ਉਸ ਨੇ ਇੰਜਣ ਵਾਸਤੇ ਲੋਨ ਲਿਆ ਹੈ ਤਾਂ ਇਹ ਚੈਕ ਕਰਨਾ ਚਾਹੀਦਾ ਹੈ ਕਿ ਇੰਜਣ ਉਸ ਨੇ ਖ਼ਰੀਦਿਆ ਵੀ ਹੈ ਜਾਂ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਇਸ ਕਿਸਮ ਦੀ ਕੁਰੱਪਸ਼ਨ ਹਰ ਜਗ੍ਹਾਂ ਤੇ ਹੋ ਰਹੀ ਹੈ ਅੌਰ ਬਲਾਚੌਰ ਵਿਚ ਵੀ ਹੋ ਰਹੀ ਹੈ। ਉਥੇ ਬਲਾਚੌਰ ਵਿਚ ਇਕ ਹੀ ਦੁਕਾਨ ਹੈ। ਜੇਕਰ ਟਿਊਬਵੈਲ ਲਈ ਉਥੋਂ ਮਸ਼ੀਨਰੀ ਖ਼ਰੀਦੀ ਜਾਏ ਤਾਂ ਉਸ ਦੀ ਕੀਮਤ ਬਾਜ਼ਾਰ ਨਾਲੋਂ 800/- ਰੁਪਏ ਜ਼ਿਆਦਾ ਹੈ। ਇਸ ਲਈ ਜਿਹੜਾ ਉਥੋਂ ਖ਼ਰੀਦਦਾ ਹੈ ਉਸ ਨੂੰ ਮਾਰਕਿਟ ਨਾਲੋਂ 800/- ਰੁਪਿਆ ਵਧ ਦੇਣਾ ਪੈਂਦਾ ਹੈ।

ਲੋਕਾਂ ਦੀ ਸਿਹਤ ਵਾਸਤੇ ਸਭ ਤੋਂ ਅੱਛੀ ਚੀਜ਼ ਜੋ ਹੈ, ਉਹ ਦੁਧ ਹੈ। ਦੁੱਧ ਖਾਲਸ ਮਿਲਣਾ ਚਾਹੀਦਾ ਹੈ। ਮੈਂ ਦੇਖਿਆ ਹੈ ਕਿ ਪਹਿਲਾਂ ਪਿੰਡਾਂ ਵਿਚ ਕੋਈ ਆਪਣਾ ਦੁੱਧ ਵੇਚਦਾ ਨਹੀਂ ਸੀ। ਪਰ ਹੁਣ ਉਹ ਲੋਕ ਚਾਹ ਵਾਸਤੇ ਦੁੱਧ ਰਖ ਕੇ ਬਾਕੀ ਦਾ ਸਾਰਾ ਦੁੱਧ ਵੇਚ ਦਿੰਦੇ ਹਨ। ਇੱਕ ਵਾਰੀ ਮੈਂ ਚਮਕੌਰ ਸਾਹਿਬ ਤੋਂ ਚੰਡੀਗੜ੍ਹ ਵਿਖੇ ਆ ਰਿਹਾ ਸੀ ਤਾਂ ਮੈਂ ਰਸਤੇ ਵਿਚ ਦੇਖਿਆ ਕਿ ਇੱਕ ਦੋਜੀ ਛੱਪੜ ਦੇ ਕਿਨਾਰੇ ਖੜ੍ਹਾ ਬਾਲਟੀ ਨਾਲ ਛੱਪੜ ਵਿਚੋਂ ਪਾਣੀ ਆਪਣੇ ਦੁੱਧ ਵਿਚ ਮਿਲਾ ਰਿਹਾ ਸੀ। ਤੁਸੀਂ ਹੈਰਾਨ ਹੋਵੋਗੇ, ਚੇਅਰਮੈਨ ਸਾਹਿਬ, ਬਲਾਚੌਰ ਅੌਰ ਰੋਪੜ ਵੀ ਨੇੜੇ ਹੀ ਹੈ ਉਥੇ ਮੈਂ ਦਸ ਸਕਦਾ ਹਾਂ ਕਿ ਜੋ ਦੁੱਧ ਮਾਰਕੀਟ ਵਿਚ ਵਿਕ ਰਿਹਾ ਹੈ ਉਸ ਵਿਚ ਅੱਧਾ ਪਾਣੀ ਹੁੰਦਾ ਹੈ ਅੌਰ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੈ। ਦੁਕਾਨਦਾਰ ਖ਼ੁਸ਼ੀਂ ਨਾਲ ਦੁੱਧ ਉਨ੍ਹਾਂ ਦੋਜੀਆਂ ਤੋਂ ਲੈ ਲੈਂਦੇ ਹਨ ਚਾਹੇ ਉਹ ਦੁੱਧ ਸਿਹਤ ਵਾਸਤੇ ਖਰਾਬ ਹੀ ਹੁੰਦਾ ਹੈ। ਤੁਸੀਂ ਇਹ ਵੀ ਸੁਣ ਕੇ ਹੈਰਾਨ ਹੋਵੋਗੇ ਕਿ ਜਦੋਂ ਚੀਨੀ ਦਸ ਰੁਪਏ ਕਿਲੋ ਸੀ ਉਦੋਂ ਵੀ ਚਾਹ ਦਾ ਕੱਪ ਅੱਠ ਆਨੇ ਮਿਲਦਾ ਸੀ ਅੌਰ ਜਦੋਂ ਹੁਣ ਚੀਨੀ ਦਾ ਭਾਅ 5 ਰੁਪਏ ਕਿਲੋ ਹੈ ਤਾਂ ਵੀ ਚਾਹ ਦਾ ਕੱਪ ਅੱਠ ਆਨੇ ਦਾ ਮਿਲਦਾ ਹੈ। ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਦੋਜੀ ਸਵੇਰੇ ਪਾਣੀ ਪਾ ਕੇ ਆਪਣਾ ਦੁੱਧ ਲੈਕੇ ਸ਼ਹਿਰ ਵਿਚ ਆਉਂਦੇ ਹਨ ਉਨ੍ਹਾਂ ਲਈ ਸਿਹਤ ਵਿਭਾਗ ਵੱਲੋਂ ਚੈਕਿੰਗ ਹੋਣੀ ਚਾਹੀਦੀ ਹੈ, ਪਰ ਵੇਖਣ ਵਿਚ ਆਇਆ ਹੈ ਕਿ ਜੋ ਚੈਕਿੰਗ ਕੀਤੀ ਜਾਂਦੀ ਹੈ ਮਹਿਕਮੇ ਵਾਲੇ ਉਨ੍ਹਾਂ ਦੋਜੀਆਂ ਨਾਲ ਮਿਲੇ ਹੋਏ ਹੋਣ ਕਰਕੇ ਉਹ ਜਿਹੜਾ ਠੀਕ ਦੁੱਧ ਹੁੰਦਾ ਹੈ ਉਹੁ ਹੀ ਲੈ ਲੈਂਦੇ ਹਨ ਅਤੇ ਜਦੋਂ ਚੈਕਿੰਗ ਹੁੰਦੀ ਹੈ ਤਾਂ ਉਹ ਦੁੱਧ ਠੀਕ ਪਾਇਆ ਜਾਂਦਾ ਹੈ। ਇਸ ਤਰ੍ਹਾਂ ਨਾਲ ਜੋ ਦੋਜੀ ਦੁੱਧ ਵਿਚ ਪਾਣੀ ਪਾਉਂਦੇ ਹਨ ਉਹ ਸਜ਼ਾ ਪਾਉਣ ਤੋਂ ਬਚ ਜਾਂਦੇ ਹਨ। ਇਸ ਪਾਸੇ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਕੋਈ ਪਰਬੰਧ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਆਖ਼ਰ ਵਿਚ, ਚੇਅਰਮੈਨ ਸਾਹਿਬ, ਮੈਂ ਆਪਣੇ ਮੁੱਖ ਮੰਤਰੀ ਸਾਹਿਬ, ਸਰਦਾਰ ਦਰਬਾਰਾ ਸਿੰਘ ਦਾ ਅਤੇ ਉਨ੍ਹਾਂ ਦੀ ਸਰਕਾਰ ਦਾ ਧੰਨਵਾਦੀ ਹਾਂ ਕਿਉਂਕਿ ਇਹ ਸਰਕਾਰ ਲੋਕਾਂ ਵਾਸਤੇ ਸਰਾਹੁਣਯੋਗ ਕੰਮ ਕਰ ਰਹੀ ਹੈ। ਮੈਂ ਉਮੀਦ ਕਰਦਾ ਹਾਂ ਕਿ ਜਿਹੜੇ ਸੁਝਾਉ ਮੈਂ ਦਿੱਤੇ ਹਨ ਉਨ੍ਹਾਂ ਵੱਲ ਸਰਕਾਰ ਧਿਆਨ ਦੇਵੇਗੀ। ਮੈਂ, ਚੇਅਰਮੈਨ ਸਾਹਿਬ, ਤੁਹਾਡਾ ਵੀ ਧੰਨਵਾਦੀ ਹਾਂ ਕਿਉਂਜੋ ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ।

**Mr. Chairman** Motion moved—

> With a view to check the upward trend in the prices of foodgrains and other commodities, this House recommends to the Government to take drastic steps against the hoarders in the State.

I have already asked the Minister concerned for the presence of officers of his Department in the Official Gallery. It would be better if they come.

**Sardar Birdevinder Singh**: I would request the Minister, through you, that he should conduct an enquiry. This is an insult to the House that the senior Officers of the Department are not present in the Officers Gallery. Notice in regard to the discussion of this Resolution has already been issused. Sufficient time was given. I think they have not taken this issue seriously. This is a very serious matter. When this Resolution is being discussed on the floor of the House, absence of the Officers is a disrespect to the House. I would request, Mr. Chairman, through you, to the Minister that he should personally look into this matter and see if any officer is responsible in this respect, action should be taken against him.

**Mr. Chairman** : I personally feel that this is an important matter. When we are discussing the Resolution relating to the hoarding of foodgrains, the Minister should ensure the presence of officers of his Department in the Officers Gallery.

**Minister of State for Food and Supplies** : Sir, they are just coming.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ)** : ਸਾਥੀ ਦਲੀਪ ਚੰਦ ਜੀ ਨੇ ਜਿਹੜਾ ਰੈਜ਼ੋਲੂਸ਼ਨ ਜਿਸ ਮਕਸਦ ਨਾਲ ਦਿੱਤਾ ਹੈ, ਉਹ ਐਡਾ ਇੰਪਾਰਟੈਂਟ ਅਤੇ ਲੋਕ ਹਿਤਾਂ ਨਾਲ ਸਬੰਧਤ ਹੈ। ਵਾਕਿਆ ਹੀ ਇਸ ਮਸਲੇ ਨੂੰ ਸਾਰਿਆਂ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਸ੍ਰੀ ਚੇਅਰਮੈਨ, ਮੇਰੇ ਸਾਥੀ ਮਾਸਟਰ ਦਲੀਪ ਚੰਦ ਨੇ ਕਿਹਾ ਹੈ ਕਿ ਵਧਦੀਆਂ ਕੀਮਤਾਂ ਇੱਕ ਇੰਟਰਨੈਸ਼ਨਲ ਫਿਨੌਮੇਨਾ ਹੈ ਲੇਕਿਨ ਆਪਣੇ ਯਤਨਾਂ ਨਾਲ ਉਸ ਫਿਨੌਮੇਨਾ ਨੂੰ ਅਸੀਂ ਆਇਆ ਕੰਟਰੋਲ ਕਰ ਸਕਦੇ ਹਾਂ ਜਾਂ ਨਹੀਂ, ਇਹ ਸਵਾਲ ਸਾਡੇ ਹਾਊਸ ਦੇ ਸਾਹਮਣੇ ਹੈ। ਮੇਰੀ ਰਾਏ ਹੈ ਕਿ ਸਾਨੂੰ ਇਹ ਵੱਧਦੀਆਂ ਕੀਮਤਾਂ ਦੇ ਕਾਰਣ ਲੱਭਣੇ ਚਾਹੀਦੇ ਹਨ ਅਤੇ ਇਨ੍ਹਾਂ ਵੱਧਦੀਆਂ ਕੀਮਤਾਂ ਨੂੰ ਰੋਕਣ ਵਾਸਤੇ ਅਸੀਂ ਕੀ ਉਪਰਾਲੇ ਕੀਤੇ ਹਨ ਅਤੇ ਕੀ ਸਟੈਪਸ ਲੈ ਰਹੇ ਹਾਂ, ਇਸ ਵੱਲ ਦੇਖਣ ਚਾਹੀਦਾ ਹੈ। ਇਹ ਵੀ ਵੇਖਣਾ ਚਾਹੀਦਾ ਹੈ ਕਿ ਵੱਧਦੀਆਂ ਕੀਮਤਾਂ ਸਿਰਫ ਉਸ ਰਫਤਾਰ ਨਾਲ ਹੀ ਵਧੀਆਂ ਹਨ ਜਿਸ ਰਫਤਾਰ ਨਾਲ ਐਗਰੀਕਲਚਰਲ ਔਰ ਇੰਡਸਟਰੀਅਲ ਪਰੋਡਕਸ਼ਨ ਦੇ ਰੇਟਸ ਵਿਚ ਵਾਧਾ ਹੋਇਆ ਹੈ। ਉਸ ਦੇ ਵਿਚ ਅਤੇ ਦੂਜੀਆਂ ਜ਼ਿੰਦਗੀ ਦੀਆਂ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਇੱਕ ਬੈਲੈਂਸ ਰਹਿ ਸਕੇ ਔਰ ਉਸ ਵਾਸਤੇ

Original with;
Punjab Vidhan Sabha
Digitized by;
Panjab Digital Library

ਮੇਰੇ ਸਾਥੀ ਨੇ ਖਾਸ ਤੌਰ ਤੇ ਜ਼ੋਰ ਦਿੱਤਾ ਹੈ । ਇਸ ਬਾਰੇ ਕਈ ਕਾਰਣ ਹੋਰ ਵੀ ਹੋ ਸਕਦੇ ਹਨ । ਕਈ ਵਾਰੀ ਚੀਜ਼ਾਂ ਘਟ ਪੈਦਾ ਹੁੰਦੀਆਂ ਹਨ ਅਤੇ ਕੀਮਤਾਂ ਵਧਦੀਆਂ ਹਨ । ਪਰ ਇੱਕ ਬੜਾ ਵੱਡਾ ਕਾਰਣ ਇਹ ਹੈ ਕਿ ਚੀਜ਼ਾਂ ਬੜੀਆਂ ਪੈਦਾ ਹੋਈਆਂ ਹਨ ਲੇਕਿਨ ਜਿਹੜੇ ਸਟਾਕਿਸਟਸ ਔਰ ਹੋਰਡਰਜ਼ ਨੇ ਚਾਹੇ ਉਹ ਵਡੇ ਜ਼ਿਮੀਂਦਾਰ ਹੋਣ ਔਰ ਚਾਹੇ ਉਹ ਵਪਾਰੀ ਹੋਣ ਮਾਲ ਨੂੰ ਖਰੀਦ ਕੇ ਆਪਣੇ ਗੋਡਾਊਨ ਵਿਚ ਭਰ ਲੈਂਦੇ ਹਨ । ਇਹ ਲੋਕ ਬੈਂਕਾਂ ਵਾਲਿਆਂ ਨਾਲ ਮਿਲ ਹੋਏ ਹੁੰਦੇ ਹਨ ਅਤੇ ਗਲਤ ਚੀਜ਼ ਸ਼ੋ ਕਰਕੇ ਉਸ ਦੇ ਅਗੇਂਸਟ ਪੈਸਾ ਲੈ ਲੈਂਦੇ ਹਨ । ਇਹ ਪੈਸਾ ਲੋਕਾਂ ਦਾ ਹੁੰਦਾ ਹੈ ਪਰ ਇਸ ਪੈਸੇ ਨਾਲ ਸਟਾਕ ਕਰਦੇ ਅਤੇ ਫਿਰ ਆਰਟੀ-ਫਿਸ਼ਲ ਸਕੇਅਰਸਿਟੀ ਪੈਦਾ ਕਰਕੇ ਚੀਜ਼ਾਂ ਦੀਆਂ ਮਨਮਾਨੀਆਂ ਕੀਮਤਾਂ ਡਿਕਟੇਟ ਕਰਦੇ ਹਨ ।

ਚੇਅਰਮੈਨ ਸਾਹਿਬ, ਤੁਸੀਂ ਵੇਖਿਆ ਹੋਵੇਗਾ ਅਤੇ ਇਹ ਸਾਡੇ ਤਜਰਬੇ ਵਿਚ ਵੀ ਹੈ ਕਿ ਕਈ ਵਡੇ ਵੱਡੇ ਇੰਡਸਟਰੀਅਲ ਯੂਨਿਟਸ ਇਸ ਹੱਦ ਤੱਕ ਵੀ ਜਾਂਦੇ ਹਨ ਕਿ ਪਹਿਲਾਂ ਤਾਂ ਸਟਾਕ ਕਰ ਲੈਣਾ, ਹੋਰਡ ਕਰ ਲੈਣਾ, ਫਿਰ ਮਜ਼ਦੂਰਾਂ ਨੂੰ ਆਪ ਹੀ ਕੁੱਝ ਇਹੋ ਜਿਹੀ ਸਿਚੂਏਸ਼ਨ ਪੈਦਾ ਕਰਕੇ ਹੜਤਾਲ ਕਰਨ ਲਈ ਮਜਬੂਰ ਕਰ ਦੇਣਾ ਅਤੇ ਮੌਕੇ ਦਾ ਫਾਇਦਾ ਉਠਾ ਕੇ ਆਰਟੀਫੀਸ਼ਲ ਸਕੇਅਰਸਿਟੀ ਪੈਦਾ ਕਰ ਦੇਣੀ । ਜਿਹੜੇ ਸਟਾਕ ਨੂੰ ਸਾਂਭ ਕੇ ਰੱਖਿਆ ਹੈ, ਫਿਰ ਉਸ ਨੂੰ ਆਪਣੀ ਮਰਜ਼ੀ ਨਾਲ ਮਾਰਕੀਟ ਵਿਚ ਲਿਜਾ ਕੇ ਮਰਜ਼ੀ ਦੀਆਂ ਕੀਮਤਾਂ ਲੈ ਲੈਣੀਆਂ । ਇਸ ਕਰਕੇ ਜਿਥੇ ਕੀਮਤਾਂ ਵਧਣੀਆਂ ਜ਼ਰੂਰੀ ਹਨ ਉਹ ਤਾਂ ਅਸੀਂ ਵੀ ਮੰਗ ਕਰਦੇ ਹਾਂ ਕਿ ਕਣਕ ਦੀ ਕੀਮਤ ਵਧਾਓ, ਝੋਨੇ ਦੀ ਕੀਮਤ ਵਧਾਓ ਅਤੇ ਕਪਾਹ ਦੀ ਕੀਮਤ ਵਧਾਓ ਕਿਉਂਕਿ ਕਿਸਾਨ ਦੀ ਪ੍ਰੋਡੱਕਸ਼ਨ ਦੀ ਕੀਮਤ ਵਧੀ ਹੈ । ਜਦੋਂ ਡਿਸ-ਪ੍ਰੋਪੋਰਸ਼ਨੇਟ ਕੀਮਤਾਂ ਵਧਣ ਲਗਣ ਤਾਂ ਉਸਦਾ ਕਾਰਨ ਕੁਦਰਤੀ ਨਹੀਂ ਹੁੰਦਾ, ਗੈਰ-ਕੁਦਰਤੀ ਹੁੰਦਾ ਹੈ । ਗੈਰ-ਕੁਦਰਤੀ ਕਾਰਨ ਵਿਚ ਹੀ ਮਿਸਟਰ ਚੇਅਰਮੈਨ, ਉਹ ਹੋਰਡ ਕਰਦੇ ਹਨ, ਖਾਸ ਤੌਰ ਤੇ ਕਨਜ਼ਿਊਮਰ ਗੁਡਜ਼ ਦੇ ਸਿਲਸਿਲੇ ਵਿਚ ਉਹ ਇਸ ਤਰ੍ਹਾਂ ਕਰਦੇ ਹਨ । ਚਾਹੇ ਉਹ ਲੈਂਡ-ਲਾਰਡ ਹੈ, ਚਾਹੇ ਜਾਗੀਰਦਾਰ ਹੈ ਅਤੇ ਚਾਹੇ ਵਪਾਰੀ ਹੈ, ਕੋਈ ਵੀ ਇਸ ਕੰਮ ਵਿੱਚ ਪਿਛੇ ਨਹੀਂ ਹੈ । They are the merchants of death ਆਰਟੀਫੀਸ਼ਲ ਸਕੇਅਰਸਿਟੀ ਪੈਦਾ ਕਰਕੇ, ਸਟਾਕ ਕਰਕੇ, ਮਾਰਕੀਟ ਵਿਚ ਆਪਣੀ ਮਰਜ਼ੀ ਨਾਲ ਮਾਲ ਸੁਟਦੇ ਹਨ ਅਤੇ ਮਨ-ਮਰਜ਼ੀ ਦੀਆਂ ਕੀਮਤਾਂ ਵਸੂਲ ਕਰਦੇ ਹਨ ਤਾਕਿ ਜਿਹੜੇ ਮਜ਼ਦੂਰ ਹਨ, ਛੋਟੇ ਲੋਕ ਹਨ, ਜਿਨ੍ਹਾਂ ਦੀਆਂ ਲਿਮੀਟੇਸ਼ਨਜ਼ ਜ਼ਿਆਦਾ ਹਨ, ਉਹ ਸਫਰ ਕਰਨ । ਇਹ ਜਦੋਂ ਸਫਰ ਕਰਦੇ ਹਨ ਤਾਂ ਇਹ ਇੰਟਰਨੈਸ਼ਨਲ, ਮਲਟੀ-ਨੈਸ਼ਨਲ, ਕਾਰਪੋਰੇਸ਼ਨਜ਼ ਅਤੇ ਕੰਪਨੀਜ਼ ਦਾ ਰੋਲ ਤਾਂ ਤੁਸੀਂ ਵੇਖਿਆ ਹੋਵੇਗਾ, ਉਹ ਤੁਹਾਡੇ ਸਾਹਮਣੇ ਹੀ ਹੈ । । ਇਹ ਕੈਸਾ ਰੋਲ ਪਲੇਅ ਕਰਦੇ ਹਨ । ਇਹ ਆਪਣੇ ਪ੍ਰੋਡਕਟਸ ਨੂੰ ਮਾਰਕੀਟ ਵਿਚ ਰਿਲੀਜ਼ ਕਰਨ ਤੋਂ ਪਹਿਲਾਂ ਹੋਰਡ ਕਰਦੇ ਹਨ, ਅਤੇ ਮੌਕਾ ਦੇਖ ਕੇ ਰਿਲੀਜ਼ ਕਰਦੇ ਹਨ । ਮੈਂ ਸਮਝਦਾ ਹਾਂ ਕਿ ਮਾਨਯੋਗ ਵਜ਼ੀਰ ਸਾਹਿਬ, ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੌਰਮਿੰਟ ਆਫ ਇੰਡੀਆ ਨੇ 1982 ਵਿਚ ਜਿਹੜਾ ਨਵਾਂ ਅਸੈਂਸ਼ਲ ਕਮੋਡਿਟੀਜ਼ ਐਕਟ-1982 ਪਾਸ ਕੀਤਾ ਹੈ, ਜਿਸਦੇ ਨਾਲ ਇਹੋ ਜਿਹੇ ਲੋਕਾਂ ਤੇ ਸਖਤ ਤੋਂ ਸਖਤ ਐਕਸ਼ਨ ਲਿਆ ਜਾ ਸਕਦਾ ਹੈ ਔਰ ਮੇਰੀ ਇਤਲਾਹ ਹੈ ਕਿ ਸੈਂਟਰਲ ਗੌਰਮਿੰਟ ਨੇ ਪੰਜਾਬ ਗੌਰਮਿੰਟ ਨੂੰ ਵੀ ਲਿਖਿਆ ਹੈ ਔਰ ਸਾਰੀਆਂ ਸਟੇਟਸ ਦੀਆਂ ਸਰਕਾਰਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨੂੰ ਵੀ ਲਿਖਿਆ ਹੈ ਕਿ ਤੁਸੀਂ ਵੀ ਲਾਅ ਬਣਾਓ ਤਾਕਿ ਐਸੇ ਲੋਕਾਂ ਨੂੰ ਜਿਹੜੇ ਆਰਟੀਫੀਸ਼ਲ ਸਕੇਅਰਸਿਟੀ ਪੈਦਾ ਕਰਕੇ, ਅਤੇ ਅਨ-ਸਕਰੂਪਲਸ ਰੇਟਾਂ ਵਿਚ ਵਾਧਾ ਕਰਕੇ ਆਮ ਲੋਕਾਂ ਦੀ ਜ਼ਿੰਦਗੀ ਵਿਚ ਰੁਕਾਵਟ ਬਣਦੇ ਹਨ ਅਤੇ ਮੁਲਕ ਵਿਚ ਅਸ਼ਾਂਤੀ ਪਾਉਂਦੇ ਹਨ, ਉਹਨਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ। ਮੇਰੀ ਜ਼ਾਤੀ ਤੌਰ ਤੇ ਰਾਏ ਹੈ ਕਿ ਮੇਰੀ ਗੱਲ ਨਾਲ ਸਾਡੇ ਸਾਹਮਣੇ ਬੈਠੇ ਸਾਥੀ ਵੀ ਸਹਿਮਤ ਹੋਣਗੇ। ਪੋਲੀਟਿਕਲ ਪਾਰਟੀਜ਼ ਚਾਹੇ ਦੂਜੇ ਪੁਆਇੰਟਸ ਤੇ ਡਿਫਰ ਕਰ ਜਾਣ, ਲੇਕਿਨ ਮੈਨੂੰ ਪਤਾ ਹੈ ਕਿ ਅਗਰ ਅਸੀਂ ਹੋਰਡਰਜ਼ ਨੂੰ ਨੈਸ਼ਨਲ ਸਿਕਿਓਰਟੀ ਐਕਟ ਦੇ ਤਹਿਤ ਜਾਂ ਮੀਸਾ ਦੇ ਅੰਡਰ ਜੇਲ੍ਹਾਂ ਵਿਚ ਪਾਵਾਂਗੇ, ਤਾਂ ਸਰਕਾਰ ਦੀਆਂ ਆਪੋਜ਼ੀਸ਼ਨ ਪਾਰਟੀਆਂ ਵੀ ਸਾਨੂੰ ਇਸ ਗੱਲ ਵਿਚ ਸਹਿਯੋਗ ਦੇਣਗੀਆਂ।

**ਸ੍ਰੀ ਸਭਾਪਤੀ**: ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਇਹ ਉਹਨਾਂ ਹੋਰਡਰਜ਼ ਨਾਲ ਜਿਹੜੇ ਫੂਡ ਗਰੇਨਜ਼ ਸਟਾਕ ਕਰਦੇ ਹਨ, ਉਹਨਾਂ ਨਾਲ ਹੀ ਸਬੰਧਤ ਨਹੀਂ। ਹੋਰਡਰਜ਼ ਇਹ ਐਸੀ ਕਲਾਸ ਹੈ ਜਿਹੜੀ ਹਰ ਫੀਲਡ ਵਿਚ ਪਾਈ ਜਾਂਦੀ ਹੈ। ਇਹ ਦੇਖੋ ਕਿ ਹੋਮ-ਸੈਕਰੇਟਰੀ ਅਤੇ ਚੀਫ-ਸੈਕਰੇਟਰੀ ਵੀ ਆਫੀਸਰਜ਼ ਗੈਲਰੀ ਵਿਚ ਮੌਜੂਦ ਹਨ ਜਾਂ ਨਹੀਂ।

The Home Secretary should be present in the Gallery.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਮੈਂ ਸਮਝਦਾ ਹਾਂ ਕਿ ਰਾਈਜ਼ ਆਫ ਪ੍ਰਾਈਸਿਜ਼ ਵਿਚ ਜਿਥੇ ਹੋਰਡਰਜ਼ ਦਾ ਰੋਲ ਹੈ, ਉਸਦੇ ਨਾਲ ਅਸੀਂ ਵੰਡ ਪ੍ਰਣਾਲੀ ਨੂੰ ਵੱਖ ਨਹੀਂ ਕਰ ਸਕਦੇ। Production and proper distribution of a commodity is a guarantee for holding the price line. ਜਿੰਨੀ ਮਰਜ਼ੀ ਪੈਦਾਵਾਰ ਕਰ ਲਈ ਜਾਵੇ, ਜਿੰਨੀ ਦੇਰ ਤੱਕ ਡਿਸਟ੍ਰੀਬਿਊਸ਼ਨ ਪਰਾਪਰ ਨਹੀਂ ਹੋਵੇਗੀ, it is not a guarantee for holding the price line. ਮੈਂ ਸਮਝਦਾ ਹਾਂ ਕਿ ਜਿਹੜਾ ਵੀ ਸਮਾਨ ਅਸੀਂ ਹੋਰਡਰਜ਼ ਤੋਂ ਕਢਵਾਉਂਦੇ ਹਾਂ, ਇਹ ਦੇਖਣ ਵਾਲੀ ਗੱਲ ਹੈ ਕਿ ਪੰਜਾਬ ਗੌਰਮਿੰਟ ਨੇ ਇਸ ਪਾਸੇ ਵੱਲ ਸਟੈਪਸ ਲਏ ਹਨ। ਸਾਡੇ ਇਸ ਵੇਲੇ ਤਕਰੀਬਨ 12,000 ਦੇ ਕਰੀਬ ਪਿੰਡ ਹਨ ਔਰ 10,000 ਦੇ ਕਰੀਬ-ਕਰੀਬ ਸਾਡੀਆਂ ਸੋਸਾਇਟੀਜ਼ ਹਨ, 10782 ਦੇ ਕਰੀਬ ਫੇਅਰ ਪ੍ਰਾਈਸ ਆਊਟਲੈਟਸ ਕੰਮ ਕਰਦੇ ਹਨ ਜਿਸਦੇ ਵਿਚੋਂ ਪੰਚਾਇਤਾਂ ਜਿਹੜੀਆਂ ਹਨ, ਉਹ4,930, ਕੋਆਪਰੇਟਿਵ ਸੋਸਾਇਟੀਆਂ 2,202, ਪ੍ਰਾਈਵੇਟ ਡਿਪੂ ਹੋਲਡਰਜ਼ 3,048 ਹਨ। ਮੈਂ ਸਮਝਦਾ ਹਾਂ ਕਿ ਅਜੇ ਵੀ ਲੋੜ ਹੈ ਕਿ ਅਸੀਂ ਪਹਿਲ ਪੰਚਾਇਤਾਂ ਨੂੰ ਦੇਈਏ। ਇਸ ਕਾਰਨ ਵੀ ਮੈਂ ਕੋਆਪਰੇਟਿਵ ਸੋਸਾਇਟੀਆਂ ਨਾਲੋਂ ਪੰਚਾਇਤਾਂ ਦੇ ਹੱਕ ਵਿਚ ਹਾਂ ਕਿਉਂਕਿ ਪੰਚਾਇਤਾਂ ਦੇ ਮੈਂਬਰ ਅਗਰ ਗਲਤ ਕੰਮ ਕਰਦੇ ਹਨ ਤਾਂ ਉਹ ਜਨਤਾ ਪ੍ਰਤੀ ਜਵਾਬ-ਦੇਹ ਹਨ ਕਿਉਂਕਿ ਹਰ 4-5 ਸਾਲ ਪਿਛੋਂ ਉਹ ਲੋਕਾਂ ਕੋਲ ਵੋਟਾਂ ਮੰਗਣ ਜਾਂਦੇ ਹਨ। ਅਗਰ ਉਹ ਠੀਕ ਕੰਮ ਨਹੀਂ ਕਰਨਗੇ ਤਾਂ ਉਹ ਲੋਕਾਂ ਨੂੰ ਕੀ ਜਵਾਬ ਦੇਣਗੇ। ਮੇਰੀ ਰਾਏ ਹੈ ਕਿ ਪ੍ਰਾਈਵੇਟ ਟਰੇਡਰਜ਼ ਨੂੰ ਡਿਪੂ ਦੇਣ ਦੀ ਬਜਾਏ ਸਾਨੂੰ ਪੰਚਾਇਤਾਂ ਨੂੰ ਹੀ ਫੇਅਰ ਪ੍ਰਾਈਸ ਸ਼ੌਪਸ ਮੈਕਸੀਮਮ ਦੇਣੀਆਂ ਚਾਹੀਦੀਆਂ ਹਨ। ਨੰਬਰ ਦੋ ਤੇ ਕੋਆਪਰੇਟਿਵ ਸੋਸਾਇਟੀਆਂ ਆਉਣੀਆਂ ਚਾਹੀਦੀਆਂ ਹਨ। ਸਾਡੀ ਬਦਕਿਸਮਤੀ ਹੈ ਕਿ 1977-80, ਯਾਨੀ ਕੋਈ 3 ਸਾਲ ਦੇ ਦੌਰਾਨ ਜਿਹੜੇ ਲੋਕ ਵੀ ਉਸ ਵੇਲੇ ਪਾਵਰ ਵਿਚ ਸਨ, ਉਨ੍ਹਾਂ ਦੇ ਇੰਡੀਵਿਜ਼ੂਅਲ ਐਂਟਰਪ੍ਰਾਈਜ਼ ਦੇ ਹਾਮੀ ਹੋਣ ਦੇ ਨਾਤੇ ਪੰਜਾਬ ਵਿਚ ਕੋਈ ਕੰਜ਼ਊਮਰ ਕੋ-ਆਪਰੇਟਿਵ ਸਟੋਰ ਜਿਉਂਦਾ ਨਹੀਂ ਰਿਹਾ। ਪੰਜਾਬ ਵਿਚ ਸ਼ਾਇਦ ਹੀ ਇਕ ਅੱਧਾ

Original with;
Punjab Vidhan Sabha
Digitized by;
Panjab Digital Library

ਕੋ-ਆਪਰੇਟਿਵ ਸਟੋਰ ਬਚ ਗਿਆ ਹੋਵੇ । ਬਾਕੀ ਸਟੋਰ ਲਿਕੁਈਡੇਟ ਹੋ ਚੁਕੇ ਹਨ ਔਰ ਜਨਤਾ ਅਤੇ ਅਕਾਲੀ ਰਿਜੀਮ ਦੇ ਦੌਰਾਨ ਉਹਨਾ ਨੇ ਸਾਰੇ ਸਟੋਰਾਂ ਨੂੰ ਅੰਡਰ ਲਿਕੁਈਡੇਸ਼ਨ ਪਾ ਦਿੱਤਾ । ਮੈਂ ਸਮਝਦਾ ਹਾਂ ਕਿ ਪਿੰਡਾਂ ਵਿਚ ਤਾਂ ਕੰਮ ਪੰਚਾਇਤਾਂ ਦੇ ਸਪੁਰਦ ਵੀ ਕੀਤਾ ਜਾ ਸਕਦਾ ਹੈ ਲੇਕਿਨ ਸ਼ਹਿਰਾਂ ਦੀ ਵੰਡ ਪ੍ਰਣਾਲੀ ਵਿਵਸਥਾ ਕੋਈ ਏਨੀ ਠੀਕ ਨਹੀਂ । ਸ਼ਹਿਰਾਂ ਵਿਚ ਵੀ ਕਨਜ਼ਿਊਮਰ ਸਟੋਰਜ਼ ਵੱਲ ਧਿਆਨ ਦਿਓ । ਇਸ ਦੇ ਲਈ ਲਾਜ਼ਮੀ ਹੈ ਕਿ ਜਿਹੜੇ 3-4 ਸਾਲ ਵਿਚ ਕਨਜ਼ਿਊਮਰ ਸਟੋਰਜ਼ ਲਿਕੁਈਡੇਟ ਕਰ ਦਿੱਤੇ ਗਏ ਹਨ, ਕੋਈ ਫ਼ਰਕ ਨਹੀਂ ਪੈਂਦਾ ਕਿ ਅਗਰ ਸਰਕਾਰ ਕਰੋੜ, ਡੇਢ ਕਰੋੜ ਰੁਪਿਆ ਗਰਾਂਟ ਦੇ ਦੇਵੇ, ਬਿਲਡਿੰਗਾਂ ਦੀ ਸ਼ਕਲ ਵਿਚ ਜਾਂ ਹੋਰ ਗਰਾਂਟਾਂ ਦੀ ਸ਼ਕਲ ਵਿਚ ਕਨਜ਼ਿਊਮਰ ਸਟੋਰਜ਼ ਨੂੰ ਦੇ ਕੇ ਉਹਨਾਂ ਨੂੰ ਮੁੜ ਚਲਾਏ । ਸ਼ਹਿਰਾਂ ਵਿਚ ਤਾਂ ਸਾਰੇ ਦੇ ਸਾਰੇ ਡਿਪੂ ਪ੍ਰਾਈਵੇਟ ਹੋਰਡਰਜ਼ ਕੋਲ ਚਲੇ ਗਏ ਹਨ । ਤਕਰੀਬਨ 99% ਸ਼ਹਿਰਾਂ ਵਿਚ ਪ੍ਰਾਈਵੇਟ ਹੋਰਡਰਜ਼ ਹੀ ਹਨ । PUNSUP and Fair Distribution price shops unfortunately have failed and these have been wound up. ਅਸੀਂ ਸਮਾਜਵਾਦ ਵਿਚ ਯਕੀਨ ਕਰਦੇ ਹਾਂ ਔਰ ਇਸ ਗੱਲ ਦੇ ਬੜੇ ਵੱਡੇ ਹਾਮੀ ਹਾਂ ਕਿ ਸਾਨੂੰ ਵੰਡ ਪ੍ਰਣਾਲੀ ਪ੍ਰਾਈਵੇਟ ਦੀ ਬਜਾਏ ਸਮਾਜਿਕ ਤੌਰ ਤੇ ਅਤੇ ਸਮੂਹਿਕ ਹਿੱਤ ਲਈ ਚਾਲੂ ਕਰਨੀ ਚਾਹੀਦੀ ਹੈ । ਸਾਰੇ ਪੰਜਾਬ ਵਿਚ ਪਨਸਪ ਨੇ ਇਕ ਇਕ ਸਾਲ ਵਿਚ ਤਿੰਨ ਤਿੰਨ ਅਤੇ ਚਾਰ-ਚਾਰ ਕਰੋੜ ਰੁਪਏ ਦਾ ਘਾਟਾ ਪਾਇਆ ਹੈ । What is the wrong if we give 3-4 crores to these Cooperative Stores and make them viable units again ਮੇਰੀ ਰਾਏ ਹੈ ਕਿ ਇਧਰ ਸਰਕਾਰ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਅਸੀਂ ਇਹ ਦੇਖਿਆ ਹੈ ਕਿ ਤੁਸੀ ਇੰਡਸਟਰੀਅਲ ਏਰੀਆਜ਼ ਵਿਚ ਮਜ਼ਦੂਰਾਂ ਅਤੇ ਵਰਕਰਾਂ ਵਾਸਤੇ ਫੇਅਰ ਪ੍ਰਾਈਸ ਸ਼ੌਪਸ ਖੋਲ੍ਹੀਆਂ ਹਨ ਲੇਕਿਨ ਇਹ ਸ਼ੌਪਸ ਸਾਰੇ ਪੰਜਾਬ ਵਿਚ 161 ਦੇ ਕਰੀਬ ਹਨ । ਮੇਰੀ ਰਾਏ ਹੈ ਕਿ ਤੁਸੀਂ ਇਸ ਵਲ ਵੀ ਧਿਆਨ ਦਿਓ । ਬਟਾਲਾ, ਫਗਵਾੜਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਹੋਰ ਜਿਥੇ ਵੀ ਇੰਡਸਟਰੀਅਲ ਯੂਨਿਟਸ ਹਨ ਉਥੇ ਇੰਡਸਟਰੀਅਲ ਲੇਬਰ ਨੂੰ ਬਕਾਇਦਾ ਤੌਰ ਤੇ ਜਿਥੇ ਉਹ ਕੰਮ ਕਰਦੇ ਹਨ, ਜਿਸ ਦਿਨ ਉਨ੍ਹਾਂ ਨੂੰ ਤਨਖਾਹ ਮਿਲਦੀ ਹੈ ਉਸ ਦਿਨ ਉਨ੍ਹਾਂ ਨੂੰ ਉਥੇ ਘਰ ਦੀਆਂ ਜ਼ਰੂਰੀ ਵਸਤਾਂ ਦਿੱਤੀਆਂ ਜਾਣ ਤਾਂ ਇਹ ਠੀਕ ਹੋਵੇਗਾ । ਇਹ ਜਿਹੜੀਆਂ ਸਟੂਡੈਂਟਸ ਲਈ ਕਾਲਿਜ਼ ਹੋਸਟਲਜ਼ ਵਿਚ ਫੇਅਰ ਪ੍ਰਾਈਸ ਸ਼ਾਪਸ਼ ਖੋਲ੍ਹੀਆਂ ਹਨ, ਇਹ ਸਰਕਾਰ ਦਾ ਮੁਬਾਰਕਬਾਦ ਕਦਮ ਹੈ । ਮੈਂ ਇਹ ਵੀ ਕਹਾਂਗਾ ਕਿ ਜਿਥੇ ਵੀ ਸਟੂਡੈਂਟਸ ਹੋਸਟਲਜ਼ ਹਨ ਉਥੇ ਸਪਲਾਈ ਠੇਕੇਦਾਰਾਂ ਦੀ ਬਜਾਏ ਗੌਰਮਿੰਟ ਅਊਟਲੈਟ ਦੇ ਰਾਹੀਂ ਹੋਵੇ । ਇਸ ਤਰਾਂ ਉਨ੍ਹਾਂ ਨੂੰ ਵਧੀਆ ਅਤੇ ਸਸਤੀਆਂ ਚੀਜ਼ਾਂ ਮਿਲਣਗੀਆਂ । ਜਿਥੋਂ ਤਕ ਬੱਚਿਆਂ ਦੀਆਂ ਕਿਤਾਬਾਂ ਅਤੇ ਕਾਪੀਆਂ ਦਾ ਤਅੱਲਕ ਹੈ, ਇਸ ਬਾਰੇ ਬੁੱਕ ਬੈਂਕ ਬਣਾਏ ਹਨ । ਕਾਪੀਆਂ ਬਣਾਈਆਂ ਗਈਆਂ ਹਨ । ਕਿਤਾਬਾਂ ਬਣਾਈਆਂ ਗਈਆਂ ਹਨ । 400 ਮੀਟਰਿਕ ਟਨ ਦੇ ਕਰੀਬ ਕਾਗਜ਼ ਵੀ ਹੈ ਲੇਕਿਲ ਜਿੰਨੀ ਸਾਡੇ ਪੰਜਾਬ ਦੇ ਬੱਚਿਆਂ ਦੀ ਡੀਮਾਂਡ ਹੈ ਉਸ ਦੇ ਮੁਤਾਬਿਕ ਇਹ ਸਪਲਾਈ ਪੂਰੀ ਨਹੀਂ ਹੈ । ਕਾਪੀਆਂ ਬਣਾਉਣ ਵਾਲੇ ਜਿਹੜੇ ਪ੍ਰਾਈਵੇਟ ਇੰਟਰਪਰੇਨਿਊਅਰਜ਼ ਹਨ ਉਨ੍ਹਾਂ ਦਾ ਏਮ ਪਬਲਿਕ ਸਰਵਿਸ, ਪਬਲਿਕ ਯੂਟੇਲਿਟੀ ਅਤੇ ਸੋਸ਼ਲ ਸਰਵਿਸ ਨਹੀਂ ਹੈ । ਉਨ੍ਹਾਂ ਦਾ ਮਕਸਦ ਕੇਵਲ ਪ੍ਰਾਫਿਟ ਹੀ ਹੈ । ਇਸ ਕਰਕੇ ਮੈਂ ਕਹਾਂਗਾ ਕਿ ਗੌਰਮਿੰਟ ਨੂੰ ਆਪਣੇ ਲੈਵਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਤੇ ਕਾਪੀਆਂ ਬਣਾਕੇ ਸਿੱਧੀਆਂ ਕਾਲਜਾਂ ਅਤੇ ਸਕੂਲਾਂ ਵਿਚ ਦੇਣੀਆਂ ਚਾਹੀਦੀਆਂ ਹਨ ਅਤੇ ਟਾਈਮ ਨਾਲ ਦੇਣੀਆਂ ਚਾਹੀਦੀਆਂ ਹਨ । ਇਹ ਸਾਡੀ ਖੁਸ਼ਕਿਸਮਤੀ ਹੈ ਕਿ ਪੰਜਾਬ ਵਿਚ ਅਸੀਂ ਪਹਿਲੀ ਜਮਾਤ ਤੋਂ ਗਿਆਰਵੀਂ ਜਮਾਤ ਤਕ ਬੁੱਕਸ ਨੈਸ਼ਨੇਲਾਈਜ਼ ਕੀਤੀਆਂ ਹਨ । ਪੰਜਾਬ ਸਕੂਲ ਸਿਖਿਆ ਬੋਰਡ ਉਨ੍ਹਾਂ ਨੂੰ ਛਾਪਦਾ ਹੈ । ਲੇਕਿਨ ਇਸ ਦੇ ਬਾਵਜੂਦ ਮੈਂ ਕਹਿੰਦਾ ਹਾਂ ਕਿ ਜਿਹੜੀਆਂ ਚੀਪ ਬੁੱਕਸ ਛਪਦੀਆਂ ਹਨ, ਉਹ ਸਰਕਾਰੀ ਕਾਗਜ਼ ਦੀਆਂ ਛਪਦੀਆਂ ਹਨ । ਜਿਹੜੇ ਪ੍ਰਾਈਵੇਟ ਛਪਾਉਂਦੇ ਹਨ ਉਸ ਵਿਚ ਪਿਲਫ੍ਰਿਜ ਹੁੰਦੀ ਹੈ । ਮੈਂ ਕਹਾਂਗਾ ਕਿ ਕਾਗਜ਼ ਵਿਚ ਵੀ ਕੋਈ ਇਹੋ ਜਿਹਾ ਵਾਟਰ ਮਾਰਕ ਹੋਵੇ ਅਤੇ ਜਿਥੇ ਵੀ ਵਾਟਰ ਮਾਰਕ ਵਾਲਾ ਪੇਪਰ ਕਿਸੇ ਹੋਰ ਢੰਗ ਨਾਲ ਵਿਕਦਾ ਨਜ਼ਰ ਆਵੇ ਤਾਂ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਿਆ ਜਾਵੇ । ਉਸ ਕਾਗਜ਼ ਵਿਚ ਵਾਟਰ ਮਾਰਕ ਦਿਵਾਓ ਜਿਹੜਾ ਕਾਗਜ਼ ਸਕੂਲਾਂ ਅਤੇ ਕਾਲਜਾਂ ਵਿਚ ਬੱਚਿਆਂ ਨੂੰ ਦੇਣਾ ਹੈ ਤਾਂਕਿ ਉਸ ਦੀ ਦੁਰਵਰਤੋਂ ਬੰਦ ਹੋਵੇ । ਇਸ ਕਾਗਜ਼ ਦਾ ਕਾਫ਼ੀ ਹਿੱਸਾ ਬੁੱਕ ਸੈਲਰਜ਼ ਲੈ ਜਾਂਦੇ ਹਨ, ਜਿਸ ਨਾਲ ਉਹ ਚੀਪ ਨੋਟ ਬੁੱਕਸ ਬਣਾਕੇ ਬੱਚਿਆਂ ਨੂੰ ਲੁੱਟਦੇ ਹਨ । ਇਸ ਮਸਲੇ ਤੇ ਪਿਛੇ ਜਿਹੜੇ ਕਦਮ ਚੁਕੇ ਗਏ ਹਨ, ਉਹ ਪ੍ਰਸ਼ੰਸਾਯੋਗ ਹਨ ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ । ਤੁਸੀਂ ਇਕ ਸਕੀਮ ਚਲਾਈ ਸੀ ਸਬਸੇਡਾਈਜ਼ ਰੇਟਸ ਤੇ ਚੀਜ਼ਾਂ ਦੇਣ ਦੀ । ਚੇਅਰਮੈਨ ਸਾਹਿਬ, ਇਹ ਬੜਾ ਚੰਗਾ ਕਦਮ ਸੀ, ਸ਼ਲਾਘਾਯੋਗ ਕਦਮ ਸੀ । ਸਾਢੇ 4 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਸਬਸਿਡੀ ਦੇ ਤੌਰ ਤੇ ਦਿੱਤਾ ਹੈ । ਲੇਕਿਨ, ਚੇਅਰਮੈਨ ਸਾਹਿਬ, ਮੈਂ ਆਨ ਰਿਕਾਰਡ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਜਿਹੜਾ ਪਾਮ ਆਇਲ 9 ਰੁਪਏ 50 ਜਾਂ 60 ਪੈਸੇ ਦੇ ਹਿਸਾਬ ਨਾਲ ਜਿੰਨਾ ਸਪਲਾਈ ਹੋਇਆ ਹੈ, ਇਸ ਬਾਰੇ ਪ੍ਰਾਈਵੇਟ ਵਪਾਰੀਆਂ ਵਲੋਂ ਇਕ ਬਹੁਤ ਵਡਾ ਪ੍ਰਚਾਰ ਕੀਤਾ ਗਿਆ ਕਿ ਇਸ ਪਾਮ ਆਇਲ ਨੂੰ ਖਾਧਿਆਂ ਬੰਦਾ ਬੀਮਾਰ ਹੋ ਜਾਂਦਾ ਹੈ, ਬੰਦੇ ਨੂੰ ਬੀਮਾਰੀਆਂ ਲਗ ਜਾਂਦੀਆਂ ਹਨ । ਇਸ ਲਈ ਤੁਹਾਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਪਾਮ ਆਇਲ ਖਾਧਿਆਂ ਕੋਈ ਬੀਮਾਰੀ ਨਹੀਂ ਫੈਲਦੀ । ਇਸ ਦੇ ਲਈ ਪਬਲਿਕ ਰੀਲੇਸ਼ਨਜ਼ ਦੀ ਸੇਵਾ ਲਈ ਜਾ ਸਕਦੀ ਹੈ ਜਾਂ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਇਹ ਕੰਮ ਕਰਵਾਇਆ ਜਾ ਸਕਦਾ ਹੈ । ਪਾਮ ਆਇਲ ਜਦੋਂ ਅਤੇ ਜਿਥੋਂ ਇਸ਼ੂ ਹੁੰਦਾ ਹੈ ਜਦੋਂ ਮਰਜ਼ੀ ਹੈ ਤੁਸੀਂ ਇਸ ਨੂੰ ਉਥੋਂ ਮੰਡੀ ਵਿਚੋਂ ਫੜ ਸਕਦੇ ਹੋ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਤੇਲ ਸਰਕਾਰ ਨੇ ਸਬਸਿਡੀ ਤੇ ਦੇਣ ਦਾ ਯਤਨ ਕੀਤਾ ਹੈ, ਇਹ ਗਰੀਬ ਲੋਕਾਂ ਨੂੰ ਨਹੀਂ ਪਹੁੰਚਦਾ । ਤੁਸੀਂ ਇਸ ਬਾਰੇ ਛਾਪੇ ਮਾਰੋ । ਜ਼ਿਮੇਵਾਰ ਆਦਮੀਆਂ ਤੇ ਸਖਤ ਐਕਸ਼ਨ ਲਓ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਵਲ ਸਪਲਾਈ ਡਿਪਾਰਟਮੈਂਟ ਦੇ ਅਧਿਕਾਰੀ ਅਤੇ ਡਿਪੂ ਹੋਲਡਰਾਂ ਦੀ ਕਨਾਈਵੈਂਸ ਨਾਲ ਇਹ ਕੰਮ ਹੁੰਦਾ ਹੈ । ਕਨਾਈਵੈਂਸ ਤੋਂ ਬਗੈਰ ਇਹ ਚੀਜ਼ ਨਹੀਂ ਹੋ ਸਕਦੀ । ਇਸ ਬਾਰੇ ਜਿਹੜੇ ਕੋਤਾਹੀ ਕਰਦੇ ਹਨ, ਜਿਹੜੇ ਆਪਣੀ ਡਿਊਟੀ ਤੋਂ ਫੇਲ੍ਹ ਹੋਏ ਹਨ ਜਾਂ ਜਿਹੜੇ ਆਪਣੇ ਕੰਟਰੋਲ ਵਿਚ ਫੇਲ੍ਹ ਹੋਏ ਹਨ, ਉਨ੍ਹਾਂ ਦੇ ਖਿਲਾਫ਼ ਸਖਤ ਐਕਸ਼ਨ ਲੈਣਾ ਚਾਹੀਦਾ ਹੈ । ਇਹ ਬੜੀ ਇੰਪਾਰਟੈਂਟ ਗੱਲ ਹੈ । ਅਸੀਂ ਕਣਕ ਸਸਤੇ ਰੇਟ ਤੇ ਦਿੱਤੀ ਹੈ । ਸਰਕਾਰ ਨੇ ਆਪਣੇ ਕੋਲੋਂ ਪੈਸਾ ਪਾ ਕੇ ਦਿੱਤੀ ਹੈ । ਆਇਆ ਇਹ ਡਿਪੂਆਂ ਤੇ ਮਜ਼ਦੂਰਾਂ, ਗਰੀਬਾਂ ਨੂੰ ਮਿਲਦੀ ਹੈ ਜਾਂ ਨਹੀਂ । ਇਸ ਵਿਚੋਂ ਕਿੰਨਾ ਹਿੱਸਾ ਚੱਕੀਆਂ ਵਾਲਿਆਂ ਪਾਸ ਚਲਾ ਗਿਆ ।

Original with;
Punjab Vidhan Sabha
Digitized by;
Panjab Digital Library

ਇਸ ਬਾਰੇ ਪੂਰਾ ਧਿਆਨ ਕਰਨ ਦੀ ਲੋੜ ਹੈ । ਇਹ ਐਡਾ ਚੰਗਾ ਕਦਮ ਗਰੀਬਾਂ ਦੀ ਮੱਦਦ ਵਾਲਾਂ, ਸੁਚੱਜਾ ਕੰਮ ਹੈ, ਜਿਸ ਦੇ ਲਈ ਜਿਥੇ ਮੈਂ ਸੀ. ਐਮ. ਸਾਹਿਬ ਅਤੇ ਇਸ ਮਹਿਕਮੇ ਦੇ ਵਜ਼ੀਰ ਸ਼੍ਰੀ ਭਗਵਾਨ ਦਾਸ ਜੀ, ਜਿਨ੍ਹਾਂ ਨੇ ਇਹ ਸਕੀਮ ਬਣਾਈ ਹੈ, ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਉਥੇ ਮੈਂ ਇਸ ਗੱਲ ਦੀ ਵੀ ਮੰਗ ਕਰਾਂਗਾ ਕਿ ਇਨ੍ਹਾਂ ਦੋ ਚਾਰ ਲੋਕਾਂ ਨੂੰ ਟੰਗੋ । ਇਸ ਦੇ ਲਈ ਕੋਈ ਸਪੈਸ਼ਲ ਲਾਅ ਬਣਾਓ । ਇਸ ਦੇ ਲਈ ਸਮਰੀ ਟਰਾਇਲ ਹੋਵੇ । ਸਾਡੇ ਰੂਲਜ਼ ਕੁਝ ਅਜਿਹੇ ਹਨ ਕਿ ਜੇ ਅਸੀਂ ਜਨਰਲ ਪਰੋਸੀਜਰ ਨਾਲ ਚਲੀਏ ਤਾਂ ਕੁਝ ਨਹੀਂ ਹੁੰਦਾ । ਸਾਨੂੰ ਆਜ਼ਾਦ ਹੋਇਆਂ ਨੂੰ 35 ਸਾਲ ਹੋ ਗਏ ਹਨ ਅਤੇ ਹੁਣ ਟਾਈਮ ਆ ਗਿਆ ਹੈ ਕਿ ਸਾਨੂੰ ਇਕਨਾਮਿਕ ਓਫੈਂਡਰਜ਼ ਨੂੰ ਡੀਲ ਕਰਨ ਵਾਸਤੇ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ ਤਾਂਕਿ ਇਕਨਾਮਿਕ ਓਫੈਂਡਰ ਨੂੰ ਸੁਸਾਇਟੀ ਵਿਚ ਉਹ ਰਿਸਪੈਕਟ ਨਾ ਮਿਲੇ ਜਿਹੜੀ ਉਹ ਪੈਸੇ ਦੇ ਜ਼ੋਰ ਨਾਲ ਲੈ ਜਾਂਦਾ ਹੈ । ਜਿਹੜਾ ਇਕਨਾਮਿਕ ਓਫੈਂਡਰ ਹੋਵੇ, ਜਿਹੜਾ ਹਿਊਮੈਨਿਟੀ ਦੇ ਖਿਲਾਫ ਹੋਵੇ, ਜਿਹੜਾ ਫੂਡ ਗਰੇਨਜ਼, ਲੋਕਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਸਟਾਕ ਕਰਕੇ, ਮੁਲਕ ਵਿਚ ਸਕੇਅਰਸਿਟੀ ਪੈਦਾ ਕਰਕੇ, ਮੁਲਕ ਵਿਚ ਬਦਅਮਨੀ ਪੈਦਾ ਕਰਕੇ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਪੈਦਾ ਕਰਕੇ ਔਰ ਲੋਕਾਂ ਦੀ ਸਿਹਤ ਦੀ ਕਾਸਟ ਉਤੇ ਆਪਣੀਆਂ ਕੋਠੀਆਂ ਬਣਾਉਂਦਾ ਹੈ, ਉਸ ਉਤੇ ਸਮਰੀ ਟਰਾਇਲਜ਼ ਹੋਣ ਤਾਂਕਿ ਉਹ ਲੋਕਾਂ ਨੂੰ ਤੰਗ ਕਰਕੇ ਆਪਣਾ ਉੱਲੂ ਸਿੱਧਾ ਨਾ ਕਰ ਸਕੇ । ਇਹ ਬੜੀ ਅਸੈਂਸ਼ੀਅਲ ਚੀਜ਼ ਹੈ । ਸਾਨੂੰ 35 ਸਾਲ ਆਜ਼ਾਦ ਹੋਇਆਂ ਨੂੰ ਹੋ ਗਏ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਜਿਹੜੇ ਹੋਰਡਰਜ਼ ਹਨ ਉਨ੍ਹਾਂ ਉਤੇ ਸਖਤੀ ਨਾਲ ਐਕਸ਼ਨ ਲਿਆ ਜਾਵੇ ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਬਹੁਤ ਜ਼ਰੂਰੀ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਉਹ ਇਹ ਹੈ ਕਿ ਪਿਛੇ ਸੁਣਿਆ ਸੀ ਕਿ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਪਿੰਡਾਂ ਅਤੇ ਸ਼ਹਿਰਾਂ ਵਿਚ ਡਿਪੂਆਂ ਦੇ ਉਤੇ ਨਿਗਰਾਨ ਕਮੇਟੀਆਂ ਬਣਾਉਣ ਲਗੇ ਹਾਂ । ਇਹ ਨਿਗਰਾਨ ਕਮੇਟੀਆਂ ਬਣਾਉਣ ਦਾ ਕਦਮ ਬੜਾ ਮੁਬਾਰਕ ਕਦਮ ਹੈ । ਇਹ ਸਾਰੀਆਂ ਪੁਲਿਟੀਕਲ ਪਾਰਟੀਆਂ ਦੇ ਨੁਮਾਇੰਦੇ ਲੈ ਕੇ ਕਮੇਟੀਆਂ ਬਣਾਉਣ । ਉਨ੍ਹਾਂ ਵਿਚ ਜ਼ਿਮੇਵਾਰ ਬੰਦੇ ਹੋਣ । ਉਸ ਵਿਚ ਕੋਈ ਗੈਰ-ਜ਼ਿਮੇਵਾਰ ਬੰਦਾ ਨਾ ਹੋਵੇ । ਇਹ ਕਮੇਟੀਆਂ ਡਿਪੂ ਹੋਲਡਰਾਂ ਤੇ ਅਤੇ ਸੁਸਾਇਟੀਆਂ ਤੇ ਨਜਾਇਜ਼ ਰੋਹਬ ਨਾ ਪਾਉਣ ਬਲਕਿ ਸਹੀ ਤੌਰ ਤੇ ਉਨ੍ਹਾਂ ਦੀ ਨਿਗਰਾਨੀ ਕਰਨ ਲਈ ਹੋਣ । ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੈਲਕੂਲੇਟ ਕਰਕੇ ਦੇਖ ਲੈਣ, ਜਿਹੜੀ ਖੰਡ ਅਸੀਂ ਡਿਪੂਆਂ ਤੋਂ ਦੇਣੀ ਹੈ, ਕਹਿੰਦੇ ਹਨ ਕਿ 500 ਕਾਰਡ ਡਿਪੂ ਤੇ ਦਿਤੇ ਹਨ, ਕੀ ਇਨ੍ਹ ਨੇ ਇਹ ਕੈਲਕੂਲੇਟ ਕੀਤਾ ਹੈ ਇਨ੍ਹਾਂ ਡਿਪੂ ਹੋਲਡਰਾਂ ਨੂੰ ਇਹ ਰੁਪਿਆ ਇਨਵੈਸਟ ਕਰਕੇ ਕਿੰਨੀ ਬੱਚਤ ਹੁੰਦੀ ਹੈ ?ਕੀ ਉਹਨਾਂ ਨੂੰ ਕੋਈ ਬੱਚਤ ਹੁੰਦੀ ਹੈ? ਜੇ ਇਕ ਡਿਪੂ ਹੋਲਡਰ ਨੂੰ ਖਾਲੀ ਘਿਓ ਦਾ ਪੀਪਾ ਬਚੇ, ਖੰਡ ਵਿਚੋਂ ਕੇਵਲ ਖੰਡ ਦੀ ਖਾਲੀ ਬੋਰੀ ਬਚੇ ਅਤੇ ਇਸੇ ਤਰ੍ਹਾਂ ਹੀ ਆਟੇ ਵਿਚੋਂ ਸਿਰਫ ਆਟੇ ਵਾਲੀ ਖਾਲੀ ਬੋਰੀ ਬਚੇ, ਜਿਸ ਦੇ ਵਿਚ ਉਸ ਨੇ ਕਾਰਟੇਜ ਵੀ ਦਿੱਤੀ ਹੁੰਦੀ ਹੈ ਤਾਂ ਉਹ ਬੰਦਾ ਯਕੀਨਨ ਬੇਈਮਾਨੀ ਕਰੇਗਾ । ਮੈਂ ਆਪਣੇ ਹਲਕੇ ਦੇ ਡਿਪੂ ਹੋਲਡਰਾਂ ਦੀ ਮੀਟਿੰਗ ਕੀਤੀ ਹੈ । ਮੈਨੂੰ ਉਹਨਾਂ ਨੇ ਹਰ ਤਰ੍ਹਾਂ ਹਿਸਾਬ ਲਾ ਕੇ ਕੈਲਕੂਲੇਟ ਕਰਕੇ ਦੱਸਿਆ ਹੈ । ਮੇਰੇ ਕਾਗਜ਼ ਤੇ ਇੱਕ ਇੱਕ ਫਿਗਰ ਲਾ ਕੇ ਹਰ ਆਈਟਮ ਬਾਰੇ ਦੱਸਿਆ ਹੈ ਕਿ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

What we should gain ? ਔਰ ਮੈਂ ਇਹ ਗੀਕਾਰਡ ਤੇ ਫਿਰ ਕਹਿੰਦਾ ਹਾਂ ਕਿ ਇਹੋ ਜਿਹੀ ਸਿਚੂਏਸ਼ਨ ਵਿਚ We should not and can not expect honesty from these Depot holders ਜਦੋਂ ਕਿ ਉਸ ਨੂੰ ਇਕ ਬੋਰੀ ਵਿਚ ਕੇਵਲ ਡੇਢ ਰੁਪਿਆ ਬਚਣਾ ਹੈ ਜਿਸ ਵਾਸਤੇ ਉਸ ਨੂੰ ਇਨਸਪੈਕਟਰ ਕੋਲ ਜਾਣਾ ਪੈਂਦਾ ਹੈ । ਕਈ ਵਾਰ ਉਹ ਆਪ ਬਾਹਰ ਗਿਆ ਹੁੰਦਾ ਹੈ ਇਸ ਦੀ ਵਿਚਕਾਰਲੀ ਗੱਲ ਮੈਂ ਨਹੀਂ ਕਹਿੰਦਾ ਕਿ ਜਦੋਂ ਪਰਮਿਟ ਤੇ ਦਸਤਖਤ ਕਰਾਉਣੇ ਹੁੰਦੇ ਹਨ ਤਾਂ ਕਈ ਵਾਰ ਡਿਪੂ ਹੋਲਡਰ ਨੂੰ ਉਸ ਦੀ ਰੈਗੂਲਰ ਸੇਵਾ ਕਰਨੀ ਪੈਂਦੀ ਹੈ। ਇਸ ਲਈ ਮਿਹਰਬਾਨੀ ਕਰਕੇ ਇਸ ਨੂੰ ਰੀਵਿਊ ਕਰੋ । ਇਸ ਬਾਰੇ ਸੋਚਿਆ ਜਾਵੇ ਕਿ ਕੀ ਪਰੋਫਿਟ ਮਾਰਜ਼ਨ ਜ਼ਰੂਰ ਹੋਣਾ ਚਾਹੀਦਾ ਹੈ ? ਇਸ ਬਾਰੇ ਕੋਈ ਪਰਸੈਂਟੇਜ਼ ਫ਼ਿਕਸ ਕਰ ਦਿਤੀ ਜਾਵੇ । Let us try to help them ਕਿ ਅਸੀਂ ਲੋਕ ਉਹਨਾਂ ਨੂੰ ਇਮਾਨਦਾਰ ਰਹਿਣ ਵਿਚ ਸਹਾਇਤਾ ਦੇਈਏ । ਬਾਕੀ ਤੁਸੀਂ ਫਲਾਇੰਗ ਸੁਕਐਡ ਵੀ ਰੱਖੇ ਹੋਏ ਹਨ । ਮੇਰੇ ਸਾਥੀ ਦਲੀਪ ਚੰਦ ਜੀ ਨੇ ਦੱਸਿਆ ਹੈ ਕਿ ਉਹਨਾਂ ਨੇ ਕਾਫੀ ਕੇਸ ਫੜੇ ਅਤੇ ਰਿਪੋਰਟ ਹੋਏ। ਮੈਂ ਕਹਿੰਦਾ ਹਾਂ ਕਿ ਜਿਵੇਂ ਅਡਲਟ੍ਰੇਸ਼ਨ ਦਾ ਲਾਅ ਹੈ ਕਿ ਓਫੈਂਡਰ ਜਿਹੜਾ ਹੈ, ਜਿਹੜਾ ਮੁਜਰਮ ਹੈ ਉਸ ਨੂੰ ਪਰੋਬੇਸ਼ਨ ਥੱਲੇ ਰਿਹਾਅ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਹੀ ਹੋਰਡਰਜ਼ ਬਾਰੇ ਵੀ ਲਾਅ ਪਾਸ ਕਰੋ ਅਤੇ ਉਸੇ ਤਰ੍ਹਾਂ ਹੀ ਜਿਨ੍ਹਾਂ ਜਿਨ੍ਹਾਂ ਅਥਾਰਟੀਜ਼ ਨੂੰ ਤੁਸੀਂ ਇਹ ਪਾਵਰ ਦੇਂਦੇ ਹੋ ਅਗਰ ਅਦਰ ਚੈਨ ਦੀ ਅਥਾਰਟੀ ਛਾਪਾ ਮਾਰ ਕੇ ਉਹ ਚੀਜ਼ ਫੜੀ ਜਾਵੇ ਤਾਂ ਫਿਰ ਐਕਸ਼ਨ ਉਸ ਅਫ਼ਸਰ ਤੇ ਵੀ ਜ਼ਰੂਰ ਆਵੇ ਜਿਸ ਦੀ ਪਹਿਲਾਂ ਡਿਊਟੀ ਸੀ ਕਿ ਉਹ ਉਥੇ ਨਿਗਰਾਨੀ ਰੱਖੇ । ਉਸਦਾ ਵੀ ਉਤਨਾ ਹੀ ਜੁਰਮ ਹੈ, ਜਿਤਨਾ ਕਿ ਜੁਰਮ ਕਰਨ ਵਾਲੇ ਦਾ ਜੁਰਮ ਹੈ । ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਲੀਗਲ ਤੌਰ ਤੇ ਐਗਜ਼ਾਮਿਨ ਕਰੋ । ਉਹ ਬੰਦਾ ਅੰਡਰ ਅਮੈਂਡਮੈਂਟ 107 ਥੱਲੇ ਟ੍ਰਾਈ ਕੀਤਾ ਜਾ ਸਕਦਾ ਹੈ ਕਿਉਂਕਿ ਉਸ ਬੰਦੇ ਦੀ ਡਿਊਟੀ ਸੀ । ਮੈਂ ਆਪਣੇ ਇਲਾਕੇ ਵਿਚ ਹੋਡਿੰਗ ਨਹੀਂ ਹੋਣ ਦਿੱਤੀ । ਮੈਂ ਆਪਣੇ ਇਲਾਕੇ ਵਿਚ ਬਲੈਕ ਨਹੀਂ ਹੋਣ ਦਿੱਤੀ । ਅਗਰ ਕੋਈ ਬਲੈਕ ਨੂੰ ਇੰਪੀਟੱਸ ਦੇਂਦਾ ਹੈ ਅਤੇ ਦੂਜੀ ਹਾਇਰ ਅਥਾਰਟੀ ਆ ਕੇ ਫੜਦੀ ਹੈ ਤਾਂ ਉਸਦਾ ਵੀ ਓਨਾ ਹੀ ਜੁਰਮ ਗਿਣਿਆ ਜਾਣਾ ਚਾਹੀਦਾ ਹੈ । ਮੈਂ ਆਖਿਰ ਵਿਚ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਇਸ ਬਾਰੇ ਪਬਲਿਕ ਓਪੀਨੀਅੱਨ ਕ੍ਰੀਏਟ ਕਰਨ ਦੀ ਲੋੜ ਹੈ । ਪ੍ਰੈਸ ਇਸ ਲਈ ਬੜਾ ਵੋਕਲ ਸੈਕਸ਼ਨ ਹੈ । ਅਗਰ ਅਖਬਾਰ ਵਾਲਿਆਂ ਤੋਂ ਅਸੀਂ ਮੱਦਦ ਲਈਏ ਤਾਂ ਦੇਸ਼ ਭਗਤ ਅਖਬਾਰ ਸਾਡੇ ਇਸ ਮਸਲੇ ਤੇ ਪੂਰੀ ਪੂਰੀ ਮੱਦਦ ਕਰਨਗੇ । ਸਾਨੂੰ ਪਬਲਿਕ ਓਪੀਨੀਅੱਨ ਕ੍ਰੀਏਟ ਕਰਨ ਦੀ ਸਖਤ ਲੋੜ ਹੈ ਅਤੇ ਸਾਨੂੰ ਹੋਰਡਿੰਗ ਕਰਨ ਵਾਲੇ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲੈਣੇ ਚਾਹੀਦੇ ਹਨ । ਬਾਕੀ ਹੋਰਡਿੰਗ ਦੇ ਬਾਰੇ ਜਿਵੇਂ ਇਨਕਮ ਟੈਕਸ ਅਥਾਰਟੀ ਨੇ ਲਾਅ ਪ੍ਰੋਵਾਈਡ ਕੀਤਾ ਹੈ ਉਸੇ ਤਰ੍ਹਾਂ ਹੀ ਤੁਸੀਂ ਵੀ ਲਾਅ ਬਣਾਓ ਕਿ ਜੇ ਕੋਈ ਇਨਫਰਮੇਸ਼ਨ ਦੇਵੇ ਅਤੇ ਸੀਜ਼ ਹੋਵੇ, ਮਾਲ ਫੜਿਆ ਜਾਵੇ ਤਾਂ ਉਸਦੇ ਵਿਚੋਂ ਕੁਝ ਹਿੱਸਾ ਇਨਫਰਮੇਸ਼ਨ ਦੇਣ ਵਾਲੇ ਨੂੰ ਵੀ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ । ਇਸ ਤੋਂ ਇਲਾਵਾ ਉਸ ਬੰਦੇ ਦੀ ਪਰੋਟੈਕਸ਼ਨ ਕੀਤੀ ਜਾਣੀ ਚਾਹੀਦੀ ਹੈ । ਇਸ ਕੰਮ ਲਈ ਸੋਸ਼ਲ ਆਰਗੇਨਾਈਜ਼ੇਸ਼ਨਜ਼, ਨੌਜਵਾਨ ਕਲੱਬਾਂ, ਪਿੰਡਾਂ ਦੇ ਵਿੱਚ ਵਿਦਿਆਰਥੀ ਔਰ ਜਿਹੜੀਆਂ ਪੰਚਾਇਤਾਂ ਹਨ ਅਤੇ ਇਸ ਤੋਂ ਇਲਾਵਾ ਉਹਨਾਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਇਸ ਵਿੱਚ ਇੰਟ੍ਰੈਸਟ ਲੈਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਹਾਊਸ ਨੂੰ ਮੈਂ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਅਸੀਂ ਯੂਨਾਨੀਮੱਸਲੀ ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

ਰਿਕਮੈਂਡ ਕਰੀਏ ਕਿ ਹੋਰਡਰਜ਼ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲਿਆ ਜਾਵੇ। ਇਨ੍ਹਾਂ ਲਫਜ਼ਾਂ ਨਾਲ ਮੈਂ, ਚੇਅਰਮੈਨ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ।

**ਕਾਮਰੇਡ ਕੁਲਵੰਤ ਸਿੰਘ** (ਆਦਮਪੁਰ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਇਸ ਕਰਕੇ ਕਰਦਾ ਹਾਂ ਕਿ ਤੁਸੀਂ ਆਪਣੇ ਵੱਲੋਂ ਪੂਰਾ ਜ਼ੋਰ ਲਾਇਆ ਕਿ ਸਬੰਧਤ ਅਫਸਰ, ਗੈਲਰੀ ਵਿੱਚ ਆ ਜਾਣ ਪਰ ਗੈਲਰੀ ਵਿਚ ਸਬੰਧਤ ਅਫਸਰ ਨਹੀਂ ਬੈਠੇ ਹੋਏ। ਬਾਕੀ ਜ਼ਰੂਰੀ ਚੀਜ਼ਾਂ ਦੇ ਬਾਰੇ ਵੀ ਜਿਨ੍ਹਾਂ ਦੀ ਕਿ ਹੋਰਡਿੰਗ ਹੁੰਦੀ ਹੈ, ਜਿਸ ਨਾਲ ਮਹਿੰਗਾਈ ਪੈਦਾ ਹੁੰਦੀ ਹੈ ਅਤੇ ਗਰੀਬ ਲੋਕ ਔਖੇ ਹੁੰਦੇ ਹਨ, ਇਸ ਬਾਰੇ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਚੁੱਕੇ। ਇਸ ਵੱਲ ਸਰਕਾਰ ਨੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਹੁਣ ਇਹ ਰੈਜ਼ੋਲੂਸ਼ਨ ਪਾਸ ਕਰਨਾ ਹੈ ਜਾਂ ਟਾਕ ਆਊਟ ਕਰਨਾ ਹੈ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ ਰੈਜ਼ੋਲੂਸ਼ਨ ਬਾਰੇ ਜੋ ਕਿਹਾ ਹੈ ਇਹ ਮੈਂ ਕਾਂਗਰਸ ਪਾਰਟੀ ਦੇ ਬਤੌਰ ਜਨਰਲ ਸਕੱਤਰ ਕਿਹਾ ਹੈ ਇਸ ਲਈ ਸਰਕਾਰ ਤੇ ਕੋਈ ਦੂਸ਼ਨ ਨਹੀਂ ਲਾਉਣਾ ਚਾਹੀਦਾ।

**ਕਾਮਰੇਡ ਸਰਵਣ ਸਿੰਘ ਚੀਮਾ** ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਕੁਲਵੰਤ ਸਿੰਘ** : ਮੈਂ ਇਸ ਗੱਲ ਤੇ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਕਿ ਰੈਜ਼ੋਲੂਸ਼ਨ ਨੂੰ ਪੂਰੀ ਚਿੰਤਾ ਤੇ ਗਹੁ ਨਾਲ ਵਿਚਾਰਿਆ ਹੈ। ਚੇਅਰਮੈਨ ਸਾਹਿਬ, ਮੈਂ ਸਿਰਫ ਇਹ ਗੱਲ ਕਹਿਣੀ ਹੈ ਕਿ ਇਹਨਾਂ ਨੇ ਕਣਕ ਦੀ ਕੀਮਤ 142 ਰੁਪਏ ਕੁਇੰਟਲ ਦਿੱਤੀ ਹੈ ਅਤੇ ਮਨਿਸਟਰ ਸਾਹਿਬ ਨੂੰ ਪਤਾ ਹੈ ਅਤੇ ਉਹ ਇਸ ਵਪਾਰ ਨੂੰ ਜਾਣਦੇ ਹਨ ਕਿ ਇਸ ਵੇਲੇ ਇਸ ਦੀ ਇਸ਼ੂ ਪ੍ਰਾਈਸ 185 ਰੁਪਏ ਕੁਇੰਟਲ ਹੈ ਜਦੋਂ ਕਿ ਪਿਛਲੇ ਸਾਲ 130 ਰੁਪਏ ਕੁਇੰਟਲ ਕਣਕ ਦਾ ਰੇਟ ਸੀ ਅਤੇ ਇਸ਼ੂ ਪ੍ਰਾਈਸ 155 ਰੁਪਏ ਕੁਇੰਟਲ ਸੀ। ਕੀ ਕਾਰਨ ਹਨ ਜਿਨ੍ਹਾਂ ਕਾਰਨਾਂ ਕਰਕੇ ਐਨੀ ਕੀਮਤ ਵਧਾ ਦਿੱਤੀ ਗਈ ਹੈ? ਇਹ ਇਸ ਕਰਕੇ ਵੱਧ ਗਈ ਕਿ ਜਿਨ੍ਹਾਂ ਵਪਾਰੀਆਂ ਦੀ ਕਣਕ ਗੁਦਾਮਾਂ ਵਿੱਚ ਪਈ ਸੀ, ਉਨ੍ਹਾਂ ਦੀ ਉਥੇ ਪਈ ਕਣਕ ਦਾ ਰੇਟ ਵੱਧ ਜਾਵੇ। ਇਸ ਵੇਲੇ ਕਿਸਾਨ ਨੂੰ 142/- ਰੁਪਏ ਪ੍ਰਤੀ ਕੁਇੰਟਲ ਰੇਟ ਮਿਲ ਨਹੀਂ ਰਿਹਾ। ਕਿਸੇ ਨੂੰ 140 ਰੁਪਏ ਕੁਇੰਟਲ ਅਤੇ ਕਿਸੇ ਨੂੰ ਇਸ ਦੇ ਨੇੜੇ ਤੇੜੇ ਮਿਲਦਾ ਹੈ। ਸਾਰੇ ਖਰਚੇ ਆਦਿ ਪਾ ਕੇ ਇਹਨਾਂ ਨੇ ਕਣਕ ਨੂੰ ਗੁਦਾਮਾਂ ਵਿੱਚ ਰੱਖਿਆ ਔਰ ਉਥੇ ਇਸ ਦਾ ਖਰਚਾ ਦਵਾਈਆਂ ਆਦਿ ਪਾ ਕੇ ਰੱਖਣ ਦਾ ਦਿੱਤਾ। ਇਹ 25/- ਰੁਪਏ ਕੁਇੰਟਲ ਜਿਹੜਾ ਇਹਨਾਂ ਨੇ ਰੇਟ ਇਸ ਦਾ ਦਿੱਤਾ ਹੈ ਇਹ ਕੋਈ ਵੱਧ ਨਹੀਂ ਦਿੱਤਾ। ਇਹ ਸਰਕਾਰ ਦੀ ਗਿਣੀ ਮਿਥੀ ਚਾਲ ਹੈ। ਚੰਗਾ ਹੁੰਦਾ ਜੇ ਕਣਕ ਦਾ ਰੇਟ 165 ਰੁਪਏ ਕੁਇੰਟਲ ਹੀ ਕਰ ਦਿੰਦੇ ਅਤੇ ਕਣਕ ਪੈਦਾ ਕਰਨ ਵਾਲੇ ਨੂੰ 165 ਰੁਪਏ ਕੁਇੰਟਲ ਹੀ ਸਿੱਧੇ ਮਿਲਦੇ। ਜੋ ਇਨ੍ਹਾਂ ਨੇ ਕੀਤਾ ਹੈ ਇਸ ਗੱਲ ਨਾਲ ਨਾ ਤਾਂ ਕਿਸਾਨ ਨੂੰ ਹੀ ਕੁਝ ਮਿਲਿਆ ਅਤੇ ਨਾ ਹੀ ਖਪਤਕਾਰ ਦੇ ਪੱਲੇ ਕੁਝ ਪਿਆ। ਸਗੋਂ ਇਸ ਵੇਲੇ ਪੋਜ਼ੀਸ਼ਨ ਇਹ ਹੈ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਕਿ ਆਟਾ 2.50 ਰੁਪਏ ਕਿਲੋ ਮਿਲ ਰਿਹਾ ਹੈ । ਜੇ ਕੰਟਰੋਲ ਤੇ ਦੋ ਰੁਪਏ ਜਾਂ 2.05 ਰੁਪਏ ਕਿਲੋ ਮਿਲਦਾ ਹੈ ਤਾਂ ਉਸ ਵਿਚੋਂ ਮਿਲ ਮਾਲਕਾਂ ਨੇ ਸੂਜੀ/ਮੈਦਾ ਵਗੈਰਾ ਕੱਢਿਆ ਹੁੰਦਾ ਹੈ । ਇਸ ਨਾਲ ਖਾਣ ਵਾਲਿਆਂ ਦੇ ਪੱਲੇ ਕੁਝ ਨਹੀਂ ਪੈਂਦਾ । ਪੰਜਾਬ ਦੇ ਉਸ ਕਿਸਾਨ ਨੇ ਉਸ ਮਿਹਨਤੀ ਨੇ ਕਿਉਂਕਿ ਇਕੱਲਾ ਕਿਸਾਨ ਕੋਲੋਂ ਸਾਰਾ ਕੁਝ ਪੈਦਾ ਨਹੀਂ ਹੁੰਦਾ ਉਸਦੇ ਨਾਲ ਮਿਹਨਤੀ ਵੀ ਹੈ ।ਉਹਨਾਂ ਨੇ ਸਰਕਾਰ ਦੇ ਅੰਦਾਜ਼ੇ ਨਾਲੋਂ ਵੱਧ ਕਣਕ ਪੈਦਾ ਕਰ ਦਿੱਤੀ । ਕਿਹਾ ਗਿਆ ਕਿ 165 ਰੁਪਏ ਕੁਇੰਟਲ ਆਟਾ ਸਾਰੇ ਪੰਜਾਬ ਨੂੰ ਮਿਲੇਗਾ । ਚੇਅਰਮੈਨ ਸਾਹਿਬ, ਇਹ ਕਦੇ ਵੀ ਨਹੀਂ ਦੇਣਗੇ । ਇਹ ਹੋ ਹੀ ਨਹੀ ਸਕਦਾ ਕਿਉਂਕਿ ਸਰਕਾਰ ਦੀ ਮਿਲੀ ਭਗਤ ਹੈ ਵੱਡੇ ਵੱਡੇ ਮਿਲ ਮਾਲਕਾਂ ਨਾਲ ਮਿਲ ਕੇ । ਪਿਛਲੇ ਸਾਲ ਜਿੰਨੀ ਕਣਕ ਸੀ ਉਹ ਉਨ੍ਹਾਂ ਨੇ ਖਰੀਦੀ ਅਤੇ ਉਨ੍ਹਾਂ ਕੋਲ ਪਈ ਹੈ । ਹੁਣ ਵਾਲੀ 185 ਰੁਪਏ ਕੁਇੰਟਲ ਨੂੰ ਵੇਚਣੀ ਹੈ ਔਰ 185/- ਰੁਪਏ ਇਸ ਕਰਕੇ ਆਟਾ ਕੀ ਭਾਅ ਦੇਣਾ ਹੈ, ਉਸ ਦਾ ਐਲਾਨ ਅਜੇ ਨਹੀਂ ਕਰਦੇ । ਡਿਪੂਆਂ ਨੂੰ ਜਿਹੜੀ ਕਣਕ ਮਿਲਦੀ ਹੈ ਉਹ ਸਾਰੀ ਕਣਕ ਕਾਗਜ਼ਾਂ ਤੇ ਚੜ੍ਹਾ ਲੈਂਦੇ ਹਨ, ਪਰ ਕਿਸੇ ਖ਼ਪਤਕਾਰ ਨੂੰ ਉਹ ਨਹੀਂ ਮਿਲਦੀ । ਚੇਅਰਮੈਨ ਸਾਹਿਬ, ਜੇ ਇਹੀ ਹਾਲਤ ਰਹੀ ਤਾਂ ਪੰਜਾਬ ਜੋ ਕਣਕ ਪੈਦਾ ਕਰਨ ਵਿੱਚ ਰਿਕਾਰਡ ਰਖਦਾ ਹੈ ਉਥੇ ਵੀ ਆਟਾ 3/- ਰੁਪਏ ਕਿਲੋ ਨੂੰ ਮਿਲੇਗਾ । ਇਸ ਦੇ ਲਈ ਕੌਣ ਜ਼ਿਮੇਵਾਰ ਹੈ ? ਇਸ ਦੇ ਲਈ ਪੰਜਾਬ ਦੀ ਸਰਕਾਰ ਜ਼ਿਮੇਵਾਰ ਹੋਵੇਗੀ । ਇਸ ਲਈ ਮੈਂ ਬੜੀ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਆਨਾਜ ਦੀਆਂ ਕੀਮਤਾਂ ਜਿਸ ਹਿਸਾਬ ਨਾਲ ਵੱਧ ਰਹੀਆਂ ਹਨ, ਉਨ੍ਹਾਂ ਤੇ ਕੰਟਰੋਲ ਕਰੋ । ਝੋਨੇ ਦੀ ਕੀਮਤ ਦੀ ਗੱਲ ਲੈ ਲਓ । ਸਰਕਾਰ ਨੇ ਕਿਹਾ ਹੈ ਕਿ ਸੈਂਟਰ ਦੀ ਸਰਕਾਰ ਨੇ ਐਲਾਨ ਕਰਨਾ ਹੈ । ਕੱਲ ਇਥੇ ਕਿਹਾ ਗਿਆ ਸੀ ਕਿ ਖ਼ਪਤਕਾਰਾਂ ਨੂੰ ਨਿਗਾਹ ਵਿਚ ਰਖਦਿਆਂ ਹੋਇਆਂ 140/- ਰੁਪਏ ਕੁਇੰਟਲ ਝੋਨੇ ਦਾ ਭਾਅ ਹੋਵੇ । ਜੇ ਨਾ ਹੋਵੇ 140/-ਰੁਪਏ ਤਾਂ ਫਿਰ ਕੀ ਹੋਵੇ ? 115 ਰੁਪਏ ਜਦੋਂ ਮੰਗਿਆ ਸੀ ਤਾਂ ਚਾਵਲ ਸ਼ੈਲਰਾਂ ਵਿੱਚ 205/- ਰੁਪਏ, 207/- ਰੁਪਏ ਤਕ ਸਰਕਾਰ ਨੂੰ ਮਿਲਦੇ ਸੀ ਔਰ ਪੰਜਾਬ ਦੇ ਲੋਕਾਂ ਨੂੰ ਚਾਵਲ 3/- ਰੁਪਏ ਕਿਲੋ ਤੋਂ ਘੱਟ ਨਹੀਂ ਮਿਲਿਆ । ਅਜੇ ਪੰਜਾਬ ਦੇ ਲੋਕ ਚਾਵਲ ਨਹੀਂ ਖਾਂਦੇ । ਸਾਰੇ ਹਿੰਦੁਸਤਾਨ ਵਿਚ ਨਾ ਕਿਸਾਨ ਨੂੰ ਝੋਨੇ ਦਾ ਭਾਅ ਪੂਰਾ ਮਿਲਿਆ ਅਤੇ ਨਾ ਖ਼ਪਤਕਾਰ ਨੂੰ ਸਸਤੇ ਭਾਅ ਚਾਵਲ ਮਿਲਿਆ । 7-8 ਰੁਪਏ ਕਿਲੋ ਚਾਵਲ ਹਿੰਦੁਸਤਾਨ ਦੀਆਂ ਮੰਡੀਆਂ ਵਿੱਚ ਵਿਕਦਾ ਰਿਹਾ । ਮੁਨਾਫ਼ਾ ਕੌਣ ਖਾ ਗਿਆ, ਕਿਥੇ ਗਿਆ ? ਵਪਾਰੀ ਅਤੇ ਤਾਜਰ ਸਰਕਾਰ ਦੀ ਮਿਲੀ ਭਗਤ ਨਾਲ ਇਹ ਲੰਬੀ ਚੌੜੀ ਗੱਲ ਛੱਡ ਕੇ ਮੈਂ ਆਪਣੀ ਗੱਲ ਤੇ ਆਉਂਦਾ ਹਾਂ ਕਿ ਆਨਾਜ ਦੀਆਂ ਕੀਮਤਾਂ ਵਲ ਪੰਜਾਬ ਦੀ ਸਰਕਾਰ ਮੋਟੇ ਤੌਰ ਤੇ ਧਿਆਨ ਦੇਵੇ ਅਤੇ ਜਿੰਨੇ ਵੀ ਸਸਤੇ ਭਾਅ ਤੇ ਆਟਾ ਦੇ ਸਕਦੇ ਹੋ ਦਿਓ । ਅਸੀਂ ਆਨਾਜ ਪੈਦਾ ਕਰਨ ਵਾਲੇ ਹਾਂ । ਆਪਣੀ ਸਰਕਾਰ ਇਸ ਪਾਸੇ ਵਲ ਧਿਆਨ ਦੇਵੇ ਅਤੇ ਸਰਵਜਨਕ ਵੰਡ ਪ੍ਰਣਾਲੀ ਨੂੰ ਠੀਕ ਕਰੇ । ਇਸ ਵੇਲੇ ਇਸ ਤਰ੍ਹਾਂ ਦੀ ਪੋਜ਼ੀਸ਼ਨ ਹੈ ਕਿ ਕੋਈ ਚੀਜ਼ ਨਹੀਂ ਮਿਲਦੀ । ਕਪੜੇ ਦੀ ਗੱਲ ਨੂੰ ਤਾਂ ਛੱਡੋ, ਪਾਮ ਆਇਲ ਦੀ ਵੀ ਗਲ ਛਡੋ ਜਿਹੜਾ ਤਿੰਨ ਮਹੀਨਿਆਂ ਵਿੱਚ ਇਕ ਛਟਾਂਕ ਹੀ ਮਿਲਦਾ ਹੈ ਉਨ੍ਹਾਂ ਦੀ ਗਲ ਛਡੋ । ਮੈਂ ਉਨ੍ਹਾਂ ਦੀ ਗੱਲ ਨਹੀਂ ਕਰਦਾ ਪਰ ਜਿਹੜੀਆਂ ਦੂਸਰੀਆਂ ਚੀਜ਼ਾਂ ਹਨ ਉਹ ਤਾਂ ਗ਼ਰੀਬ ਆਦਮੀ ਨੂੰ ਮਿਲਣੀਆਂ ਚਾਹੀਦੀਆਂ ਹਨ । ਜਿਹੜੇ ਡੀਪੂ ਬਣਾਏ ਹਨ ਉਨ੍ਹਾਂ ਦੇ ਲਈ ਮੈਂ ਬੜੀ

Original with;
Punjab Vidhan Sabha
Digitized by;
Panjab Digital Library

ਨਿਮਰਤਾ ਸਹਿਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰ ਇਕ ਡਿਪੂ ਦੀ ਵਿਵਸਥਾ 400 ਕਾਰਡ ਤੋਂ ਜ਼ਿਆਦਾ ਨਹੀਂ ਚਾਹੀਦੀ । ਮੈਨੂੰ ਪਤਾ ਹੈ ਕਿ ਸਰਕਾਰ ਵਾਅਦੇ ਤਾਂ ਬਹੁਤ ਕਰ ਲੈਂਦੀ ਹੈ ਪਰ ਉਨ੍ਹਾਂ ਵਾਅਦਿਆਂ ਨੂੰ ਪੂਰਾ ਨਹੀਂ ਕਰਦੀ । ਪਹਿਲੇ ਇਜਲਾਸ ਵਿੱਚ ਇਥੇ ਚੀਫ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿਤੀ ਸੀ ਕਿ ਪਿੱਛਲੇ ਸਮੇਂ ਵਿੱਚ ਸਰਕਾਰ ਨੇ ਕੋਈ ਗਲਤ ਨੀਤੀ ਅਖ਼ਤਿਆਰ ਕੀਤੀ ਸੀ ਕਿ 5-5/6-6 ਪਿੰਡਾਂ ਦੀ ਇਕ ਇਕ ਸੁਸਾਇਟੀ ਬਣਦੀ ਹੈ । ਸੁਸਾਇਟੀ ਦਾ ਲਾਭ ਸਾਰੇ ਉਹ ਪਿੰਡਾਂ ਨੂੰ ਨਹੀਂ ਸੀ ਮਿਲਦਾ, ਅਸੀਂ ਆਉਣ ਵਾਲੇ ਇਜਲਾਸ ਤੋਂ ਪਹਿਲਾਂ ਪਿੰਡ ਪਿੰਡ ਵਿਚ ਸੁਸਾਇਟੀ ਕਰ ਦੇਵਾਂਗੇ ਪਰ ਅੱਜ ਤੱਕ ਕਿਸੇ ਨੇ ਨਹੀਂ ਕੀਤੀ । ਇਸ ਦੇ ਨਾਲ ਬਾਕੀ ਦਾ ਕੀ ਨੁਕਸਾਨ ਹੋਇਆ ਹੈ ਜਾਂ ਕੀ ਨਹੀਂ ਹੋਇਆ ਉਸ ਦੇ ਵਲ ਮੈਂ ਬਹੁਤਾ ਨਹੀਂ ਜਾਣਾ ਚਾਹੁੰਦਾ ਪਰ ਮੈਂ ਐਨੀ ਬੇਨਤੀ ਜ਼ਰੂਰੀ ਕਰਨੀ ਚਾਹੁੰਦਾ ਹਾਂ ਕਿ 6 ਪਿੰਡਾਂ ਦੀ ਜੇ ਇਕ ਸੁਸਾਇਟੀ ਹੈ ਤਾਂ ਜੇ ਉਸ ਸੁਸਾਇਟੀ ਦੇ ਇਕ ਪਿੰਡ ਵਿਚ ਮਾਲ ਆਉਂਦਾ ਹੈ ਤਾਂ ਦੂਜਿਆਂ ਪਿੰਡਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਮਾਲ ਆਇਆ ਵੀ ਹੈ ਜਾਂ ਨਹੀਂ । ਜੇ ਆਇਆ ਹੈ ਤਾਂ ਕਿਸ ਵਾਰ ਨੂੰ ਆਇਆ ਹੈ । ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਕਿਸ ਵਾਰ ਨੂੰ ਮਾਲ ਮਿਲਣਾ ਹੈ, ਸੋਮਵਾਰ, ਮਗਲਵਾਰ, ਬੁੱਧਵਾਰ ਜਾਂ ਕਿਸੇ ਹੋਰ ਵਾਰ ਮਿਲਦਾ ਹੈ । ਪਨਸੰਪ ਦੇ ਡਿਪੂ ਹੁੰਦੇ ਸੀ । ਹੁਣ ਇਹ ਕਹਿੰਦੇ ਹਨ ਕਿ ਸਾਡਾ ਕੰਮ ਤਾਂ ਥੋਕ ਦਾ ਹੈ । ਨਾ ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੈ ਅਤੇ ਨਾ ਕੋਈ ਕਹਿਣ ਵਾਲਾ ਹੈ । ਜੇ ਕਹੋ ਤਾਂ ਕਹਿੰਦੇ ਹਨ ਕਿ ਡਿਪੂ ਵਾਲੇ ਮੰਗਦੇ ਨਹੀਂ । ਆਟਾ ਕਿਸੇ ਨੂੰ ਨਹੀਂ ਮਿਲਦਾ, ਹਰ ਇਕ ਆਦਮੀ ਨੂੰ ਆਟਾ ਚਾਹੀਦਾ ਹੈ । ਗਰੀਬ ਆਦਮੀ ਨੂੰ ਕੋਈ ਚੀਜ਼ ਨਹੀਂ ਮਿਲਦੀ । ਕਪੜੇ ਦੀ ਕਿੰਨੀ ਗਲਤ ਪਾਲਿਸੀ ਹੈ । ਕਪੜੇ ਦੀ ਪੋਜ਼ੀਸ਼ਨ ਇਹ ਹੈ ਕਿ ਇਹ ਮੈਂ ਸਿਰਫ ਤੁਹਾਡੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ, ਅਗੇ ਕੋਰਸ ਕਪੜਾ 35% ਹਰ ਮਿਲ ਵਿੱਚ ਬਣਨਾ ਜ਼ਰੂਰੀ ਸੀ ਪਰ ਹੁਣ ਕੋਈ ਬਣਾਉਂਦਾ ਹੀ ਨਹੀਂ । ਬਦਕਿਸਮਤੀ ਹੈ ਕਿ ਮਿਲਾਂ ਵਾਲਿਆਂ ਦਾ ਸਰਕਾਰ ਤੇ ਐਨਾ ਕਬਜ਼ਾ ਹੋ ਗਿਆ ਹੈ ਕਿ ਉਹ ਇਹ ਕੋਰਸ ਕਪੜਾ ਬਣਾਉਂਦੇ ਹੀ ਨਹੀਂ ਅਤੇ ਸਾਰਾ ਦੂਸਰਾ ਕਪੜਾ ਬਣਾਉਂਦੀਆਂ ਹਨ । ਹੁਣ ਉਨ੍ਹਾਂ ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ । ਬੰਬਈ ਦੀ ਟੈਕਸਟਾਈਲ ਮਿਲਜ਼ ਦੇ ਮਜ਼ਦੂਰ 7 ਮਹੀਨੇ ਤੋਂ ਹੜਤਾਲ ਕਰੀ ਬੈਠੇ ਹਨ । ਉਨ੍ਹਾਂ ਦੀਆਂ ਜੋ ਮੰਗਾਂ ਹਨ ਉਨ੍ਹਾਂ ਵਿਚੋਂ ਇਕ ਮੰਗ ਇਹ ਵੀ ਹੈ ਕਿ ਕੋਰਸ ਕਪੜੇ ਬਣਾਉਣ ਦੀ ਪਾਬੰਦੀ 35% ਹਰ ਮਿਲ ਤੇ ਲਾਗੂ ਹੋਵੇ । ਬੰਬਈ ਵਰਗੇ ਸ਼ਹਿਰ ਵਿਚ ਮਜ਼ਦੂਰ ਜਿਸ ਸ਼ਹਿਰ ਵਿੱਚ ਉਨ੍ਹਾਂ ਮਜ਼ਦੂਰਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਝੰਡਾ ਚੁੱਕ ਕੇ ਅੰਗਰੇਜ਼ਾਂ ਨੂੰ ਬਾਹਰ ਕਢਿਆ ਸੀ, ਅੱਜ ਉਨ੍ਹਾਂ ਨੂੰ ਇਸ ਤਰ੍ਹਾਂ ਜ਼ਲੀਲ ਕੀਤਾ ਜਾ ਰਿਹਾ ਹੈ ਕਿ ਉਹ ਮਿਲ ਵਾਲਿਆਂ ਤੋਂ ਕੋਈ ਮੰਗ ਹੀ ਨਾ ਕਰੇ । ਉਸ ਦੀ ਮੰਗ ਕੀ ਹੈ ? ਉਸ ਦੀ ਮੰਗ ਹੈ ਕਿ ਮਹਿੰਗਾਈ ਵਧੀ ਹੈ ਔਰ ਜੋ ਵੇਜ ਬੋਰਡ ਬਣਿਆ ਹੈ ਉਸ ਦੇ ਮੁਤਾਬਕ ਜੋ ਮਹਿੰਗਾਈ ਵਧੀ ਹੈ ਉਸ ਦੇ ਮੁਤਾਬਕ ਉਸ ਦੀ ਤਨਖਾਹ ਦਿਓ । ਉਨ੍ਹਾਂ ਦੀ ਜਾਇਜ਼ ਮੰਗ ਹੈ । ਗਰੀਬ ਆਦਮੀ ਨੂੰ ਕੋਈ ਚੀਜ਼ ਮਿਲਦੀ ਨਹੀਂ, ਕੋਰਸ ਕਪੜਾ ਮਿਲਦਾ ਨਹੀਂ ਕਿਉਂਕਿ ਕੋਰਸ ਕਪੜਾ ਬਣਦਾ ਹੀ ਨਹੀਂ । ਜੋ ਕਪੜਾ ਉਸ ਨੂੰ ਮਿਲਦਾ ਹੈ ਉਹ ਕਪੜਾ ਵੀ ਉਸ ਨੂੰ 7 ਜਾਂ 8 ਰੁਪਏ ਮੀਟਰ ਤੋਂ ਘੱਟ ਨਹੀਂ ਮਿਲਦਾ । ਉਹ ਦੂਸਰੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਆਦਮੀ ਕਪੜਾ ਖਰੀਦ ਲੈਂਦੇ ਹਨ ਕਿਉਂਕਿ ਉਹ ਗਰੀਬ ਵਿਚਾਰਾ ਇਹ ਕਪੜਾ ਵੀ ਨਹੀਂ ਖਰੀਦ ਸਕਦਾ। ਜਿਹੜੇ ਗਰੀਬ ਆਦਮੀ ਹਨ ਉਹ 7 ਜਾਂ 8 ਰੁਪਏ ਮੀਟਰ ਕਪੜਾ ਨਹੀਂ ਖਰੀਦ ਸਕਦੇ। ਮੇਰੀ ਬੇਨਤੀ ਹੈ ਕਿ ਸਰਵ-ਜਨਕ ਵੰਡ ਪ੍ਰਣਾਲੀ ਰਾਹੀਂ ਉਨ੍ਹਾਂ ਨੂੰ ਇਹ ਸਰਕਾਰ ਸੈਂਟਰ ਦੀ ਸਰਕਾਰ ਨਾਲ ਗਲ ਕਰਕੇ ਗਰੀਬ ਆਦਮੀ ਨੂੰ ਕਪੜੇ ਦੋ, ਢਾਈ ਜਾਂ ਤਿੰਨ ਰੁਪਏ ਮੀਟਰ ਦੇਵੇ ਔਰ ਇਹ ਕਪੜਾ ਸਰਕਾਰ ਹਰ ਪਿੰਡ ਵਿਚ ਪਹੁੰਚਾਏ ਤਾਂਕਿ ਹਰ ਗਰੀਬ ਆਦਮੀ ਨੂੰ ਮਿਲੇ। ਅੱਜ ਸਰਕਾਰ ਕਹਿੰਦੀ ਹੈ ਕਿ ਉਸ ਨੇ ਮਜ਼ਦੂਰ ਦੀ 14/- ਰੁਪਏ ਦਿਹਾੜੀ ਕੀਤੀ ਹੈ। ਇਹ ਕਿਸੇ ਨੂੰ ਕੋਈ ਨਹੀਂ ਪਤਾ ਕਿ ਰੋਜ਼ ਦੇ ਉਸ ਨੂੰ 14/- ਰੁਪਏ ਨਹੀਂ ਮਿਲਦੇ। ਕਿਉਂਕਿ ਮਹੀਨੇ ਵਿੱਚ 5 ਜਾਂ 10 ਦਿਹਾੜੀਆਂ ਹੀ ਲਗਦੀਆਂ ਹਨ ਔਰ ਇਸ ਮਹਿੰਗਾਈ ਵਿਚ ਉਸ ਦਾ ਇਤਨੇ ਪੈਸਿਆਂ ਨਾਲ ਗੁਜ਼ਾਰਾ ਨਹੀਂ ਹੁੰਦਾ। ਅੱਜ ਮਹਿੰਗਾਈ ਇਤਨੀ ਵਧ ਗਈ ਹੈ ਜਿਸ ਦਾ ਕੋਈ ਹਿਸਾਬ ਨਹੀਂ ਰਿਹਾ। ਇਹ ਮੈਂ ਨਹੀਂ ਕਹਿੰਦਾ। ਇਹ ਮੇਰੇ ਪਾਸ ਸਰਕਾਰੀ ਅੰਕੜੇ ਹਨ ਜਿਹੜੇ ਪਾਰਲੀਮੈਂਟ ਵਿਚ ਵਿੱਤ ਮੰਤਰੀ ਨੇ ਦੱਸੇ ਹਨ। ਇਹ ਥੋਕ ਦੇ ਅੰਕੜੇ ਹਨ ਜੋ ਮੈਂ ਦੱਸਣ ਲਗਾ ਹਾਂ ਜਿਨ੍ਹਾਂ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਮਹਿੰਗਾਈ ਕਿੰਨੀ ਵੱਧ ਗਈ ਹੈ। ਜੇ 1970-71 ਨੂੰ 100 ਮਿੱਥ ਲਈਏ ਤਾਂ 24 ਅਪਰੈਲ ਤਕ ਥੋਕ ਰੇਟ ਦੇ ਅੰਕੜੇ 274.3 ਸਨ, ਜੂਨ ਵਿੱਚ ਇਹ 284.6 ਹੋ ਗਏ ਔਰ ਇਸ ਵੇਲੇ 293.8 ਇਸੇ ਸਾਲ ਵਿੱਚ ਹੋ ਗਏ ਹਨ। ਜੇ ਪਿਛਲੇ ਸਾਲਾਂ ਦਾ ਸਾਰਾ ਹਿਸਾਬ ਕਿਤਾਬ ਲਾ ਲਿਆ ਜਾਵੇ ਜਦੋਂ ਤੋਂ ਸਾਡੀ ਸਰਕਾਰ ਅਤੇ ਸੈਂਟਰ ਦੀ ਨਵੀਂ ਸਰਕਾਰ ਬਣੀ ਹੈ ਤਾਂ ਉਸ ਦੇ ਇਨ੍ਹਾਂ 31 ਮਹੀਨਿਆਂ ਵਿੱਚ 31% ਥੋਕ ਵਿਚ ਵਾਧਾ ਹੋਇਆ ਹੈ ਔਰ ਜੋ ਰਿਟੇਲ ਪ੍ਰਾਈਸ ਹੈ ਉਸ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਇਸ ਦੇ ਵਿੱਚ ਮੋਟੇ ਤੌਰ ਤੇ ਅੰਦਾਜ਼ਾ ਹੈ ਕਿ 50% ਤੋਂ 60% ਦਾ ਵਾਧਾ ਹੈ। ਪੰਜਾਬ ਗੌਰਮਿੰਟ ਦੇ ਐਸਟੀਮੇਟ 3 ਸਾਲਾਂ ਵਿਚ ਚਾਹੇ ਬਿਜਲੀ ਬੋਰਡ ਹੈ ਚਾਹੇ ਇੰਡਸਟਰੀਅਲ ਕਾਰਪੋਰੇਸ਼ਨ ਹੈ ਤੇ ਚਾਹੇ ਕੋਈ ਵੀ ਹੈ ਉਸ ਦਾ ਐਸਟੀਮੇਟ 60% ਵਧ ਗਿਆ ਹੈ। ਇਨਸਾਨ ਜਿਹੜੀਆਂ ਚੀਜ਼ਾਂ ਦੀ ਵਰਤੋਂ ਆਮ ਕਰਦਾ ਹੈ ਉਸ ਦੇ ਲਈ ਮੈਂ ਬੇਨਤੀ ਕਰਾਂਗਾ ਕਿ ਅੱਜ ਤੋਂ 3,4 ਸਾਲ ਪਹਿਲਾਂ ਖੰਡ ਲੈ ਲਵੋ, ਆਟਾ ਲੈ ਲਵੋ, ਦਵਾਈਆਂ ਲੈ ਲਵੋ ਇਨ੍ਹਾਂ ਦੀਆਂ ਕੀਮਤਾਂ ਕਿੰਨੀਆਂ ਵੱਧ ਗਈਆਂ। ਚੇਅਰਮੈਨ ਸਾਹਿਬ, ਸੂਚਿਤ ਅੰਕ ਵਿਚ ਖਾਣ ਪੀਣ ਦੀਆਂ ਚੀਜ਼ ਦੀਆਂ ਕੀਮਤਾਂ ਬਾਕੀ ਚੀਜ਼ਾਂ ਨਾਲੋਂ ਵੀ ਦੁਗਣੀਆਂ ਤਿਗਣੀਆਂ ਵੱਧ ਗਈਆਂ। ਚੇਅਰਮੈਨ ਸਾਹਿਬ, ਕਿੰਨਾ ਜ਼ਰੂਰੀ ਰੈਜ਼ੋਲਿਊਸ਼ਨ ਆਇਆ ਹੈ ਪਰ ਸਰਕਾਰੀ ਬੈਂਚਾਂ ਤੇ ਇਸ ਨੂੰ ਕੋਈ ਸੁਣਨ ਨੂੰ ਤਿਆਰ ਨਹੀਂ।

**ਸਥਾਨਕ ਸਰਕਾਰ ਮੰਤਰੀ**: ਸੁਣਦੇ ਬੈਠੇ ਹਾਂ

**ਕਾਮਰੇਡ ਕੁਲਵੰਤ ਸਿੰਘ**: ਚੇਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਨ੍ਹਾਂ ਚੀਜ਼ਾਂ ਵਲ ਬਿਲਕੁਲ ਧਿਆਨ ਹੀ ਨਹੀਂ ਦਿੱਤਾ। 1979 ਵਿਚ ਇੱਟਾਂ ਦਾ ਰੇਟ 120 ਰੁਪਏ ਪ੍ਰਤੀ ਹਜ਼ਾਰ ਸੀ ਔਰ ਉਸ ਤੇ ਜਿਹੜਾ ਮੈਟੀਰੀਅਲ ਲਗਦਾ ਹੈ, ਉਸ ਬਾਰੇ ਵੀ ਤੁਹਾਨੂੰ ਸਭ ਨੂੰ ਪਤਾ ਹੈ। ਅੱਜ ਉਨ੍ਹਾਂ ਦਾ ਰੇਟ 500 ਰੁਪਏ ਪ੍ਰਤੀ ਹਜ਼ਾਰ ਹੋ ਗਿਆ ਹੈ। ਫਿਰ ਕਹਿ ਦਿੰਦੇ ਹਨ ਕਿ ਫਲਾਣਾ ਸਕੁਐਡ ਬਣਾਇਆ ਹੈ। ਵਿਜੀਲੈਂਸ ਡਿਪਾਰਟਮੈਂਟ ਅਤੇ ਹੋਰ ਕਈ ਮਹਿਕਮੇ ਗਿਣਾ ਦਿੰਦੇ ਹਨ। ਅੱਜ ਸਾਰਾ ਸਰਕਾਰੀ ਕੰਮ ਖੜਾ ਹੈ। ਕਿਸੇ ਪੁਲ ਤੇ ਜਾ ਕੇ ਵੇਖ ਲਵੋ ਸਭ ਪੀਲੀਆਂ ਇੱਟਾਂ ਪਈਆਂ

Original with;
Punjab Vidhan Sabha
Digitized by;
Panjab Digital Library

ਹਨ। ਇਸ ਤੋਂ ਇਲਾਵਾ ਤੁਹਾਨੂੰ ਪਤਾ ਹੈ ਟਾਇਲ ਦਾ, ਜਿਹੜੀ ਕਿ ਇੱਟ ਨਾਲੋਂ ਅੱਧੀ ਨੀਂਦੀ ਹੈ, ਉਸ ਦਾ ਰੇਟ 650 ਰੁਪਏ ਪ੍ਰਤੀ ਹਜ਼ਾਰ ਹੈ। ਕੋਈ ਪੁੱਛਣ ਵਾਲਾ ਹੀ ਨਹੀਂ, ਖੁਲ੍ਹੀ ਛੁੱਟੀ ਦਿਤੀ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦਖਲਅੰਦਾਜ਼ੀ ਨਹੀਂ ਕਰ ਸਕਦੀ, ਕੀ ਸਰਕਾਰ ਕੋਲ ਪਾਵਰ ਨਹੀਂ ? ਸਭ ਕੁਝ ਹੈ, ਪਰ ਕੋਈ ਧਿਆਨ ਹੀ ਨਹੀਂ ਦਿੰਦੀ। ਮੈਂ ਦਸਦਾ ਹਾਂ ਕਿ ਐਨੀ ਮਹਿੰਗਾਈ ਹੈ ਜਿਹੜੇ ਸਾਡੇ ਪੰਜਾਬੀ ਬਾਹਰ ਦੁਬਈ ਆਦਿ ਜਾ ਕੇ ਆਉਂਦੇ ਹਨ ਅਤੇ ਮਕਾਨ ਬਣਾਉਣ ਵੇਲੇ ਜਦੋਂ ਇੱਟਾਂ ਦਾ ਭਾਅ ਵੇਖਦੇ ਹਨ ਤਾਂ ਕੰਨ ਫੜ ਲੈਂਦੇ ਹਨ। ਹੁਣ ਮੈਂ ਸੀਮਿੰਟ ਦੇ ਬਾਰੇ ਵਿਚ ਦਸਣਾ ਚਾਹੁੰਦਾ ਹਾਂ। ਜਨਵਰੀ ਵਿਚ ਕੰਟਰੋਲ ਦਾ ਸੀਮਿੰਟ 31 ਰੁਪਏ ਬੋਰੀ ਸੀ ਅਤੇ ਹੁਣ 31 ਰੁਪਏ ਤੋਂ 38 ਰੁਪਏ ਬੋਰੀ ਅਤੇ 38 ਰੁਪਏ ਤੋਂ 42 ਰੁਪਏ ਬੋਰੀ ਹੋ ਗਿਆ ਹੈ। ਮੈਂ ਯਾਦ ਕਰਾਉਂਦਾ ਹਾਂ ਕਿ ਇਕ ਵਾਰੀ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਸੀਮਿੰਟ ਫੈਕਟਰੀਆਂ ਵਾਲੇ ਜਾ ਕੇ ਮਿਲੇ ਅਤੇ ਕਿਹਾ ਕਿ ਜੇਕਰ ਸੀਮਿੰਟ ਦੀ ਬੋਰੀ ਦਾ ਰੇਟ 8 ਰੁਪਏ ਤੋਂ 9 ਰੁਪਏ ਬੋਰੀ ਕਰ ਦੇਵੋ ਤਾਂ ਅਸੀਂ ਸਾਰੇ ਹਿੰਦੁਸਤਾਨ ਦੀ ਲੋੜ ਪੂਰੀ ਕਰ ਦਿਆਂਗੇ, ਪਰ ਉਸ ਨੇ ਨਹੀਂ ਮੰਨਿਆ ਸੀ। ਇਥੇ ਇਨ੍ਹਾਂ ਨੇ 31 ਰੁਪਏ ਤੋਂ 42 ਰੁਪਏ ਫੀ ਬੋਰੀ ਕਰ ਦਿਤਾ। ਖੁਲ੍ਹਾ ਸੀਮਿੰਟ 68 ਰੁਪਏ ਤੋਂ 85 ਰੁਪਏ ਬੋਰੀ ਵਿਕ ਰਿਹਾ ਹੈ। ਇਸ ਦੇ ਨਾਲ ਹੀ ਮੈਂ ਦਸਦਾ ਹਾਂ ਕਿ ਪਹਿਲਾਂ 8 ਆਨੇ ਬੋਰੀ ਦੀ ਕਮਿਸ਼ਨ ਹੁੰਦੀ ਸੀ, ਪਰ ਹੁਣ ਕਮਿਸ਼ਨ ਦਾ ਸਰਕਾਰੀ ਰੇਟ 5 ਰੁਪਏ ਹੋ ਗਿਆ ਹੈ। ਇਹ ਪੈਸਾ ਕੌਣ ਖਾ ਗਿਆ, ਕਿਸ ਦੀ ਜੇਬ ਵਿਚ ਗਿਆ, ਕੀ ਇਹ ਸਰਕਾਰ ਨੇ ਨਹੀਂ ਵੇਖਣਾ ? ਇਹ ਤਾਂ ਸ਼ਰੇਆਮ ਡਾਕਾ ਹੈ, ਲੁੱਟ ਹੈ। ਕਿਸੇ ਦੇ ਹਿੱਸੇ ਵਿਚ ਕਿੰਨਾ ਗਿਆ ਮੈਂ ਇਸ ਗੱਲ ਵਿਚ ਨਹੀਂ ਪੈਂਦਾ। ਮੈਂ ਇਹ ਗੱਲ ਕਹਿੰਦਾ ਹਾਂ ਕਿ ਸਰਕਾਰ ਇਧਰ ਧਿਆਨ ਦੇਵੇ। (ਘੰਟੀ) ਚੇਅਰਮੈਨ ਸਾਹਿਬ, ਕਈ ਚੀਜ਼ਾਂ ਦੇ ਰੇਟ ਤਾਂ ਬਿਨਾਂ ਵਜ੍ਹਾ ਵੱਧ ਰਹੇ ਹਨ। ਚੇਅਰਮੈਨ ਸਾਹਿਬ, ਹਿੰਦੁਸਤਾਨ ਵਿਚ ਇਤਨਾ ਕੋਲਾ ਹੈ ਕਿ ਇਹ ਸਾਰੀ ਦੁਨੀਆਂ ਨੂੰ ਸਪਲਾਈ ਕਰ ਸਕਦਾ ਹੈ। ਪਰ ਇਸ ਦੇ ਵਿਚ ਵੀ ਅਫ਼ਸਰਸ਼ਾਹੀ ਨੇ ਐਸਾ ਪੱਟਾ ਫਿਟ ਕੀਤਾ ਹੋਇਆ ਹੈ ਕਿ ਸਾਰੀ ਪੋਜ਼ੀਸ਼ਨ ਖਰਾਬ ਕਰ ਰਖੀ ਹੈ। ਇਹ ਕਹਿ ਦਿੰਦੇ ਹਨ ਕਿ ਗਡੀਆਂ ਨਹੀਂ ਹਨ। ਹੁਣ ਭੱਠੇ ਵਾਲਿਆਂ ਨੂੰ ਇਹ ਕੋਲਾ ਦੇਣਗੇ। ਕੀ ਇੱਟ ਦਾ ਭਾਅ 140 ਰੁਪਏ ਪ੍ਰਤੀ ਹਜ਼ਾਰ ਹੋ ਜਾਏਗਾ, ਸੁਆਲ ਹੀ ਪੈਦਾ ਨਹੀਂ ਹੁੰਦਾ। ਮਹਿੰਗਾਈ ਦਾ ਐਸਾ ਪੱਟਾ ਚਲਾਇਆ ਹੋਇਆ ਹੈ ਕਿ ਇਹ ਰੋਕ ਹੀ ਨਹੀਂ ਸਕਦੇ। ਇਹ ਰੈਜ਼ੋਲਿਊਸ਼ਨ ਆਇਆ ਹੈ ਹੋਰਡਰਜ਼ ਨੂੰ ਫੜਨ ਲਈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਅਗੇ ਕੋਈ ਕਾਨੂੰਨ ਨਹੀਂ। ਇਥੇ ਇਸ ਅਸੰਬਲੀ ਵਿਚ ਆਇਆ ਸੀ ਕਿ 10 ਹਜ਼ਾਰ ਬੋਰੀਆਂ ਸੀਮਿੰਟ ਦੀਆਂ ਲੁਧਿਆਣਾ ਵਿਚ ਫੜੀਆਂ ਗਈਆਂ। ਉਹ ਕਿਥੇ ਗਈਆਂ, ਉਹ ਬੰਦੇ ਕਿਥੇ ਹਨ ? ਮੈਂ ਕਹਿੰਦਾ ਹਾਂ ਕਿ ਜਦ ਤਕ ਸਰਕਾਰ ਤਹੱਈਆ ਨਾ ਕਰੇ ਕਿ ਮਹਿੰਗਾਈ ਕੰਟਰੋਲ ਕਰਨੀ ਹੈ ਤਦ ਤਕ ਇਹ ਨਹੀਂ ਹੋਣੀ। ਮੈਂ ਕਹਿੰਦਾ ਹਾਂ ਕਿ ਜਿਹੜੀਆਂ ਚੀਜ਼ਾਂ ਕਿਸਾਨ ਪੈਦਾ ਕਰਦਾ ਹੈ, ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਪੈਦਾਵਾਰ ਦੇ ਰੈਮੂਨਰੇਟਿਵ ਭਾਅ ਦੇ ਦੇਵੇ ਔਰ ਫਿਰ ਖਪਤਕਾਰ ਨੂੰ ਉਹ ਮਿਥੇ ਰੇਟ ਤੇ ਚੀਜ਼ ਦੇਵੇ। ਸਰਕਾਰ ਇਹ ਕਹਿ ਦੇਵੇ ਕਿ ਇਸ ਰੇਟ ਤੋਂ ਵੱਧ ਕੋਈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਚਾਵਲ ਨਹੀਂ ਵੇਚ ਸਕਦਾ, ਕੋਈ ਆਟਾ ਨਹੀਂ ਵੇਚ ਸਕਦਾ। ਸਰਕਾਰ ਸਾਰੀ ਕਣਕ ਲੈ ਲਵੇ। ਨਾ ਹੋਰਡਰ ਹੋਵੇਗਾ ਅਤੇ ਨਾ ਮਹਿੰਗਾਈ ਹੋਵੇਗੀ। ਇਸ ਤੇ ਸਰਕਾਰ ਦਾ ਪੱਕਾ ਕੰਟਰੋਲ ਹੋਵੇ ਔਰ ਸੇਲਜ਼ ਟੈਕਸ ਵੀ ਫ਼ਸਟ ਸਟੇਜ ਤੇ ਲਗ ਜਾਏ ਅਤੇ ਜਿੰਨੀ ਲੋੜ ਹੈ ਉਨੀ ਚੀਜ਼ ਰਖ ਲਵੋ। ਸਾਰਵਜਨਿਕ ਵੰਡ ਪ੍ਰਣਾਲੀ ਇਸ ਤਰ੍ਹਾਂ ਦੀ ਹੋਵੇ ਕਿ ਹਰ ਪਿੰਡ ਵਿਚ ਦੋ ਤਿੰਨ ਸੌ ਕਾਰਡਾਂ ਪਿਛੇ ਇਕ ਡਿਪੂ ਚਾਹੀਦਾ ਹੈ। ਉਸ ਦੇ ਉਤੇ ਇਕ ਵਾਚਡੋਗ ਕਮੇਟੀ ਲੋਕਲ ਬੰਦਿਆਂ ਦੀ ਹੋਵੇ। ਮਾਲ ਪੂਰਾ ਸਪਲਾਈ ਹੋ ਜਾਏ ਤਾਂ ਫਿਰ ਕਿਸੇ ਹਦ ਤਕ ਇਨ੍ਹਾਂ ਚੀਜ਼ਾਂ ਤੇ ਕੰਟਰੋਲ ਹੋ ਸਕਦਾ ਹੈ। ਲੇਕਿਨ ਸਰਕਾਰ ਦੀ ਨੀਅੱਤ ਹੀ ਨਹੀਂ। ਜੇਕਰ ਸਰਕਾਰ ਦੀ ਨੀਅੱਤ ਹੋਵੇ ਔਰ ਕਰਨਾ ਚਾਹੇ ਤਾਂ ਹਰ ਇਕ ਚੀਜ਼ ਕੰਟਰੋਲ ਹੋ ਸਕਦੀ ਹੈ। ਜ਼ਰਈ ਪੈਦਾਵਾਰ ਪੰਜਾਬ ਦੇ ਲੋਕਾਂ ਨੇ ਮਿਹਨਤ ਕਰਕੇ ਵਧਾਈ ਹੈ। ਸੱਨਤੀ ਪੈਦਾਵਾਰ ਵਿਚ ਵੀ ਤਰਕੀ ਲੋਕ ਕਰ ਰਹੇ ਹਨ (ਘੰਟੀ) ਸੁਆਲ ਤਾਂ ਹੈ ਸਰਕਾਰ ਦੀ ਨੀਤੀ ਦਾ। ਮੈਂ ਦਸਦਾ ਹਾਂ ਕਿ ਇਕ ਪਾਸੇ ਬਠਿੰਡਾ ਸਪਿਨਿੰਗ ਮਿਲ ਪੰਜਾਬ ਸਰਕਾਰ ਨੇ ਪ੍ਰਾਈਵੇਟ ਸੈਕਟਰ ਨੂੰ ਦੇ ਦਿੱਤੀ ਇਹ ਕਹਿਕੇ ਕਿ ਇਸ ਵਿਚ ਘਾਟਾ ਪੈਂਦਾ ਹੈ ਅਤੇ ਦੂਜੇ ਪਾਸੇ 5 ਹੋਰ ਸਪਿਨਿੰਗ ਮਿਲਾਂ ਲਗ ਰਹੀਆਂ ਹਨ? ਜੇਕਰ ਘਾਟਾ ਪੈਂਦਾ ਸੀ ਤਾਂ ਫਿਰ ਕਿਉਂ 5 ਮਿਲਾਂ ਹੋਰ ਲਗ ਰਹੀਆਂ ਹਨ ਅਤੇ ਜੇਕਰ ਘਾਟਾ ਨਹੀਂ ਪੈਂਦਾ ਤਾਂ ਬਠਿੰਡੇ ਵਾਲੀ ਸਪਿਨਿੰਗ ਮਿਲ ਕਿਉਂ ਦੇ ਦਿਤੀ? ਸਰਕਾਰ ਇਨ੍ਹਾਂ ਗੱਲਾਂ ਵਲ ਤਾਂ ਪੂਰਾ ਧਿਆਨ ਹੀ ਨਹੀਂ ਦਿੰਦੀ। ਲੁੱਟ ਪਾਈ ਹੋਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਨੂੰ ਨਿਰਾ ਪੁਰਾ ਅਫ਼ਸਰਾਂ ਦੇ ਰਹਿਮ ਤੇ ਨਾ ਛੱਡ ਦਿੱਤਾ ਜਾਏ। ਵਿਜੀਲੈਂਸ ਵਾਲੇ ਕਹਿੰਦੇ ਹਨ ਕਿ ਪਟਵਾਰੀ ਫੜਵਾ ਲਵੋਂ, ਚਪੜਾਸੀ ਫੜਵਾ ਲਵੋ ਔਰ ਅਗਰ ਗਜ਼ਟਿਡ ਅਫ਼ਸਰ ਨੂੰ ਫੜਨਾ ਹੈ ਤਾਂ ਪਹਿਲਾਂ ਚੀਫ਼ ਸੈਕਟਰੀ ਨੂੰ ਦਸਣਾ ਔਰ ਜਿੰਨੀ ਦੇਰ ਤਕ ਚੀਫ਼ ਸੈਕਟਰੀ ਨੂੰ ਪੁਛਾਂਗੇ, ਉਹ ਬੰਦਾ ਆਪਣਾ ਹੋਣ ਕਰਕੇ ਦੌੜ ਜਾਏਗਾ। ਮੈਂ ਕਹਿੰਦਾ ਹਾਂ ਕਿ ਅਗਰ ਕੰਟਰੋਲ ਕਰਨਾ ਹੈ ਤਾਂ ਕਾਨੂੰਨ ਦੀ ਅੜੱਚਨ ਦੂਰ ਕਰੋ ਕੁਰੱਪਸ਼ਨ ਦੀ ਮਾਰਾ ਮਾਰ ਹੈ। ਵਪਾਰੀ, ਹੋਰਡਰਜ਼ ਪੈਸਿਆਂ ਦੀਆਂ ਜੇਬ੍ਹਾਂ ਭਰੀ ਫਿਰਦੇ ਹਨ ਜਿੰਨੇ ਮਰਜ਼ੀ ਲੈ ਲਵੋ। ਕੋਈ ਇਹੋ ਜਿਹੀ ਥਾਂ ਨਹੀਂ ਜਿਥੇ ਕੁਰੱਪਸ਼ਨ ਦਾ ਬੋਲ ਬਾਲਾ ਨਾ ਹੋਵੇ। ਜਿਹੜੇ ਇਮਾਨਦਾਰ ਅਫ਼ਸਰ ਹਨ ਉਨ੍ਹਾਂ ਨੂੰ ਪੁੱਛਦਾ ਹੀ ਕੋਈ ਨਹੀਂ। ਕਿਉਂਕਿ ਜਿਹੜੇ ਬੇਈਮਾਨ ਹਨ ਉਨ੍ਹਾਂ ਨੂੰ ਕੋਈ ਸਜ਼ਾ ਹੀ ਨਹੀਂ ਮਿਲੀ। ਪੁਲਿਸ ਵਾਲਿਆਂ ਲਈ 25 ਲੱਖ ਰੁਪਏ ਲਿਆ ਹੈ ਕਿ ਮੋਟਰ ਸਾਈਕਲਾਂ ਵਾਲੇ ਫੜਨੇ ਹਨ। ਜਦੋਂ ਫੜ ਲੈਣਗੇ ਤਾਂ ਮੰਨਾਂਗੇ ਨਹੀਂ ਤਾਂ 25 ਲੱਖ ਰੁਪਿਆ ਸਾਰਾ ਐਵੇਂ ਚਲਾ ਜਾਣਾ ਹੈ। ਪੁਲਿਸ ਵਿਚ ਵੀ ਜਿਹੜੇ ਇਮਾਨਦਾਰ ਹਨ ਉਨ੍ਹਾਂ ਨੂੰ ਤਾਂ ਥਾਣਿਆਂ ਵਿਚ ਵੀ ਕੋਈ ਨਹੀਂ ਲਗਾਉਂਦਾ। ਵਿਜੀਲੈਂਸ ਵਾਲੇ ਜਾਂ ਫਲਾਇੰਗ ਸਕੁਐਡ ਵਾਲੇ ਹਨ ਉਨ੍ਹਾਂ ਦੇ ਅਧਿਕਾਰ ਹੀ ਖੋਹ ਲੈ ਜਾਂਦੇ ਹਨ। ਪੰਜਾਬ ਦੇ ਵਿਚ ਜਿਹੜੀ ਮਹਿੰਗਾਈ ਹੈ ਇਹ ਆਰਟੀਫੀਸ਼ਲ ਹੈ ਔਰ ਸਰਕਾਰ ਜਾਣ ਬੁਝ ਕੇ ਅੱਖਾਂ ਮੀਟੀ ਬੈਠੀ ਹੈ। ਇਹ ਗਲਾਂ ਖਤਮ ਹੋ ਜਾਣ ਜੇਕਰ ਸਰਕਾਰ ਇਧਰ ਧਿਆਨ ਦੇਵੇ। ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਇਹ ਰੈਜ਼ੋਲਿਊਸ਼ਨ ਇਨ੍ਹਾਂ ਨੇ ਲਿਆਂਦਾ ਹੈ, ਇਸ ਦਾ ਲਾਭ ਤਾਂ ਹੀ ਹੈ ਜੇਕਰ ਸਰਕਾਰ ਕਣਕ ਕਿਸਾਨ ਤੋਂ 142 ਰੁਪਏ ਕੁਇੰਟਲ ਦੇ ਰੇਟ ਤੇ ਲਏ ਅਤੇ ਖਾਣ ਵਾਲੇ

Original with;
Punjab Vidhan Sabha
Digitized by;
Panjab Digital Library

ਨੂੰ 165 ਰੁਪਏ ਪ੍ਰਤੀ ਕੁਇੰਟਲ ਆਟਾ ਦੇਵੇ । ਇਸ ਬਾਰੇ ਸਰਕਾਰ ਜ਼ਰੂਰ ਫੈਸਲਾ ਲਵੇ, ਨਹੀਂ ਤਾਂ ਕਿਸਾਨ ਨਾਲ ਵੀ ਅਤੇ ਖਪਤਕਾਰ ਨਾਲ ਵੀ ਧੋਖਾ ਹੋਵੇਗਾ ।

**ਸ੍ਰੀ ਰਾਮ ਪ੍ਰਕਾਸ਼ ਬਾਲੀ (ਨੰਗਲ):** ਚੇਅਰਮੈਨ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਅਤੇ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਆਪਣੀ ਸਰਕਾਰ ਵੱਲੋਂ ਬਹੁਤ ਅੱਛੇ ਕਦਮ ਚੁਕੇ ਹਨ ਅਤੇ ਪਨਸਪ ਦੀਆਂ ਸਸਤੀਆਂ ਦੁਕਾਨਾਂ ਖੋਲ੍ਹ ਕੇ ਸਪਲਾਈ ਨੂੰ ਕਾਫੀ ਅੱਛਾ ਬਣਾਇਆ ਹੈ ਅਤੇ ਇਸ ਤਰ੍ਹਾਂ ਗਰੀਬਾਂ ਦਾ ਭਲਾ ਕੀਤਾ ਹੈ । ਉਨ੍ਹਾਂ ਦੇ ਪੀਲੇ ਕਾਰਡ ਬਣਾਏ ਹਨ । ਉਨ੍ਹਾਂ ਨੇ ਸਸਤੇ ਰੇਟ ਤੇ ਚੀਜ਼ਾਂ ਮੁਹੱਈਆ ਕਰਨੀਆਂ ਹਨ । ਮੇਰੇ ਕੁਝ ਸਾਥੀਆਂ ਨੇ ਇਸ ਸਬੰਧੀ ਕੁਝ ਪੁਆਇੰਟ ਰਖੇ ਹਨ । ਮੈਂ ਕਪੜੇ ਦੇ ਮੁਤੱਲਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਕੋਰਸ ਕਲਾਥ ਹੈ ਇਸਦੀ ਬਹੁਤ ਘਾਟ ਹੈ । ਇਸਦੀ ਸਪਲਾਈ ਵਧਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ । ਮੇਰਾ ਜੋ ਨੰਗਲ ਦਾ ਹਲਕਾ ਹੈ ਉਥੇ ਮਜ਼ਦੂਰ ਅਤੇ ਛੋਟੇ ਗਰੀਬ ਕਿਸਾਨ ਰਹਿੰਦੇ ਹਨ । ਓਪਨ ਮਾਰਕੀਟ ਵਿਚ ਸੂਤੀ ਕਪੜਾ 10 ਰੁਪਏ ਮੀਟਰ ਤੋਂ ਘੱਟ ਨਹੀਂ ਮਿਲਦਾ । ਕੋਰਸ ਕਲਾਥ ਪਹਿਲਾਂ ਵੀ ਮਿਲਾਂ ਬਣਾਉਂਦੀਆਂ ਸਨ । ਉਨ੍ਹਾਂ ਤੇ ਹੋਰ ਪ੍ਰੈਸ਼ਰ ਪਾਇਆ ਜਾਵੇ ਤਾਂ ਕਿ ਉਹ ਜ਼ਿਆਦਾ ਬਣਾਉਣ ਅਤੇ ਪਨਸਪ ਦੀਆਂ ਦੁਕਾਨਾਂ ਰਾਹੀਂ ਇਹ ਸਪਲਾਈ ਕੀਤਾ ਜਾਵੇ । ਇਸ ਤਰ੍ਹਾਂ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਾਫੀ ਰਾਹਤ ਮਿਲੇਗੀ ।

ਮੇਰੇ ਇਕ ਵੀਰ ਨੇ ਪ੍ਰਾਫਿਟ ਪਰਸੈਂਟੇਜ ਦੀ ਗੱਲ ਕੀਤੀ ਹੈ । ਇਹ ਗੱਲ ਬਿਲਕੁਲ ਠੀਕ ਹੈ । ਮੇਰਾ ਜ਼ਾਤੀ ਤਜਰਬਾ ਹੈ ਕਿ ਛੋਟਾ ਵਪਾਰੀ ਜਦੋਂ ਬਲੈਕਮਾਰਕਿਟ ਕਰਦਾ ਹੈ ਤਾਂ ਉਸਦਾ ਮੇਨ ਕਾਰਨ ਇਹ ਹੁੰਦਾ ਹੈ ਕਿ ਉਸ ਨੂੰ ਪ੍ਰਾਫਿਟ ਦਾ ਮਾਰਜਿਨ ਇਤਨਾ ਘੱਟ ਹੈ ਕਿ ਉਸਦਾ ਕੰਮ ਇਸ ਨਾਲ ਚਲ ਨਹੀਂ ਸਕਦਾ । ਪਿਛਲੇ ਸਮੇਂ ਵਿਚ ਖਾਲੀ ਬੋਰੀ ਪਿਛੇ ਵੀ ਡਿਪੂ ਵਾਲੇ ਖੰਡ ਵੇਚਦੇ ਸਨ । ਡਿਪੂ ਹੋਲਡਰਜ਼ ਅਤੇ ਕੁਆਪਰੇਟਿਵ ਸੁਸਾਇਟੀਆਂ ਨੂੰ ਇਹ ਮਾਲ ਸਪਲਾਈ ਕੀਤਾ ਜਾਂਦਾ ਸੀ ਅਤੇ ਜਿਨ੍ਹਾਂ ਏਰੀਆਜ਼ ਦਾ ਸਫ਼ਰ ਜ਼ਿਆਦਾ ਹੁੰਦਾ ਸੀ ਉਨ੍ਹਾਂ ਤੋਂ ਰੇੜ੍ਹਿਆਂ ਵਾਲੇ ਅਤੇ ਟਰੱਕਾਂ ਵਾਲੇ ਜ਼ਿਆਦਾ ਚਾਰਜਿਜ਼ ਲੈਂਦੇ ਸਨ । ਉਨ੍ਹਾਂ ਨੂੰ ਕਈ ਵਾਰੀ ਖਾਲੀ ਬੋਰੀ ਵੀ ਨਹੀਂ ਸੀ ਬਚਦੀ । ਇਸ ਲਈ ਕੁਝ ਪੰਚਾਇਤਾਂ ਨੇ ਫੈਸਲਾ ਕੀਤਾ ਕਿ ਦੋ ਤਿੰਨ ਪੈਸੇ ਪਰ ਕਿਲੋ ਉਨ੍ਹਾਂ ਨੂੰ ਇਸ ਤੋਂ ਇਲਾਵਾ ਦਿੱਤੇ ਜਾਣ । ਪਰ ਇਹ ਗੱਲ ਕਾਨੂੰਨੀ ਤੌਰ ਤੇ ਗਲਤ ਸੀ, ਇਸ ਕਾਰਣ ਪ੍ਰੇਸ਼ਾਨੀ ਹੋਈ । ਕੁਆਪਰੇਟਿਵ ਸੁਸਾਇਟੀਆਂ ਦੇ ਵੀ ਪੇਡ ਇੰਪਲਾਈਜ਼ ਰਖੇ ਜਾਣ । ਜਿਸ ਤਰ੍ਹਾਂ ਪਨਸੱਪ ਦੀਆਂ ਦੁਕਾਨਾਂ ਹੋਨ ਉਨ੍ਹਾਂ ਦੀ ਮਦਦ ਕੀਤੀ ਜਾਵੇ । ਉਨ੍ਹਾਂ ਦਾ ਪ੍ਰਾਫਿਟ ਮਾਰਜਿਨ ਵਧਾਇਆ ਜਾਵੇ । ਉਨ੍ਹਾਂ ਨੂੰ ਇਨਵੈਸਟਮੈਂਟ ਕਰਨ ਲਈ ਪੈਸਾ ਦਿੱਤਾ ਜਾਵੇ । ਦਰਅਸਲ ਗੱਲ ਇਹ ਹੈ ਕਿ ਹੋਲ-ਸੇਲ ਵਾਲਿਆਂ ਦਾ ਜ਼ਿਆਦਾ ਪ੍ਰਾਫਿਟ ਹੁੰਦਾ ਹੈ । ਮੈਨੂਫੈਕਚਰਰਜ਼ ਦਾ ਵੀ ਪ੍ਰਾਫਿਟ ਜ਼ਿਆਦਾ ਹੁੰਦਾ ਹੈ । ਰਿਟੇਲਰ ਜਿਹੜਾ ਹੈ, ਛੋਟਾ ਦੁਕਾਨਦਾਰ ਜਿਹੜਾ ਹੈ, ਉਸ ਦਾ ਪ੍ਰਾਫਿਟ ਮਾਰਜਿਨ ਬੜਾ ਘੱਟ ਹੁੰਦਾ ਹੈ ਅਤੇ ਇਸ ਲਈ ਉਸਨੂੰ ਮਜਬੂਰ ਹੋ ਕੇ ਗਲਤ ਤਰੀਕੇ ਨਾਲ ਪੈਸਾ ਕਮਾਉਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ । ਮੈਂ ਮਹਿਸੂਸ ਕਰਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਹਾਂ ਕਿ ਪਨਸਪ ਦਾ ਸਪਲਾਈ ਦਾ ਸਿਸਟਮ ਕਾਫ਼ੀ ਬੇਹਤਰ ਹੈ । ਇਨ੍ਹਾਂ ਰਾਹੀਂ ਚੀਜ਼ਾਂ ਇਸ ਵਕਤ ਠੀਕ ਮਿਲ ਰਹੀਆਂ ਹਨ । ਮੈਂ ਬੇਨਤੀ ਕਰਦਾ ਹਾਂ ਕਿ ਕੁਆਪਰੇਟਿਵ ਸੁਸਾਇਟੀਆਂ ਨੂੰ ਵੀ ਫੰਡਜ਼ ਦਿੱਤੇ ਜਾਣ । ਬਹੁਤ ਸਾਰੀਆਂ ਛੋਟੀਆਂ ਸੁਸਾਇਟੀਆਂ ਪਿੰਡਾਂ ਵਿਚ ਹਨ । ਪਨਸੱਪ ਦਾ ਮਾਲ ਹੋਲਸੇਲ ਰੇਟ ਤੇ ਆਉਂਦਾ ਹੈ । ਡਿਸਟ੍ਰਿਕਟ ਲੇਵਲ ਤੇ ਮਾਲ ਆ ਜਾਂਦਾ ਹੈ । ਪਰ ਦੂਜੇ ਪਾਸੇ ਪੈਸਿਆਂ ਦੀ ਕਮਜ਼ੋਰੀ ਕਰਕੇ ਛੋਟੀਆਂ ਸੁਸਾਇਟੀਆਂ ਚਲ ਨਹੀਂ ਸਕਦੀਆਂ । ਸ਼ਾਇਦ ਹਰ ਪਿੰਡ ਸਰਕਾਰ ਪਨਸੱਪ ਦੀ ਦੁਕਾਨ ਨਾ ਖੋਲ੍ਹ ਸਕੇ । ਪਰ ਕੁਆਪਰੇਟਿਵ ਸੁਸਾਇਟੀਆਂ ਹਰ ਪਿੰਡ ਵਿਚ ਕੰਮ ਕਰ ਸਕਦੀਆਂ ਹਨ । ਇਸ ਲਈ ਉਨ੍ਹਾਂ ਨੂੰ ਐਸੀਆਂ ਫੈਸਿਲਟੀਜ਼ ਦਿੱਤੀਆਂ ਜਾਣ, ਥੋੜ੍ਹੇ ਸੂਦ ਤੇ ਪੈਸੇ ਦਿੱਤੇ ਜਾਣ ਤਾਂ ਕਿ ਹਰ ਪਿੰਡ ਵਿਚ ਮਾਲ ਲਿਆ ਕੇ ਉਹ ਸਪਲਾਈ ਕਰ ਸਕਣ ।

ਚੇਅਰਮੈਨ ਸਾਹਿਬ, ਮਿਲਾਵਟ ਦਾ ਜ਼ਿਕਰ ਆਇਆ ਹੈ । ਛੋਟਾ ਦੁਕਾਨਦਾਰ ਮੁਹੱਲਿਆਂ ਜਾਂ ਛੋਟੇ ਸ਼ਹਿਰਾਂ ਵਿਚ ਬੈਠਾ ਹੈ । ਉਹ ਆਪ ਮਿਲਾਵਟ ਨਹੀਂ ਕਰਦਾ । ਉਹ ਤਾਂ ਹੋਲ ਸੇਲਰ ਤੋਂ ਮਾਲ ਲਿਆਉਂਦਾ ਹੈ ਅਤੇ ਵੇਚ ਦਿੰਦਾ ਹੈ । ਲੇਕਿਨ ਜਦੋਂ ਉਸਦਾ ਸੈਂਪਲ ਭਰਿਆ ਜਾਂਦਾ ਹੈ ਤਾਂ ਉਸ ਵਿਚੋਂ ਜੇ ਮਿਲਾਵਟ ਨਿਕਲੇ ਤਾਂ ਸੈਂਪਲ ਫੇਲ੍ਹ ਹੋ ਜਾਂਦੇ ਹਨ । ਦੁਕਾਨਦਾਰ ਮੁਸੀਬਤ ਵਿਚ ਫਸ ਜਾਂਦਾ ਹੈ । ਗੌਰਮਿੰਟ ਨੂੰ ਕੋਈ ਐਸਾ ਯਤਨ ਕਰਨਾ ਚਾਹੀਦਾ ਹੈ ਕਿ ਜਿਥੇ ਮਾਲ ਮੈਨੂਫੈਕਚਰ ਹੁੰਦਾ ਹੈ ਉਥੇ ਐਸਾ ਪ੍ਰਬੰਧ ਕੀਤਾ ਜਾਵੇ ਕਿ ਉਨ੍ਹਾਂ ਦਾ ਸੈਂਪਲ ਭਰ ਕੇ, ਪਾਸ ਕਰਕੇ, ਫਿਰ ਮਾਰਕਾ ਲਗਾਕੇ ਚੀਜ਼ ਬਾਹਰ ਆਵੇ ਤਾਂ ਕਿ ਲੋਕਾਂ ਨੂੰ ਠੀਕ ਚੀਜ਼ ਮਿਲੇ । ਉਸ ਨੂੰ ਬਿਨਾ ਮਿਲਾਵਟ ਵਾਲਾ ਮਾਲ ਸਸਤੇ ਰੇਟ ਤੇ ਅਤੇ ਨਜ਼ਦੀਕ ਮਿਲੇ । ਨਹੀਂ ਤਾਂ ਛੋਟੇ ਦੁਕਾਨਦਾਰ ਦੀ ਬੜੀ ਹੈਰਾਸਮੈਂਟ ਹੁੰਦੀ ਹੈ । ਜਦੋਂ ਸੈਂਪਲ ਵਾਲੇ ਸੈਂਪਲ ਭਰਨ ਆਉਂਦੇ ਹਨ ਤਾਂ ਉਹ ਦੁਕਾਨਾਂ ਆਪਣੀਆਂ ਬੰਦ ਕਰਕੇ ਭੱਜ ਜਾਂਦੇ ਹਨ । ਕਈ ਆਈਟਮਾਂ ਰਖਣੀਆਂ ਵੀ ਬੰਦ ਕਰ ਦਿੰਦੇ ਹਨ ਜਿਸ ਨਾਲ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ ਜਿਥੇ ਮਾਲ ਮੈਨੂਫੈਕਚਰ ਹੋਵੇ ਉਥੇ ਹੀ ਡਿਪਾਰਟਮੈਂਟ ਐਸਾ ਪ੍ਰਬੰਧ ਕਰੇ ਕਿ ਉਹ ਚੀਜ਼ ਟੈਸਟ ਹੋਵੇ । ਇਸ ਤਰ੍ਹਾਂ ਕਰਨ ਨਾਲ ਮਿਲਾਵਟ ਦੀ ਸਮਸਿਆ ਤੋਂ ਰਾਹਤ ਮਿਲ ਸਕਦੀ ਹੈ ।

ਮੈਂ ਇਕ ਬੇਨਤੀ ਸਰਕਾਰ ਨੂੰ ਅਤੇ ਖਾਸ ਤੌਰ ਤੇ ਮਨਿਸਟਰ, ਫੂਡ ਐਂਡ ਸਪਲਾਈ, ਨੂੰ ਕਰਾਂਗਾ ਕਿ ਮੇਰੀ ਨੰਗਲ ਕੰਸਟੀਚੂਐਂਸੀ ਵਿਚ ਸਬ-ਮਾਊਂਟੇਨਿਅਸ ਏਰੀਆ ਹੈ । ਪਿੰਡਾਂ ਵਿਚ ਛੋਟੇ ਛੋਟੇ ਗਰੀਬ ਕਿਸਾਨ ਹਨ । ਪਰ ਸ਼ਹਿਰ ਵਿਚ ਮਜ਼ਦੂਰ ਤਬਕੇ ਦੀ ਗਿਣਤੀ ਵਧੇਰੇ ਹੈ । ਲੈਂਡ ਵੀ ਜ਼ਿਆਦਾਤਰ ਅਨਇਰੀਗੇਟਿਡ ਹੈ । ਛੋਟੇ ਛੋਟੇ ਕਸਬਿਆਂ ਵਿਚ ਰਹਿਣ ਵਾਲੇ ਲੋਕਾਂ ਕੋਲ ਮੀਨਜ਼ ਆਫ ਕਮਿਊਨੀਕੇਸ਼ਨ ਵੀ ਬਹੁਤ ਘੱਟ ਹਨ । ਇਸ ਲਈ ਮੇਰੀ ਸਿਫ਼ਾਰਿਸ਼ ਹੈ ਕਿ ਉਨ੍ਹਾਂ ਨੂੰ ਮਾਲ ਪਹੁੰਚਾਉਣ ਦਾ ਠੀਕ ਢੰਗ ਨਾਲ ਪ੍ਰਬੰਧ ਕੀਤਾ ਜਾਵੇ । ਅਗਰ ਕੋਈ ਘਾਟਾ ਹੋਵੇ ਤਾਂ ਉਹ ਸਰਕਾਰ ਬੇਅਰ ਕਰੇ ਨਾ ਕਿ ਡਿਪੂ ਵਾਲਾ । ਜਿਸ ਤਰ੍ਹਾਂ ਮੇਰਾ ਨੂਰਪੁਰ ਬੇਦੀ ਦਾ ਹਲਕਾ ਹੈ । ਇਥੇ ਐਸਾ ਪ੍ਰਬੰਧ ਕੀਤਾ ਜਾਵੇ ਕਿ ਸਪਲਾਈ ਜ਼ਿਆਦਾ ਮਿਲੇ । ਦੂਜਾ 3,600 ਰੁਪਏ ਦੀ ਆਮਦਨ ਦੀ ਜਿਹੜੀ ਲਿਮਿਟ ਰੱਖੀ ਹੈ, ਇਹ ਬਹੁਤ ਘੱਟ ਹੈ । ਇਸ ਕਾਰਨ ਛੋਟੇ ਮੁਲਾਜ਼ਮਾਂ ਦੇ ਪੀਲੇ ਕਾਰਡ ਨਹੀਂ ਬਣ ਸਕੇ ਅਤੇ ਉਹ ਇਸ ਫੈਸਿਲਟੀ ਤੋਂ ਮਹਿਰੂਮ ਹੋ ਗਏ ਹਨ ਕਿਉਂਕਿ ਉਹ ਆਪਣੀ ਆਮਦਨ ਤਾਂ ਛੁਪਾ ਨਹੀਂ ਸਕਦੇ । ਬਾਰਸ਼ਾਂ ਨਾ ਹੋਣ ਕਰਕੇ

Original with;
Punjab Vidhan Sabha
Digitized by;
Panjab Digital Library

ਸਾਰੇ ਰੋਪੜ ਡਿਸਟ੍ਰਿਕਟ ਵਿਚ ਅਤੇ ਖਾਸ ਕਰਕੇ ਮੇਰੀ ਕੰਸਟੀਚੂਅੰਸੀ ਦਾ ਜੋ ਸਬ-ਮਾਊਂਟੇਨੀਅਸ ਏਰੀਆ ਹੈ ਉਥੇ ਫਸਲ ਤਬਾਹ ਹੋ ਗਈ ਹੈ । ਉਥੇ ਕਿਸੇ ਕਿਸਮ ਦੀ ਰਾਹਤ ਨਹੀਂ । ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਗੱਲ ਵੱਲ ਖਾਸ ਧਿਆਨ ਦਿੱਤਾ ਜਾਵੇ ਕਿ ਉਥੇ ਆਟਾ ਅਤੇ ਦਾਲਾਂ ਵਗੈਰਾ ਦੀ ਮੈਕਸੀਮਮ ਅਲਾਟਮੈਂਟ ਕੀਤੀ ਜਾਵੇ ਅਤੇ ਪਨਸਪ ਦੀਆਂ ਦੁਕਾਨਾਂ ਉਸ ਏਰੀਏ ਵਿਚ ਹੋਰ ਖੋਲ੍ਹੀਆਂ ਜਾਣ ਤਾਂ ਕਿ ਲੋਕਾਂ ਨੂੰ ਠੀਕ ਸਪਲਾਈ ਮਿਲੇ । ਦੂਜੇ ਟਾਈਮ ਦੀ ਵੀ ਐਡਜਸਟਮੈਂਟ ਕੀਤੀ ਜਾਵੇ । ਲੇਬਰ ਪੰਜ ਵਜੇ ਕੰਮ ਛੱਡ ਕੇ ਆਉਂਦੀ ਹੈ । ਉਸ ਤੋਂ ਬਾਅਦ ਹੀ ਉਨ੍ਹਾਂ ਨੂੰ ਖਰੀਦੋ ਫਰੋਖਤ ਕਰਨ ਦਾ ਸਮਾਂ ਮਿਲਦਾ ਹੈ ਪਰ ਉਸ ਵੇਲੇ ਦੁਕਾਨਾਂ ਬੰਦ ਹੋ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ ।

**ਕਾਮਰੇਡ ਸੱਘੜ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਪਨਸਪ ਦੀਆਂ ਦੁਕਾਨਾਂ ਠੀਕ ਕੰਮ ਕਰ ਰਹੀਆਂ ਹਨ । ਇਹ ਵਧਾਉਣੀਆਂ ਚਾਹੀਦੀਆਂ ਹਨ । ਮੈਂ ਇਹ ਨਹੀਂ ਕਹਿੰਦਾ ਕਿ ਇਨ੍ਹਾਂ ਦਾ ਨੰਬਰ ਸਫ਼ੀ-ਸ਼ੈਂਟ ਹੈ । ਖਾਸ ਕਰਕੇ ਨੰਗਲ ਵਿੱਚ ਜਦੋਂ ਦਾ ਪਨਸਪ ਰਾਹੀਂ ਸੀਮਿੰਟ ਦਿੱਤਾ ਜਾ ਰਿਹਾ ਹੈ, ਇਸ ਨਾਲ ਸਪਲਾਈ ਬੇਹਤਰ ਹੋਈ ਹੈ । ਸਾਡਾ ਬੈਕਵਰਡ ਏਰੀਆ ਹੈ । ਇਥੇ ਸੀਮਿੰਟ ਦੀ ਸਪਲਾਈ ਵਧਾਈ ਜਾਵੇ । ਕੋਰਸ ਕਲਾਥ ਦਾ ਮੈਕਸੀਮਮ ਕੋਟਾ ਲੇਬਰ ਵਾਲੇ ਏਰੀਏ ਵਿੱਚ ਦਿੱਤਾ ਜਾਵੇ । ਜਿਥੇ ਇੰਡਸਟਰੀਅਲ ਐਸਟੇਟਸ ਹਨ ਉਥੇ ਇਸਦੀ ਜ਼ਿਆਦਾ ਤੋਂ ਜ਼ਿਆਦਾ ਸਪਲਾਈ ਕੀਤੀ ਜਾਵੇ । ਇਸ ਤਰ੍ਹਾਂ ਸਰਕਾਰ ਉਨ੍ਹਾਂ ਦੀ ਤਕਲੀਫ ਦੂਰ ਕ ਸਕਦੀ ਹੈ । ਕੈਰੋਸੀਨ ਆਇਲ ਅਤੇ ਪਾਮ ਆਇਲ ਦੀ ਲੋਕ ਬਹੁਤ ਡਿਮਾਂਡ ਕਰਦੇ ਹਨ । ਮਿਹਰਬਾਨੀ ਹੋਵੇਗੀ ਅਗਰ ਇੰਡਸਟਰੀਅਲ ਲੇਬਰ ਨੂੰ ਉਥੇ ਪਾਮ ਆਇਲ ਜ਼ਿਆਦਾ ਭੇਜਿਆ ਜਾਵੇ । ਕਿਤਾਬਾਂ ਦੇ ਮੁਤੱਲਕ ਵੀ ਮੇਰੀ ਇਹ ਬੇਨਤੀ ਹੈ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਹੀ ਇਸਦੀ ਡਿਸਟ੍ਰੀਬਿਊਸ਼ਨ ਹੋਵੇ ਤਾਂ ਜ਼ਿਆਦਾ ਸਹੂਲਤ ਹੋ ਸਕਦੀ ਹੈ । ਮੈਂ ਸਰਦਾਰ ਦਰਬਾਰਾ ਸਿੰਘ ਅਤੇ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਬਹੁਤ ਥੋੜ੍ਹੇ ਅਰਸੇ ਵਿਚ ਚੰਗੇ ਕਦਮ ਚੁੱਕੇ ਹਨ ਅਤੇ ਗਰੀਬਾਂ ਲਈ ਵੱਧ ਰਿਆਇਤਾਂ ਦਿਤੀਆਂ ਹਨ । ਇਸਦੇ ਨਾਲ ਹੀ ਮੈਂ ਇਸ ਰੈਜ਼ੋਲਊਸ਼ਨ ਦੀ ਤਾਈਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰੇ ਮੈਂਬਰ ਇਸ ਨੂੰ ਮੁਤਫਿਕਾ ਤੌਰ ਤੇ ਪਾਸ ਕਰਨਗੇ ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ,ਐਸ.ਸੀ.) : ਚੇਅਰਮੈਨ ਸਾਹਿਬ, ਜਿਹੜਾ ਮਤਾ ਹਾਊਸ ਵਿਚ ਆਇਆ, ਇਹ ਮਾਸਟਰ ਦਲੀਪ ਚੰਦ ਜੀ ਨੇ ਲਿਆਂਦਾ ਹੈ । ਇਸ ਮਤੇ ਦੀ ਭਾਵਨਾ ਦਰੁਸਤ ਹੈ ਪਰ ਦੁਖ ਇਹ ਹੈ ਕਿ ਇਸ ਮਤੇ ਦੇ ਬਾਰੇ ਇਨ੍ਹਾਂ ਸਰਕਾਰੀ ਬੈਂਚਾਂ ਤੇ ਬੈਠੇ ਭਰਾਵਾਂ ਵਿਚ ਜਿਤਨੀ ਸੰਜੀਦਗੀ ਹੈ ਕਿ ਕਿਤਨੀ ਵੱਡੀ ਪਾਰਟੀ ਹੁੰਦੇ ਹੋਏ ਵੀ ਇਹ ਕਿਤਨੇ ਕੁ ਹਾਊਸ ਵਿਚ ਬੈਠੇ ਹਨ ਇਹ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ । (ਹਾਸਾ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਚੇਅਰਮੈਨ ਸਾਹਿਬ, ਇਹ ਵੀ 25% ਹੀ ਬੈਠੇ ਹਨ (ਹਾਸਾ

**ਕਾਮਰੇਡ ਦਰਸ਼ਨ ਸਿੰਘ ਝਬਾਲ**: ਅਸੀਂ ਤਾਂ ਆਪਣੀ ਗਿਣਤੀ ਦੇ ਮੁਤਾਬਿਕ ਹੀ ਇਥੇ ਹੋਣਾ ਹੈ, ਤੁਸੀਂ ਆਪਣੀ ਗੱਲ ਦੱਸੋ। ਚੇਅਰਮੈਨ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ, ਹੈ ਕਿ ਇਹ ਚੰਗਾ ਮਤਾ ਹੈ ਪਰ ਜਿਸ ਤਰੀਕੇ ਨਾਲ ਕਾਂਗਰਸੀ ਭਰਾ ਇਸ ਤੇ ਬੋਲੇ ਹਨ, ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਾਂਗਰਸ ਰਾਜ ਵਿਚ ਹੀ ਤੰਗੀਆਂ ਵਧੀਆਂ ਹਨ, ਮਹਿੰਗਾਈ ਇਨ੍ਹਾਂ ਦੇ ਰਾਜ ਵਿਚ ਹੀ ਵਧੀ ਹੈ। ਜਦੋਂ ਅਸੀਂ ਇਨ੍ਹਾਂ ਨੂੰ ਇਹ ਹੀ ਗੱਲ ਕਿਹਾ ਕਰਦੇ ਸਾਂ ਤਾਂ ਇਹ ਮੰਨਦੇ ਨਹੀਂ ਸਨ ਔਰ ਹੁਣ, ਚੇਅਰਮੈਨ ਸਾਹਿਬ, ਇਹ ਮਤਾ ਲਿਆ ਕੇ ਇਨ੍ਹਾਂ ਨੇ ਉਹ ਸਾਡੀ ਗੱਲ ਮੰਨੀ ਹੈ। ਇਹ ਮਹਿੰਗਾਈ ਕੁਦਰਤੀ ਨਹੀਂ ਹੈ, ਇਹ ਪਾਈ ਗਈ ਹੈ ਔਰ ਇਹ ਸਰਕਾਰ ਦੀਆਂ ਨੀਤੀਆਂ ਕਰਕੇ ਮਹਿੰਗਾਈ ਵਧੀ ਹੈ। ਜਿਸ ਤਰ੍ਹਾਂ ਚੱਤਰਥ ਜੀ ਨੇ ਕਿਹਾ ਸੀ ਕਿ ਜਿਹੜਾ ਵਪਾਰੀ ਹੈ, ਜਿਹੜਾ ਬਲੈਕ ਮਾਰਕੀਟੀਆ ਹੈ ਉਨ੍ਹਾਂ ਨੂੰ ਨੱਥ ਪਾਉਣੀ ਚਾਹੀਦੀ ਹੈ, ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰਨਾ ਚਾਹੀਦਾ ਹੈ। ਪਰ ਮੇਰੀ ਰਾਏ ਹੈ ਕਿ ਇਹ ਇਸ ਤਰ੍ਹਾਂ ਨਹੀਂ ਕਰ ਸਕਦੇ। ਕਿਉਂ ਨਹੀਂ ਕਰ ਸਕਦੇ ? ਇਸ ਕਰਕੇ ਨਹੀਂ ਕਿਉਂਕਿ ਜਦੋਂ ਇਲੈਕਸ਼ਨਾਂ ਆਉਂਦੀਆਂ ਹਨ ਤਾਂ ਵਪਾਰੀਆਂ ਤੋਂ ਖੁਲ੍ਹੇ ਚੰਦੇ ਲਏ ਜਾਂਦੇ ਹਨ ਔਰ ਉਹ ਚੋਣਾਂ ਜਿੱਤਣ ਵਾਸਤੇ ਲਏ ਜਾਂਦੇ ਹਨ। ਚੇਅਰਮੈਨ ਸਾਹਿਬ, ਮੇਰੇ ਹਲਕੇ ਵਿਚ ਇਕ ਬੜੀ ਵੱਡੀ ਕਾਨਫਰੰਸ ਹੋਈ ਸੀ। ਉਸ ਕਾਨਫਰੰਸ ਵੇਲੇ ** ** ** ਔਰ ਚੀਫ ਮਨਿਸਟਰ ਸਾਹਿਬ ਨੂੰ ਥੈਲੀ ਭੇਂਟ ਕੀਤੀ ਗਈ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮਹਿੰਗਾਈ ਰੋਕੀ ਜਾ ਸਕੇ ਔਰ ਉਨ੍ਹਾਂ ਗਲਤ ਆਦਮੀਆਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾਵੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਕਾਮਰੇਡ ਸਾਹਿਬ ਨੂੰ ਕੀ ਪਤਾ ਹੈ ਕਿ ਕਿਸੇ ਪਾਰਟੀ ਦਾ ਕੀ ਸੋਰਸ ਹੈ ਜਿਥੋਂ ਕਿ ਪੈਸੇ ਇਕੱਠੇ ਕੀਤੇ ਗਏ ਹਨ। ਜਾਂ ਤਾਂ ਇਹ ਰਸੀਦ ਪੇਸ਼ ਕਰ ਦੇਣ ਕਿ ਫਲਾਣੇ ਗਲਤ ਬੰਦੇ ਤੋਂ ਪੈਸੇ ਲਏ ਗਏ ਹਨ। ਕਿਸੇ ਬੰਦੇ ਨੂੰ ਭਾਵੇਂ ਉਹ ਸ਼ੈਲਰ ਵਾਲਾ ਹੈ, ਸਰਕਾਰ ਇਸ ਤਰ੍ਹਾਂ ਵਿਰਾਨ ਵੀ ਨਹੀਂ ਕਰ ਸਕਦੀ ਕਿ ਉਸ ਨੇ ਪੈਸਾ ਕਿਸੇ ਭੈੜੇ ਤਰੀਕੇ ਨਾਲ ਕਮਾਇਆ ਹੈ। ਮੈਂ ਅਨਸਕਰੂਪਲਸ ਬੰਦੇ ਦਾ ਵਰਡ ਇਸਤੇਮਾਲ ਕੀਤਾ ਸੀ। ਇਸ ਲਈ ਮੈਂ ਸਮਝਦਾ ਹਾਂ ਕਿ ਕਾਮਰੇਡ ਸਾਹਿਬ ਦੀ ਇਹ ਗੱਲ ਗਲਤ ਹੈ ਕਿ ਕਿਸੇ ਗੈਰ-ਇਖਲਾਕੀ ਬੰਦੇ ਤੋਂ ਪੈਸੇ ਇਕੱਠੇ ਕੀਤੇ ਹੋਣ। ਇਸ ਲਈ ਐਸੇ ਲਫ਼ਜ਼ ਕਾਰਵਾਈ ਵਿਚੋਂ ਕੱਢ ਦੇਣੇ ਚਾਹੀਦੇ ਹਨ।

**ਸ੍ਰੀ ਸਭਾਪਤੀ**: ਜਿਹੜੇ ਲਫ਼ਜ਼ਾਂ ਬਾਰੇ ਚਤਰਥ ਸਾਹਿਬ ਨੇ ਇਤਰਾਜ਼ ਕੀਤਾ ਹੈ ਉਹ ਕਾਰਵਾਈ ਵਿਚੋਂ ਐਕਸਪੰਜ ਕੀਤੇ ਜਾਂਦੇ ਹਨ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਚਤਰਥ ਸਾਹਿਬ, ਤੁਸੀਂ ਪਾਰਟੀ ਦੇ ਜਨਰਲ ਸਕੱਤਰ ਹੋ ਮੈਂ ਤੁਹਾਨੂੰ ਦੱਸ ਦੇਵਾਂਗਾ। ਚੇਅਰਮੈਨ ਸਾਹਿਬ, ਫਿਰ ਖੁਰਾਕ ਦਾ ਜ਼ਿਕਰ ਆਇਆ ਹੈ ਕਿ ਮਹਿੰਗੀ ਹੋ ਗਈ ਹੈ। ਚੇਅਰਮੈਨ ਸਾਹਿਬ, 142/- ਰੁਪਏ ਕੁਇੰਟਲ ਕਣਕ ਕਿਸਾਨਾਂ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਤੋਂ ਲਈ ਗਈ ਹੈ । ਉਸ ਨੂੰ ਸੰਭਾਲਣ ਤੇ ਕਿਤਨਾਂ ਕੁ ਖਰਚ ਆਉਂਦਾ ਹੈ, ਇਹ ਆਪਾਂ ਸਾਰੇ ਹੀ ਜਾਣਦੇ ਹਾਂ । ਸਰਕਾਰ ਨੇ ਮਿਲਾਂ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਉਹ 185/- ਰੁਪਏ ਕੁਇੰਟਲ ਆਟਾ ਵੇਚ ਸਕਦੇ ਹਨ । ਚੇਅਰਮੈਨ ਸਾਹਿਬ, ਇਕ ਕੁਇੰਟਲ ਮਗਰ 43/- ਰੁਪਏ ਖਰਚਾ ਪਾ ਦੇਣਾ ਮੈਂ ਸਮਝਦਾ ਹਾਂ ਕਿ ਇਹ ਵਾਜਿਬ ਗੱਲ ਨਹੀਂ ਹੈ । ਇਹ ਗਲਤ ਗਲ ਹੈ । ਇਹ ਚੀਜ਼ ਵਪਾਰੀਆਂ ਨੂੰ ਖੁਲ੍ਹ ਦਿੰਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਭਾਅ ਨਿਸ਼ਚਿਤ ਕਰ ਸਕਣ । ਫਿਰ ਕਣਕ ਸਾਡੇ ਪਾਸ ਬਹੁਤ ਹੈ ਲੇਕਿਨ ਇਸ ਦੇ ਬਾਵਜੂਦ ਵੀ ਕਣਕ ਬਾਹਰੋਂ ਮੰਗਵਾਈ ਗਈ ਹੈ ਔਰ ਇਥੇ ਕਿਸਾਨਾਂ ਨੂੰ ਪੂਰਾ ਭਾਅ ਨਹੀਂ ਦਿੱਤਾ ਗਿਆ ਔਰ ਬਾਹਰੋਂ 190/- ਰੁਪਏ ਕੁਇੰਟਲ ਦੇ ਹਿਸਾਬ ਨਾਲ ਮੰਗਵਾਈ ਗਈ ਹੈ । ਚੇਅਰਮੈਨ ਸਾਹਿਬ, ਇਹ ਕਣਕ ਬਾਹਰੋਂ ਜਾਣਬੁਝ ਕੇ ਮੰਗਵਾਈ ਗਈ ਹੈ ਤਾਂ ਕਿ ਵਪਾਰੀਆਂ ਨੂੰ ਇਹ ਸਮਝ ਲਗ ਜਾਵੇ ਕਿ ਇਥੇ ਕਣਕ ਦਾ ਤੋੜਾ ਹੈ, ਇਸ ਲਈ ਉਹ ਭਾਅ ਵਧਾ ਦੇਣ ।

ਚੇਅਰਮੈਨ ਸਾਹਿਬ, ਫਿਰ ਵੰਡ ਪ੍ਰਣਾਲੀ ਦੀ ਗੱਲ ਹੈ । ਮੈਂ ਸਮਝਦਾ ਹਾਂ ਕਿ ਪਿੰਡ ਪਿੰਡ ਵਿਚ ਸਰਕਾਰੀ ਡਿਪੂ ਖੋਲ੍ਹੇ ਜਾਣੇ ਚਾਹੀਦੇ ਹਨ । ਪਿੰਡ ਨੂੰ ਇਕਾਈ ਮੰਨ ਕੇ ਡਿਪੂ ਖੋਲ੍ਹਣੇ ਚਾਹੀਦੇ ਹਨ ਇਹ ਨਹੀਂ ਕਿ ਪੰਜ ਪੰਜ ਪਿੰਡਾਂ ਨੂੰ ਰਲਾ ਕੇ ਇਕ ਡਿਪੂ ਖੋਲ੍ਹ ਦਿਓ ਔਰ ਪੰਜਾਂ ਪੰਜਾਂ ਪਿੰਡਾਂ ਦੀ ਇਕ ਇਕ ਕਮੇਟੀ ਬਣਾ ਦਿਓ । ਹਰ ਪਿੰਡ ਵਿਚ ਸਰਕਾਰੀ ਡਿਪੂ ਖੋਲ੍ਹੇ ਜਾਣ ਔਰ ਉਥੇ ਹੀ ਪਿੰਡਾਂ ਦੇ ਲੋਕਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ । ਫਿਰ ਇਹ ਕਿਹਾ ਗਿਆ ਹੈ ਕਿ ਕੌਮਾਂਤਰੀ ਤੌਰ ਤੇ ਇਹ ਮਹਿੰਗਾਈ ਵਧੀ ਹੈ, ਇਸ ਲਈ ਇਸ ਦਾ ਕੋਈ ਹੱਲ ਨਹੀਂ ਕੀਤਾ ਜਾ ਸਕਦਾ ਪਰ, ਚੇਅਰਮੈਨ ਸਾਹਿਬ, ਸੋਸ਼ਲਿਸਟ ਮੁਲਕਾਂ ਵਿਚ ਭਾਅ ਕਿਉਂ ਨਹੀਂ ਵਧੇ ? ਪਿੱਛੇ ਜਿਹੇ ਇਕ ਸਾਥੀ ਰੂਸ ਵਿਚੋਂ ਹੋ ਕੇ ਆਇਆ ਹੈ, ਉਸ ਨੇ ਦੱਸਿਆ ਹੈ ਕਿ ਉਥੇ ਪਿਛਲੇ 25 ਸਾਲਾਂ ਤੋਂ ਲੈ ਕੇ ਹੁਣ ਤਕ ਜ਼ਿੰਦਗੀ ਦੀਆਂ ਲੋੜਾਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਨਹੀਂ ਵਧੀਆਂ ਪਰ ਉਸ ਦੇ ਮੁਕਾਬਲੇ ਇਥੇ ਲਗਾਤਾਰ ਵਧਦੀਆਂ ਜਾ ਰਹੀਆਂ ਹਨ । ਇਸ ਦਾ ਹੀ ਇਹ ਨਤੀਜਾ ਹੈ ਕਿ ਮੁਲਾਜ਼ਮ ਜਿਹੜੇ ਹਨ, ਜਿਨ੍ਹਾਂ ਦੀਆਂ ਕਿ ਬਝਵੀਆਂ ਤਨਖਾਹਾਂ ਹਨ, ਜਿਹੜੇ ਕਿ ਮਹਿੰਗਾਈ ਤੋਂ ਦੁਖੀ ਹੋਏ ਹੋਏ ਹਨ ਉਹ ਵਿਚਾਰੇ ਧਰਨਿਆਂ ਵਗੈਰਾ ਦੀ ਸ਼ਕਲ ਵਿਚ ਆਉਂਦੇ ਹਨ ਔਰ ਅਫਸਰਾਂ ਨੂੰ ਦੱਸਦੇ ਹਨ ਕਿ ਮਹਿੰਗਾਈ ਵਧ ਗਈ ਹੈ ਨਹੀਂ ਤਾਂ ਕਿਸੇ ਦਾ ਜੀ ਨਹੀਂ ਇਸ ਤਰ੍ਹਾਂ ਕਰਨ ਨੂੰ ਕਰਦਾ । ਇਸ ਕਰਕੇ ਹੀ ਉਹ ਆਉਂਦੇ ਹਨ ਕਿ ਉਨ੍ਹਾਂ ਨੂੰ ਮਹਿੰਗਾਈ ਮਜਬੂਰ ਕਰਦੀ ਹੈ ਕਿ ਉਹ ਇਥੇ ਆਉਣ । ਸੈਂਟਰ ਦੀ ਸਰਕਾਰ ਨੇ ਮਹਿੰਗਾਈ ਭੱਤਾ ਦੇ ਦਿੱਤਾ ਹੈ ਪਰ ਪੰਜਾਬ ਸਰਕਾਰ ਨਹੀਂ ਦੇ ਰਹੀ । ਅਸੰਬਲੀ ਦਾ ਸਟਾਫ ਵੀ ਇਥੇ ਬੈਠਾ ਹੈ, ਉਨ੍ਹਾਂ ਨੂੰ ਵੀ ਡੀ.ਏ. ਨਹੀਂ ਮਿਲ ਰਿਹਾ । ਇਸ ਲਈ ਇਹ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਕਿਸ ਪਾਸੇ ਵੱਲ ਜਾ ਰਹੀ ਹੈ ।

ਖੰਡ ਦਾ ਸਵਾਲ ਹੈ, ਚੇਅਰਮੈਨ ਸਾਹਿਬ, ਗੰਨੇ ਦਾ ਭਾਅ ਤਾਂ ਜੋ ਸੀ ਉਹ ਵੱਧ ਨਹੀਂ ਰਿਹਾ ਹੈ, ਪਰ ਖੰਡ ਦਾ ਭਾਅ ਲਗਾਤਾਰ ਵਧ ਰਿਹਾ ਹੈ । ਵੰਡ ਪ੍ਰਣਾਲੀ ਜਿਹੜੀ ਹੈ ਉਹ ਇਸ ਤਰ੍ਹਾਂ ਦੀ ਹੈ ਕਿ ਆਮ ਲੋਕਾਂ ਤਕ ਕੋਈ ਚੀਜ਼ ਠੀਕ ਤਰ੍ਹਾਂ ਨਾਲ ਪੁੱਜ ਨਹੀਂ ਰਹੀ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਤੁਸੀਂ ਘਿਓ ਦਾ ਰੇਟ ਹੀ ਵੇਖ ਲਵੋ । ਜਦੋਂ ਇਨ੍ਹਾਂ ਦੀ ਸਰਕਾਰ ਬਣੀ ਸੀ ਤਾਂ ਇਕ ਪੀਪੇ ਦਾ ਰੇਟ ਘਿਓ ਦਾ 118/— ਰੁਪਏ ਸੀ ਜਿਹੜਾ ਕਿ ਹੁਣ 250/—ਰੁਪਏ ਤਕ ਪੀਪਾ ਚਲਾ ਗਿਆ ਹੈ । ਇਸ ਤਰ੍ਹਾਂ ਹੀ ਸਰੋਂ ਦਾ ਤੇਲ ਜੋ ਹੈ ਉਸ ਦਾ ਭਾਅ ਵੀ ਵੱਧ ਗਿਆ ਹੈ । ਮਿੱਟੀ ਦੇ ਤੇਲ ਦਾ ਕੀ ਹਾਲ ਹੈ, ਇਹ ਵੀ ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ ।ਜਿਹੜੇ ਗਰੀਬ ਲੋਕ ਪਿੰਡਾਂ ਵਿਚ ਹਨ ਉਹ ਕਈ ਤਾਂ ਬਿਜਲੀ ਬਾਲ ਨਹੀਂ ਸਕਦੇ ਇਸ ਲਈ ਉਹ ਰੋਸ਼ਨੀ ਕਰਨ ਲਈ ਤੇਲ ਬਾਲਦੇ ਹਨ ਪਰ ਉਸ ਦਾ ਭਾਅ ਦੋ ਢਾਈ ਰੁਪਏ ਬੋਤਲ ਤਕ ਚਲਾ ਗਿਆ ਹੈ ਜਿਸ ਨਾਲ ਜਿਹੜੇ ਲੋਕ ਇਸ ਦੀ ਵਰਤੋਂ ਕਰਦੇ ਹਨ, ਸਟੋਵ ਵਗੈਰਾ ਬਾਲਦੇ ਹਨ ਉਨ੍ਹਾਂ ਨੂੰ ਮੁਸ਼ਕਲ ਹੋ ਰਹੀ ਹੈ । ਫਿਰ ਇਹ ਤੇਲ ਮਹਿੰਗੇ ਭਾਅ ਵੀ ਨਹੀਂ ਮਿਲ ਰਿਹਾ ਇਸ ਨੂੰ ਡੀਜ਼ਲ ਵਿਚ ਪਾ ਕੇ ਵੇਚਿਆ ਜਾ ਰਿਹਾ ਹੈ। ਇਸ ਦੀ ਸ਼ਾਰਟੇਜ ਵੀ ਇਸ ਕਰਕੇ ਹੀ ਹੈ ਕਿ ਇਸ ਨੂੰ ਡੀਜ਼ਲ ਵਿਚ ਪਾ ਕੇ ਵੇਚਿਆ ਜਾ ਰਿਹਾ ਹੈ ਔਰ ਜਿਨ੍ਹਾਂ ਗਰੀਬ ਲੋਕਾਂ ਨੂੰ ਮਿੱਟੀ ਦਾ ਤੇਲ ਬਾਲਣ ਲਈ ਜਾਂ ਘਰ ਦੀ ਰੋਸ਼ਨੀ ਵਾਸਤੇ ਚਾਹੀਦਾ ਹੈ ਉਨ੍ਹਾਂ ਨੂੰ ਮਿਲ ਨਹੀਂ ਰਿਹਾ । ਇਸ ਤਰ੍ਹਾਂ ਹੀ ਕਪੜੇ ਬਾਰੇ ਵੇਖ ਲਵੋ । ਚੇਅਰਮੈਨ ਸਾਹਿਬ, ਜਿਹੜਾ ਕਪੜਾ ਗਰੀਬਾਂ ਨੇ ਵਰਤਣਾ ਹੈ ਉਹ ਤਾਂ ਮਿੱਲਾਂ ਬਣਾ ਹੀ ਨਹੀਂ ਰਹੀਆਂ ਔਰ ਜਿਹੜਾ ਮਹਿੰਗਾ ਕਪੜਾ ਉਹ ਬਣਾ ਰਹੀਆਂ ਹਨ ਉਸ ਨੂੰ ਖਰੀਦਣਾ ਗਰੀਬ ਦੀ ਪਹੁੰਚ ਤੋਂ ਬਾਹਰ ਦੀ ਗੱਲ ਹੈ । ਇਸ ਲਈ ਮਿੱਲਾਂ ਵਾਲਿਆਂ ਤੇ ਇਹ ਸ਼ਰਤ ਲਗਾਉਣੀ ਚਾਹੀਦੀ ਹੈ ਕਿ ਉਹ ਇਤਨਾਂ ਕਪੜਾ ਗਰੀਬਾਂ ਦੇ ਵਰਤਣ ਵਾਲਾ ਜ਼ਰੂਰ ਬਣਾਇਆ ਕਰਨ ।

ਚੇਅਰਮੈਨ ਸਾਹਿਬ, ਇਕ ਪ੍ਰਾਈਸ ਇੰਡੈਕਸ ਕਮੇਟੀ ਬਣਾਈ ਗਈ ਹੈ । ਪਿੱਛੇ ਜਿਹੇ ਉਸ ਕਮੇਟੀ ਨੇ ਕਿਹਾ ਹੈ ਕਿ 8 ਪੁਆਇੰਟ ਮਹਿੰਗਾਈ ਵੱਧ ਗਈ ਹੈ ਹਾਲਾਂਕਿ ਵਪਾਰੀ ਔਰ ਸੱਨਤਕਾਰ ਕੋਸ਼ਿਸ਼ ਕਰਦੇ ਹਨ ਕਿ ਪੁਆਇੰਟ ਘੱਟ ਦੱਸੇ ਜਾਣ ਪਰ ਫਿਰ ਵੀ ਉਸ ਕਮੇਟੀ ਨੇ ਮਜਬੂਰ ਹੋ ਕੇ 8 ਪੁਆਇੰਟਾਂ ਦਾ ਜ਼ਿਕਰ ਕੀਤਾ ਹੈ ਕਿ ਇਤਨੀ ਮਹਿੰਗਾਈ ਵੱਧ ਗਈ ਹੈ ।

ਚੇਅਰਮੈਨ ਸਾਹਿਬ, ਸਰਕਾਰ ਨੇ ਕਾਮੇ ਦੀ 14 ਰੁਪਏ ਦਿਹਾੜੀ ਬੰਨ੍ਹ ਦਿੱਤੀ ਹੈ । ਇਸ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ 14 ਰੁਪਏ ਦਿਹਾੜੀ ਦੇ ਨਹੀਂ ਮਿਲ ਰਹੇ । ਜੇਕਰ ਕਿਧਰੇ ਮਿਲਦੇ ਹਨ ਤਾਂ ਕੰਮ ਸਿਰਫ ਕਾਮੇ ਨੂੰ ਪੰਜਾਂ ਸੱਤਾਂ ਦਿਹਾੜੀਆਂ ਦਾ ਹੀ ਮਿਲਦਾ ਹੈ । ਫਿਰ ਉਸ ਵਿਚਾਰੇ ਨੂੰ ਉਸ ਦਿਹਾੜੀ ਦੇ ਮੁਤਾਬਿਕ ਜਿੰਦਗੀ ਲਈ ਲੋੜੀਂਦੀਆਂ ਚੀਜ਼ਾਂ ਵੀ ਸੱਸਤੇ ਭਾਅ ਤੇ ਨਹੀਂ ਮਿਲਦੀਆਂ ।

ਹੁਣ ਮੈਂ ਸੀਮਿੰਟ ਦੀ ਵੀ ਗੱਲ ਕਰ ਦਿੰਦਾ ਹਾਂ । ਜਿਥੋਂ ਤਕ ਸੀਮਿੰਟ ਦਾ ਸਵਾਲ ਹੈ, ਮੈਂ ਦੱਸਦਾ ਹਾਂ ਕਿ ਪਹਿਲਾਂ ਸੀਮਿੰਟ ਦੇ ਇਕ ਥੈਲੇ ਦਾ ਰੇਟ 33/— ਰੁਪਏ ਹੁੰਦਾ ਸੀ ਪਰ ਜਦੋਂ ਦੀ ਸਰਕਾਰ ਨੇ ਸੀਮਿੰਟ ਵਪਾਰੀਆਂ ਨੂੰ ਖੁਲ੍ਹ ਦੇ ਦਿੱਤੀ ਹੈ, ਸੀਮਿੰਟ ਦਾ ਰੇਟ ਅੱਜ 80 ਤੋਂ 85 ਰੁਪਏ ਬੋਰੀ ਜਾ ਰਿਹਾ ਹੈ । ਫਿਰ ਸੀਮਿੰਟ ਦੀ ਇਕ ਬੋਰੀ ਸੱਸਤੇ ਰੇਟ ਤੇ ਲੈਣ ਵਾਲਾ ਤਰਲੇ ਲੈਂਦਾ ਫਿਰਦਾ ਹੈ, ਉਸ ਨੂੰ ਮਿਲਦੀ ਨਹੀਂ ਹੈ । ਪਰ ਬਲੈਕ ਵਿਚ ਭਾਵੇਂ ਟਰੱਕ ਸੀਮਿੰਟ ਦਾ ਲੈ ਲਵੋ, ਉਹ ਮਿਲ ਜਾਂਦਾ ਹੈ । ਜੇਕਰ ਸੀਮਿੰਟ ਦੀ ਘਾਟ ਹੋਵੇ ਤਾਂ ਟਰੱਕ ਵਾਲਾ ਸੀਮਿੰਟ ਕਿਸ ਤਰ੍ਹਾਂ ਲੈ ਲੈਂਦਾ ਹੈ। ਇਸ ਦਾ ਮਤਲਬ ਹੈ ਕਿ ਸੀਮਿੰਟ ਦੀ

Original with;
Punjab Vidhan Sabha
Digitized by;
Panjab Digital Library

ਘਾਟ ਨਹੀਂ ਹੈ, ਇਹ ਘਾਟ ਪਾਈ ਗਈ ਹੈ । ਫਿਰ ਇੱਟਾਂ ਦਾ ਸਵਾਲ ਹੈ । ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੇ ਬਾਰਸ਼ਾਂ ਤੋਂ ਬਚਣ ਲਈ ਆਪਣਾ ਮਾੜਾ ਮੋਟਾ ਪੱਕਾ ਮਕਾਨ ਬਨਾਉਣਾ ਹੁੰਦਾ ਹੈ ਪਰ ਅੱਜ ਇੱਟਾਂ ਵੀ ਗਰੀਬ ਨਹੀਂ ਖਰੀਦ ਸਕਦਾ । ਇੱਟਾਂ ਦਾ ਰੇਟ 130/— ਰੁਪਏ ਹਜ਼ਾਰ ਤੋਂ ਲੈ ਕੇ ਅੱਜ 500/— ਰੁਪਏ ਹਜ਼ਾਰ ਤਕ ਚਲਾ ਗਿਆ ਹੈ। ਇਸ ਰੇਟ ਤੇ ਇੱਟਾਂ ਲੈ ਕੇ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਹੜਾ ਗਰੀਬ ਹੈ ਜਿਹੜਾ ਆਪਣਾ ਛੋਟਾ ਮੋਟਾ ਕੋਠਾ ਪਾ ਸਕਦਾ ਹੈ ।

ਇਕ ਗੱਲ ਜਿਸ ਤਰ੍ਹਾਂ ਮੈਂ ਪਹਿਲੇ ਕਹੀ ਹੈ ਕਿ ਭੱਠੇ ਵਾਲੇ ਆਪਣੀ ਮਨਮਰਜ਼ੀ ਕਰ ਰਹੇ ਹਨ ਔਰ ਉਨ੍ਹਾਂ ਤੇ ਕੋਈ ਚੈਕ ਨਹੀਂ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ, ਇਸ ਲਈ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਇਸ ਤੇ ਜ਼ਰੂਰ ਕੰਟਰੋਲ ਕਰਨਾ ਚਾਹੀਦਾ ਹੈ।

ਇਕ ਗੱਲ ਮੈਂ ਪਨਸੱਪ ਦੀਆਂ ਦੁਕਾਨਾਂ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜੀਆਂ ਪਨਸੱਪ ਦੀਆਂ ਦੁਕਾਨਾਂ ਸਨ, ਉਹ ਜਾਂ ਤਾਂ ਬੰਦ ਪਈਆਂ ਹਨ ਜਾਂ ਜਿਹੜੀਆਂ ਖੁਲ੍ਹੀਆਂ ਹਨ, ਉਨ੍ਹਾਂ ਤੇ ਕੋਈ ਮਾਲ ਨਹੀਂ ਮਿਲਦਾ ਜਿਸ ਕਰਕੇ ਲੋਕਾਂ ਨੂੰ ਬਹੁਤ ਤਕਲੀਫ਼ ਹੋ ਰਹੀ ਹੈ ।

ਇਕ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਜਿਹੜੀ ਟੈਕਸ ਦੀ ਨੀਤੀ ਹੈ, ਇਹ ਵੀ ਬਹੁਤ ਗਲਤ ਹੈ । ਇਹ ਜਿਹੜੇ ਟੈਕਸ ਲਗਦੇ ਹਨ, ਇਸ ਨਾਲ ਮਹਿਗਾਈ ਵੱਧ ਰਹੀ ਹੈ । ਸਿਰਫ ਸੇਲਜ਼ ਟੈਕਸ ਨਾਲ ਹੀ ਨਹੀਂ ਮਹਿੰਗਾਈ ਵਧਦੀ ਬਲਕਿ ਜਿਹੜੇ ਟੈਕਸ ਬਸਾਂ ਔਰ ਰੇਲ ਗੱਡੀਆਂ ਦੇ ਕਿਰਾਏ ਤੇ ਲਾਏ ਹਨ ਉਸ ਨਾਲ ਵੀ ਮਹਿੰਗਾਈ ਵੱਧਦੀ ਹੈ । ਮੇਰੀ ਇਹ ਬੇਨਤੀ ਹੈ ਕਿ ਸਰਕਾਰ ਨੂੰ ਇਨ੍ਹਾਂ ਟੈਕਸਾਂ ਤੇ ਕੰਟਰੋਲ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਦਵਾਈਆਂ ਦਾ ਜਿਹੜਾ ਸਵਾਲ ਹੈ, ਇਹ ਜਾਂ ਤਾਂ ਮਿਲਦੀਆਂ ਨਹੀਂ ਔਰ ਜੇ ਮਿਲਦੀਆਂ ਹਨ ਤਾਂ ਬਨਾਵਟੀ ਮਿਲਦੀਆਂ ਹਨ ਜਿਸ ਨਾਲ ਮਰੀਜ਼ ਠੀਕ ਨਹੀਂ ਹੁੰਦਾ । ਹਸਪਤਾਲਾਂ ਦੀ ਇਹ ਹਾਲਤ ਹੈ ਕਿ ਉਥੇ ਕੋਈ ਦਵਾਈ ਨਹੀਂ ਮਿਲਦੀ । ਮੈਂ ਅੰਮ੍ਰਿਤਸਰ ਦੀ ਮਿਸਾਲ ਦਿੰਦਾ ਹਾਂ । ਉਥੇ ਗੁਰੂ ਤੇਗ ਬਹਾਦਰ ਅਤੇ ਗੁਰੂ ਨਾਨਕ ਹਸਪਤਾਲ ਜਿਹੜੇ ਹਨ, ਉਥੇ ਕੋਈ ਦਵਾਈ ਨਹੀਂ ਦਿੱਤੀ ਜਾਂਦੀ । ਹਸਪਤਾਲ ਦੇ ਬਾਹਰ ਜਿਹੜੀਆਂ ਦੁਕਾਨਾਂ ਹਨ, ਉਥੇ ਤਾਂ ਦਵਾਈਆਂ ਮਿਲਦੀਆਂ ਹਨ ਪਰ ਹਸਪਤਾਲ ਵਿਚ ਕੋਈ ਦਵਾਈ ਨਹੀਂ ਮਿਲਦੀ । ਉਥੋਂ ਦੇ ਡਾਕਟਰ ਤਾਂ ਸਿਰਫ਼ ਪਰਚੀ ਬਣਾ ਦਿੰਦੇ ਹਨ ਔਰ ਉਨ੍ਹਾਂ ਗਰੀਬ ਲੋਕਾਂ ਨੂੰ ਦਵਾਈਆਂ ਬਾਹਰੋਂ ਜਾ ਕੇ ਲੈਣੀਆਂ ਪੈਂਦੀਆਂ ਹਨ । ਇਕ ਇਨ੍ਹਾਂ ਹਸਪਤਾਲਾਂ ਵਿਚ ਐਕਸਰੇ ਫਿਲਮ ਦੀ ਬੜੀ ਸ਼ਾਰਟੇਜ ਹੈ । ਕੋਈ ਵੀ ਐਕਸਰੇ ਕਰਾਉਣਾ ਹੋਵੇ ਉਸ ਦੀ ਫਿਲਮ ਉਥੇ ਨਹੀਂ ਮਿਲਦੀ । ਮੈਂ ਇਸ ਸਬੰਧੀ ਪਿਛਲੇ ਸੈਸ਼ਨ ਵਿਚ ਸਵਾਲ ਵੀ ਕੀਤੇ ਸਨ, ਹੁਣ ਵੀ ਸਵਾਲ ਦਿੱਤਾ ਹੈ ਪਰ ਸ਼ਾਇਦ ਉਹ ਨਹੀਂ ਆ ਸਕਣਾ । ਪਿਛਲੀ ਵਾਰ ਮਨਿਸਟਰ ਸਾਹਿਬ ਨੇ ਯਕੀਨ ਦਿਵਾਇਆ ਸੀ ਕਿ ਇਹ ਐਕਸਰੇ ਫਿਲਮ ਦੀ ਸ਼ਾਰਟੇਜ ਖਤਮ ਹੋ ਜਾਵੇਗੀ ਪਰ ਹਾਲੇ ਵੀ ਇਹ ਸ਼ਾਰਟੇਜ ਚਲ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਅੰਤ ਵਿਚ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿੰਗਾਈ ਨੂੰ ਰੋਕਣ ਦਾ ਹਲ ਇਹੋ ਹੈ ਕਿ ਪਿੰਡਾਂ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹੀਆਂ ਜਾਣ ਔਰ ਉਨ੍ਹਾਂ ਦੁਕਾਨਾਂ ਤੇ ਸਾਰੀਆਂ ਜ਼ਰੂਰਤ ਦੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ। ਇਕ ਗਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗੌਰਮਿੰਟ ਇਸ ਮਹਿੰਗਾਈ ਨੂੰ ਰੋਕ ਨਹੀਂ ਸਕਦੀ ਕਿਉਂਕਿ ਸਰਮਾਏਦਾਰੀ ਦਾ ਜਿਹੜਾ ਪ੍ਰਬੰਧ ਹੈ, ਇਸ ਵਿਚ ਮਹਿੰਗਾਈ ਨੂੰ ਰੋਕਣਾ ਬਹੁਤ ਔਖਾ ਹੈ। ਸਰਮਾਏਦਾਰੀ ਪਲਦੀ ਇਸ ਤੇ ਹੀ ਹੈ। ਸਰਮਾਏਦਾਰੀ ਦਾ ਸੋਰਸ ਹੀ ਲੁਟਖਸੁਟ ਹੈ। ਇਸ ਲਈ ਮੈਂ ਅੰਤ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਅਗਰ ਸਰਕਾਰ ਇਸ ਮਹਿੰਗਾਈ ਨੂੰ ਰੋਕਣਾ ਚਾਹੁੰਦੀ ਹੈ ਤਾਂ ਇਸ ਮਤੇ ਨੂੰ ਟਾਕ ਆਊਟ ਨਾ ਕੀਤਾ ਜਾਵੇ ਬਲਕਿ ਇਸ ਨੂੰ ਇਥੇ ਪਾਸ ਕੀਤਾ ਜਾਵੇ ਔਰ ਉਸ ਤੇ ਅਮਲ ਕੀਤਾ ਜਾਵੇ। ਠੀਕ ਹੈ ਮਾਸਟਰ ਜੀ ਨੇ ਆਪਣੀ ਤਸੱਲੀ ਇਹ ਮਤਾ ਲਿਆ ਕੇ ਕਰ ਲਈ ਹੈ ਪਰ ਮਹਿੰਗਾਈ ਤਾਂ ਹੀ ਰੁਕ ਸਕਦੀ ਹੈ ਜੇ ਇਸ ਨੂੰ ਪਾਸ ਕੀਤਾ ਜਾਵੇ ਔਰ ਇਸ ਤੇ ਅਮਲ ਕੀਤਾ ਜਾਵੇ। ਇਹ ਜਿਹੜਾ ਸਰਮਾਏਦਾਰੀ ਦਾ ਕੁਹਾੜਾ ਗਰੀਬ ਲੋਕਾਂ ਦੇ ਸਿਰ ਤੇ ਖੜਾ ਹੈ, ਇਸ ਨਾਲ ਮਹਿੰਗਾਈ ਨਹੀਂ ਰੁਕ ਸਕਦੀ ਹੈ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਮਤੇ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

**ਸਰਦਾਰ ਜਗਤ ਸਿੰਘ (ਖਰੜ):** ਚੇਅਰਮੈਨ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਚਲ ਰਿਹਾ ਹੈ, ਇਹ ਬਹੁਤ ਹੀ ਅੱਛਾ ਰੈਜ਼ੋਲਿਊਸ਼ਨ ਹੈ। ਸਾਡੀ ਸਰਕਾਰ ਨੇ ਤਾਂ ਬਹੁਤ ਕੋਸ਼ਿਸ਼ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹਲ ਕਰਨ ਦੀ ਕੋਸ਼ਿਸ਼ ਕੀਤੀ ਹੈ ਔਰ ਗਰੀਬ ਲੋਕਾਂ ਵਾਸਤੇ ਫੇਅਰ ਪ੍ਰਾਈਸ ਸ਼ਾਪਸ ਖੋਲਣ ਤੋਂ ਇਲਾਵਾ ਹੋਰ ਵੀ ਵੱਧ ਤੋਂ ਵੱਧ ਸਹੂਲਤਾਂ ਲਈ ਇੰਤਜ਼ਾਮ ਕੀਤੇ ਹਨ। ਜਿਹੜੇ ਲੋਕ ਹੇਰਾਫੇਰੀਆਂ ਕਰਦੇ ਸਨ ਉਨ੍ਹਾਂ ਤੇ ਛਾਪੇ ਮਾਰ ਕੇ ਕੰਟਰੋਲ ਕੀਤਾ ਹੈ। ਇਸ ਸਰਕਾਰ ਨੇ 1980 ਵਿਚ ਕਰੀਬ 5 ਹਜ਼ਾਰ ਛਾਪੇ ਮਾਰੇ ਸਨ ਔਰ 500 ਤੋਂ ਉਪਰ ਕੇਸ ਰਜਿਸਟਰ ਹੋਏ ਸਨ ਔਰ 100 ਤੇ ਕਿੰਨੇ ਵਿਅਕਤੀ ਫੜੇ ਗਏ ਸਨ। ਇਸ ਤਰ੍ਹਾਂ 1981 ਦੇ ਵਿਚ 4,000 ਤੋਂ ਵੱਧ ਛਾਪੇ ਮਾਰੇ ਗਏ ਔਰ ਬਹੁਤ ਸਾਰੇ ਕੇਸ ਪੁਲਿਸ ਨੇ ਰਜਿਸਟਰ ਕੀਤੇ। ਫਿਰ 1982 ਵਿਚ ਇਸ ਤਰ੍ਹਾਂ ਬਹੁਤ ਸਾਰੇ ਛਾਪੇ ਮਾਰੇ ਗਏ ਹਨ।

ਇਕ ਮੈਂ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਜ਼ਿਮੀਦਾਰ ਹਨ ਉਹ ਬਹੁਤ ਮਿਹਨਤ ਕਰਕੇ ਆਪਣੀ ਜਿਨਸ ਪੈਦਾ ਕਰਦੇ ਹਨ, ਪਰ ਇਸ ਦੇ ਬਾਵਜੂਦ ਉਸ ਦੀ ਜਿਨਸ ਦੇ ਭਾਅ ਸੈਂਟਰ ਦੀ ਸਰਕਾਰ ਨੀਅਤ ਕਰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਭਾਅ ਇਥੇ ਹੀ ਨੀਅਤ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਕਾਰਖਾਨੇਦਾਰ ਜੇ ਕੋਈ ਮਸ਼ੀਨ ਤਿਆਰ ਕਰਦਾ ਹੈ ਤਾਂ ਉਹ ਉਸ ਮਸ਼ੀਨ ਦਾ ਭਾਅ ਆਪਣੀ ਮਰਜ਼ੀ ਦੇ ਮੁਤਾਬਿਕ ਮੁਕਰਰ ਕਰਦਾ ਹੈ, ਇਸੇ ਤਰ੍ਹਾਂ ਮੇਰੀ ਬੇਨਤੀ ਹੈ ਕਿ ਜ਼ਿਮੀਦਾਰ ਵੀ ਜਿਹੜੀ ਜਿਣਸ ਪੈਦਾ ਕਰਦਾ ਹੈ ਉਸ ਨੂੰ ਖੁਦ ਹੀ ਉਸ ਦਾ ਰੇਟ ਮੁਕਰੱਰ ਕਰਨਾ ਚਾਹੀਦਾ ਹੈ। ਪਹਿਲੇ ਤਾਂ ਉਹ 6 ਮਹੀਨੇ ਮਿਹਨਤ ਕਰਦਾ ਹੈ, ਬੀਜ ਪਾਂਦਾ ਹੈ, ਖਾਦ ਪਾਂਦਾ ਹੈ ਪਰ ਜਦੋਂ 6 ਮਹੀਨੇ ਬਾਅਦ ਉਸ ਦੀ ਫਸਲ ਆਉਂਦੀ ਹੈ ਤਾਂ ਸੈਂਟਰ ਵਿਚ ਸਾਰੇ ਚੀਫ਼ ਮਨਿਸਟਰ ਇਕੱਠੇ ਹੁੰਦੇ ਹਨ ਔਰ ਫਿਰ ਸੈਂਟਰ ਉਸ ਦਾ ਭਾਅ ਮੁਕਰੱਰ ਕਰਦਾ ਹੈ। ਪਰ ਦੂਜੇ ਪਾਸੇ ਇੰਡਸਟਰੀਅਲਿਸਟ ਤੇ ਕੋਈ ਕੰਟਰੋਲ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਉਹ ਆਪਣੀਆਂ ਮਸ਼ੀਨਾਂ ਦਾ ਭਾਅ ਆਪ ਮੁਕਰੱਰ ਕਰਦੇ ਹਨ। ਇਹ ਸਰਕਾਰ ਜਦੋਂ ਦੀ ਹੋਂਦ ਵਿਚ ਆਈ ਹੈ ਇਸ ਨੇ ਜ਼ਖੀਰੇਬਾਜ਼ੀ ਨੂੰ ਰੋਕਣ ਲਈ ਬਹੁਤ ਉਪਰਾਲੇ ਕੀਤੇ ਹਨ। ਇਸ ਸਰਕਾਰ ਨੇ ਬੜੇ ਤਕੜੇ ਢੰਗ ਨਾਲ ਉਨ੍ਹਾਂ ਤੇ ਛਾਪੇ ਮਾਰੇ ਹਨ ਤਾਂਕਿ ਮਹਿੰਗਾਈ ਤੇ ਕੰਟਰੋਲ ਹੋ ਸਕੇ। ਇਸ ਸਰਕਾਰ ਨੇ ਇਸੇ ਤਰ੍ਹਾਂ ਫਲਾਇੰਗ ਸਕੁਐਡ ਬਣਾ ਕੇ ਜ਼ਖੀਰੇਬਾਜ਼ਾਂ ਤੇ ਛਾਪੇ ਮਰਵਾਏ ਹਨ ਔਰ ਉਨ੍ਹਾਂ ਤੇ ਕੰਟਰੋਲ ਕੀਤਾ ਹੈ। ਫੇਅਰ ਪ੍ਰਾਈਸ ਸ਼ਾਪਸ ਬਹੁਤ ਸਾਰੀਆਂ ਖੋਲ੍ਹ ਦਿੱਤੀਆਂ ਹਨ। ਪਿੰਡਾਂ ਦੇ ਵਿਚ ਬਹੁਤ ਦੁਕਾਨਾਂ ਸਸਤੇ ਭਾਅ ਦੀਆਂ ਖੋਲ੍ਹੀਆਂ ਹਨ। ਉਨ੍ਹਾਂ ਦੁਕਾਨਾਂ ਤੇ ਹਰ ਚੀਜ਼ ਮਿਲਦੀ ਰਹੀ ਹੈ ਔਰ ਲੋਕਾਂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ। ਸ੍ਰੀਮਤੀ ਇੰਦਰਾ ਗਾਂਧੀ ਨੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਕਈ ਕਦਮ ਚੁਕੇ ਹਨ ਔਰ ਬਹੁਤ ਸਾਰੀਆਂ ਫੈਸਿਲਟੀਜ਼ ਲੋਕਾਂ ਨੂੰ ਦਿੱਤੀਆਂ ਹਨ ਔਰ ਮਹਿੰਗਾਈ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਸੇ ਤਰ੍ਹਾਂ ਹੋਰ ਵੀ ਵੱਧ ਤੋਂ ਵੱਧ ਸਹੂਲਤਾਂ ਲੋਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ।

ਜਿਹੜਾ ਮਜ਼ਦੂਰ ਸਾਰਾ ਦਿਨ ਕੰਮ ਕਰਦਾ ਸੀ ਉਸ ਨੂੰ ਪਹਿਲੇ 5-7 ਰੁਪਏ ਮਿਲਦੇ ਸਨ ਅਤੇ ਹੁਣ ਸਰਕਾਰ ਨੇ 14 ਰੁਪਏ ਦਿਹਾੜੀ ਕਰ ਦਿੱਤੀ ਹੈ। ਪਰ ਉਨ੍ਹਾਂ ਦਾ ਪਰਿਵਾਰ ਇਤਨਾ ਵੱਡਾ ਹੁੰਦਾ ਹੈ ਕਿ ਉਹ ਕੋਈ ਬੱਚਤ ਨਹੀਂ ਕਰ ਸਕਦੇ ਅਤੇ ਮਹਿੰਗਾਈ ਦੀ ਵਜ੍ਹਾ ਕਰਕੇ ਸੇਵਿੰਗ ਕੁਝ ਉਹ ਕਰ ਨਹੀਂ ਸਕਦੇ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਕਰੋੜਪਤੀ ਬਲੈਕ ਮਾਰਕਿਟਿੰਗ, ਜਮ੍ਹਾਂਖੋਰੀ ਅਤੇ ਜ਼ਖੀਰੇਬਾਜ਼ੀ ਕਰਦੇ ਹਨ ਅਤੇ ਵੱਡੇ ਵੱਡੇ ਕਾਰਖਾਨੇਦਾਰ ਲੁੱਟ ਰਹੇ ਹਨ, ਉਨ੍ਹਾਂ ਤੇ ਸਰਕਾਰ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਅਤੇ ਮਹਿੰਗਾਈ ਤੇ ਵੱਧ ਤੋਂ ਵੱਧ ਕੰਟਰੋਲ ਕਰਨਾ ਚਾਹੀਦਾ ਹੈ।

**ਪੰਡਿਤ ਸਰਵਣ ਰਾਮ** (ਗੜ੍ਹਸ਼ੰਕਰ): ਚੇਅਰਮੈਨ ਸਾਹਿਬ, ਇਹ ਮਤਾ ਜਿਹੜਾ ਮਾਸਟਰ ਦਲੀਪ ਚੰਦ ਜੀ ਨੇ ਇਸ ਹਾਊਸ ਵਿਚ ਲਿਆਂਦਾ ਹੈ, ਇਹ ਬਹੁਤ ਅੱਛਾ ਮਤਾ ਹੈ ਅਤੇ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ ਅਤੇ ਇਹ ਬੜਾ ਹੀ ਸ਼ਲਾਘਾ-ਯੋਗ ਕਦਮ ਹੈ। ਇਹ ਠੀਕ ਹੈ ਕਿ ਸਾਡੀ ਸਰਕਾਰ ਨੇ ਬਲੈਕ ਮਾਰਕੀਟਿੰਗ ਦੇ ਖਿਲਾਫ ਅਤੇ ਜਮ੍ਹਾਂਖੋਰੀਆਂ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਹੈ ਅਤੇ ਸਮਾਜ ਵਿਚੋਂ ਹੇਰਾਫੇਰੀ ਕਰਨ ਵਾਲਿਆਂ ਨੂੰ ਨੱਥ ਪਾਈ ਹੈ ਅਤੇ ਫਲਾਇੰਗ ਸਕਐਡ ਬਣਿਆ ਹੋਇਆ ਹੈ ਅਤੇ 5-6 ਹਜ਼ਾਰ ਤੋਂ ਵੱਧ ਛਾਪੇ ਮਾਰੇ ਅਤੇ ਕਈ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਅਤੇ ਅਗੇ ਤੋਂ ਹੋਰ ਕਾਰਵਾਈ ਕੀਤੀ ਜਾ ਰਹੀ ਹੈ। ਕਈ ਦਫਾ ਐਸਾ ਵੀ ਹੁੰਦਾ ਹੈ ਕਿ ਵੱਡੇ ਦੁਕਾਨਦਾਰ ਬੱਚ ਜਾਂਦੇ ਹਨ ਔਰ ਛੋਟੇ ਦੁਕਾਨਦਾਰ ਫੜੇ ਜਾਂਦੇ ਹਨ ਜਿਸ ਕਰਕੇ ਛੋਟੇ ਦੁਕਾਨਦਾਰ ਪਰੇਸ਼ਾਨ ਹੁੰਦੇ ਹਨ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਮਹਿੰਗਾਈ ਕੇਵਲ ਇਸ ਦੇਸ਼ ਵਿਚ ਹੀ ਨਹੀਂ ਵੱਧੀ ਬਲਕਿ ਜਿਹੜੇ ਦੇਸ਼ ਆਜ਼ਾਦ ਹੁੰਦੇ ਹਨ ਉਥੇ ਮਹਿੰਗਾਈ ਜ਼ਿਆਦਾ ਵੱਧਦੀ ਹੈ। ਜੇਕਰ ਅਸੀਂ ਆਪਣੇ ਪਿਛਲੇ 40 ਸਾਲਾਂ ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਸ ਵਕਤ ਲੋਕ ਇਕ ਕਮੀਜ਼ ਅਤੇ ਪਰਨੇ ਨਾਲ ਗੁਜ਼ਾਰਾ ਕਰ ਲੈਂਦੇ ਸਨ ਪਰ ਹੁਣ ਵਾਤਾਵਰਣ ਚੇਂਜ ਹੋ ਚੁਕਾ ਹੈ ਅਤੇ ਦੇਖਣ ਵਿਚ ਆਇਆ ਹੈ ਕਿ ਲੋਕ ਇਕ ਦਿਨ ਵਿਚ 2-3 ਵਾਰ ਕਪੜੇ ਬਦਲਦੇ ਹਨ ਅਤੇ ਹੁਣ ਲੋਕਾਂ ਦੀ ਮੈਂਟਲ ਆਊਟ-ਲੁਕ ਹੀ ਬਦਲ ਗਈ ਹੈ ਅਤੇ ਹਰ ਚੀਜ਼ ਖਾਣ ਦਾ ਯਤਨ ਕਰਦੇ ਹਨ ਔਰ ਇਸ ਕਰਕੇ ਲਾਜ਼ਮੀ ਹੈ ਕਿ ਮਹਿੰਗਾਈ ਵਧਗੀ।

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਇਹ ਠੀਕ ਹੈ ਕਿ ਸਰਕਾਰ ਨੇ ਇਸ ਨੂੰ ਰੋਕਣ ਵਿਚ ਆਪਣੇ ਪੂਰੇ ਯਤਨ ਇਸਤੇਮਾਲ ਕੀਤੇ ਹਨ । ਕੁਝ ਮੇਰੇ ਸਾਥੀਆਂ ਨੇ ਇਥੇ ਕਿਹਾ ਹੈ ਕਿ ਮਾਰਕਿਟ ਵਿਚ ਖੰਡ ਬੜੀ ਮਹਿੰਗੀ ਮਿਲਦੀ ਹੈ ਜਦ ਕਿ ਸਰਕਾਰ ਨੇ ਕੰਟਰੋਲ ਰੇਟ 3 ਰੁਪਏ ਫਿਕਸ ਕੀਤਾ ਹੋਇਆ ਹੈ ਅਤੇ ਇਹ ਮਾਰਕਿਟ ਵਿਚ 6 ਰੁਪਏ ਤੋਂ ਘੱਟ ਨਹੀਂ ਮਿਲਦੀ। ਪਰ ਇਨ੍ਹਾਂ ਦੇ ਵੇਲੇ ਗੰਨੇ ਦਾ ਭਾਅ ਕਿਸਾਨਾਂ ਨੂੰ 12–13 ਰੁਪਏ ਕੁਇੰਟਲ ਦੇ ਮਿਲਦੇ ਸਨ ਪਰ ਸਾਡੀ ਸਰਕਾਰ ਨੇ ਉਨ੍ਹਾਂ ਨੂੰ 26–27 ਰੁਪਏ ਕੁਇੰਟਲ ਦੇ ਹਿਸਾਬ ਨਾਲ ਦਿੱਤੇ ਹਨ । ਜਿੰਨਾਂ ਧਿਆਨ ਸਾਡੀ ਸਰਕਾਰ ਨੇ ਕਿਸਾਨਾਂ ਵੱਲ ਦਿੱਤਾ ਹੈ ਇਤਨਾ ਪਿਛਲੇ 30 ਸਾਲਾਂ ਦੀ ਸਰਕਾਰਾਂ ਨੇ ਨਹੀਂ ਦਿੱਤਾ ਸੀ । ਭਾਵੇਂ ਆਪੋਜ਼ੀਸ਼ਨ ਦੀਆਂ ਸਰਕਾਰਾਂ ਆਪਣੇ ਆਪ ਨੂੰ ਕਿਸਾਨਾਂ ਦੇ ਹਾਮੀ ਅਤੇ ਵਫਾਦਾਰ ਕਹਾਉਂਦੇ ਹਨ, ਪਰ ਅਸਲ ਮੱਦਦ ਇਨ੍ਹਾਂ ਨੂੰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਦਿੱਤੀ ਹੈ । ਇਹ ਠੀਕ ਹੈ ਕਿ ਘਿਓ ਦੇ ਭਾਅ ਵੱਧੇ ਹਨ । ਇਸ ਨੂੰ ਕੰਟਰੋਲ ਕਰਨ ਦੀ ਲੋੜ ਹੈ । ਸਰਕਾਰ ਨੇ ਗਰੀਬੀ ਦੀ ਰੇਖਾ ਤੋਂ ਹੇਠਾਂ 38% ਲੋਕਾਂ ਨੂੰ ਪੀਲੇ ਕਾਰਡ ਇਸ਼ੂ ਕੀਤੇ ਹਨ, ਜਿਸ ਤੋਂ ਲੋਕਾਂ ਨੂੰ ਸਸਤੇ ਭਾਅ ਤੇ ਕਪੜਾ ਜਿਹੜਾ ਕਿ ਇਨਫੀਰੀਅਰ ਕੁਆਲਿਟੀ ਦੀ ਟੈਰੀਲੀਨ ਹੈ, ਘਿਓ, ਦਾਲਾਂ, ਆਟਾ ਅਤੇ ਹੋਰ ਚੀਜ਼ਾਂ ਸਸਤੇ ਭਾਅ ਤੇ ਮਿਲ ਰਹੀਆਂ ਹਨ । ਪਰ ਇਹ ਪੀਲੇ ਕਾਰਡ ਉਨ੍ਹਾਂ ਲੋਕਾਂ ਨੇ ਬਣਵਾ ਲਏ ਹਨ ਜਿਹੜੇ ਧਨਾਢ ਹਨ ਅਤੇ ਸਰਪੰਚ/ਪੰਚ ਲਗੇ ਹੋਏ ਸਨ । ਇਹ ਇਸ ਕਰਕੇ ਹੋ ਗਿਆ ਹੈ ਕਿ ਪਿੰਡਾਂ ਦੇ ਵਿਚ ਕਾਰਡ ਬਣਾਉਣ ਦੀ ਜ਼ਿਮੇਵਾਰੀ ਇਨ੍ਹਾਂ ਲੋਕਾਂ ਦੀ ਸੀ ਔਰ ਇਨ੍ਹਾਂ ਨੇ ਆਪਣੇ ਕਾਰਡ ਬਣਵਾ ਲਏ ਹਨ ਔਰ ਜਿਨ੍ਹਾਂ ਦੇ ਕਾਰਡ ਬਣਾਉਣ ਦੀ ਲੋੜ ਸੀ ਉਹ ਗਰੀਬ ਰਹਿ ਗਏ ਹਨ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਗਰੀਬੀ ਦੀ ਰੇਖਾ ਤੋਂ ਥਲੇ ਲੋਕ ਰਹਿ ਗਏ ਹਨ ਉਨ੍ਹਾਂ ਦੇ ਕਾਰਡ ਬਣਾ ਦੇਵੇ ਔਰ ਜਿਨ੍ਹਾਂ ਨੇ ਬੋਗਸ ਬਣਵਾਏ ਹਨ ਉਹ ਕੈਂਸਲ ਕੀਤੇ ਜਾਣ ਅਤੇ ਜਿਨ੍ਹਾਂ ਨੇ ਬਣਾ ਕੇ ਦਿੱਤੇ ਹਨ ਉਨ੍ਹਾਂ ਲੋਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਸਰਕਾਰ ਨੇ ਦੂਜੀ ਵਾਰੀ ਫਿਰ ਟਾਈਮ ਦਿੱਤਾ ਸੀ ਕਿ ਕਾਰਡ ਬਣਵਾ ਲਓ, ਪਰ ਸਾਡੇ ਪੇਂਡੂ ਲੋਕ ਅਨਪੜ੍ਹ ਹੋਣ ਕਰਕੇ ਫੇਰ ਕਾਰਡ ਬਣ–ਵਾਉਣ ਵਿਚ ਰਹਿ ਗਏ ਹਨ ਅਗਲੀ ਗੱਲ ਇਹ ਹੈ ਕਿ ਰਾਜ ਵਿਚ ਇੱਟਾਂ ਦਾ ਭਾਅ ਬਹੁਤ ਵਧਿਆ ਹੈ । ਐਨੀ ਕਿਸੇ ਹੋਰ ਆਈਟਮ ਵਿਚ ਮਹਿੰਗਾਈ ਨਹੀਂ ਹੋਈ, ਇਨ੍ਹਾਂ ਭੱਠਿਆਂ ਵਾਲਿਆਂ ਨੇ ਹੱਦ ਕਰ ਦਿਤੀ ਹੈ ਔਰ ਇਨ੍ਹਾਂ ਨੂੰ ਨੱਥ ਪਾਉਣ ਦੀ ਲੋੜ ਹੈ । ਜਦ ਕਿ ਇਹ ਸਰਕਾਰ ਤੋਂ ਹਰ ਸਾਲ ਲਾਇਸੈਂਸ ਲੈਂਦੇ ਹਨ ਅਤੇ ਸਰਕਾਰ ਦੇ ਕੰਟਰੋਲ ਵਿਚ ਆਉਂਦੇ ਹਨ, ਪਰ ਇੱਟਾਂ ਜਿਹੜੀਆਂ ਪਹਿਲੇ 2 ਸਾਲਾਂ ਵਿਚ 200 ਰੁਪਏ ਪ੍ਰਤੀ 1000 ਮਿਲਦੀ ਸੀ, ਹੁਣ ਉਹ 500–525 ਰੁਪਏ ਤੋਂ ਘੱਟ ਨਹੀਂ ਮਿਲਦੀ ਹੈ । ਇਸ ਲਈ ਸਰਕਾਰ ਨੂੰ ਇਨ੍ਹਾਂ ਉਪਰ ਪੂਰਾ ਕੰਟਰੋਲ ਕਰਨਾ ਚਾਹੀਦਾ ਹੈ ਅਤੇ ਜੇਕਰ ਕੋਈ ਪੰਚਾਇਤ ਇੱਟਾਂ ਦਾ ਪਰਮਿਟ ਕਟਵਾ ਕੇ ਲੈ ਜਾਵੇ ਉਨ੍ਹਾਂ ਨੂੰ ਇਹ ਸ਼ਾਹੂਕਾਰ ਭੱਠਿਆਂ ਵਾਲੇ ਪਹਿਲੇ 20–20 ਚੱਕਰ ਲਗਵਾਉਂਦੇ ਹਨ ਅਤੇ ਬਾਰ ਬਾਰ ਖਰਾਬ ਕਰਦੇ ਹਨ ਔਰ ਉਨ੍ਹਾਂ ਨੂੰ ਇੱਟਾਂ ਸਪਲਾਈ ਪਰਮਿਟ ਤੇ ਨਹੀਂ ਕਰਦੇ ਹਨ ਜਦ ਕਿ ਇਕ ਇੱਟ 3 ਆਨੇ ਤੋਂ ਜ਼ਿਆਦਾ ਦੀ ਪੈਂਦੀ ਹੈ । ਸਰਕਾਰ ਇਨ੍ਹਾਂ ਨੂੰ ਨੱਥ ਪਾਵੇ ਤਾਕਿ ਇੱਟਾਂ ਦੇ ਰੇਟ ਘੱਟ ਹੋ ਸਕਣ । ਇਹ ਠੀਕ ਹੈ ਕਿ ਅੱਜ ਕੱਲ੍ਹ ਸਾਡੀ ਸਰਕਾਰ ਨੇ ਮਜ਼ਦੂਰ ਦੀ ਦਿਹਾੜੀ 14 ਰੁਪਏ ਕਰ ਦਿੱਤੀ ਹੈ ਜਦ ਕਿ ਪਿਛਲੀ ਸਰਕਾਰ ਵੇਲੇ 7 ਰੁਪਏ ਦਿਹਾੜੀ ਹੁੰਦੀ ਸੀ ਅਤੇ

Original with;
Punjab Vidhan Sabha
Digitized by;
Panjab Digital Library

ਫੈਕਟਰੀਆਂ ਵਿਚ ਵੀ ਕਾਨੂੰਨ ਲਾਗੂ ਕਰ ਦਿੱਤੇ ਹਨ ਕਿ ਫਿਕਸ ਕੀਤੀ ਹੋਈ ਦਿਹਾੜੀ ਦਿੱਤੀ ਜਾਵੇ ਔਰ ਜੇਕਰ ਕੋਈ ਕਾਰਖਾਨੇਦਾਰ ਘੱਟ ਵੇਜਿਜ਼ ਦਿੰਦਾ ਹੈ ਤਾਂ ਉਸ ਦੇ ਖਿਲਾਫ ਸਰਕਾਰ ਨੇ ਲੇਬਰ ਮਹਿਕਮੇ ਵਿਚ ਇਕ ਸੈਲ ਬਣਾ ਦਿੱਤਾ ਹੈ ਜਿਹੜਾ ਇਸ ਦੀ ਇਨ-ਕੁਆਇਰੀ ਕਰਦਾ ਹੈ ਅਤੇ ਐਕਸ਼ਨ ਲੈਂਦਾ ਹੈ ਤਾਂਕਿ ਮਜ਼ਦੂਰ ਨੂੰ ਪੂਰੀ ਦਿਹਾੜੀ ਮਿਲੇ ।

ਚੇਅਰਮੈਨ ਸਾਹਿਬ, ਜਿਥੋਂ ਤਕ ਸੀਮਿੰਟ ਦਾ ਤੁਅੱਲਕ ਹੈ । ਸੀਮਿੰਟ ਵਾਕਿਆ ਹੀ ਪਹਿਲਾਂ 37 ਰੁਪਏ ਬੋਰੀ ਕੰਟ੍ਰੋਲ ਰੇਟ ਤੇ ਮਿਲਦਾ ਸੀ ਹੁਣ ਇਨ੍ਹਾਂ ਦਿਨਾਂ ਵਿਚ 70-80 ਰੁਪਏ ਬੋਰੀ ਮਿਲਦੀ ਹੈ । ਸੀਮਿੰਟ ਵਿਚ ਮਿਲਾਵਟ ਵੀ ਹੁੰਦੀ ਹੈ । ਸੀਮਿੰਟ ਡੀਲਰ ਆਪਣੀ ਮਰਜ਼ੀ ਦੇ ਨਾਲ ਸੀਮਿੰਟ ਵੇਚਦੇ ਹਨ । ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਸੀਮਿੰਟ ਦੀ ਜਿਹੜੀ ਪਾਲਿਸੀ ਹੈ ਉਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਸਾਰਾ ਦੇਸ਼ ਅੱਜ ਤਰੱਕੀ ਵੱਲ ਜਾ ਰਿਹਾ ਹੈ । ਖਾਸ ਕਰਕੇ ਪੰਜਾਬ ਉਨੱਤੀ ਵੱਲ ਜਾ ਰਿਹਾ ਹੈ । ਇਸ ਲਈ ਚੇਅਰਮੈਨ ਸਾਹਿਬ, ਸੀਮਿੰਟ ਦੀ ਪਾਲਿਸੀ ਤੇ ਸਰਕਾਰ ਨੂੰ ਦੋਬਾਰਾ ਵਿਚਾਰ ਕਰਨਾ ਚਾਹੀਦਾ ਹੈ । ਜਿਥੋਂ ਤਕ ਬਾਕੀ ਚੀਜ਼ਾਂ ਦਾ ਤੁਅਲੱਕ ਹੈ ਇਹ ਚੀਜ਼ ਨਹੀਂ ਹੈ ਕਿ ਕੋਈ ਚੀਜ਼ ਪੰਜਾਬ ਵਿਚ ਮੁਹੱਈਆ ਨਹੀਂ ਹੁੰਦੀ । ਪੈਸਾ ਹੋਵੇ ਤਾਂ ਪੰਜਾਬ ਵਿਚ ਹਰ ਚੀਜ਼ ਮਿਲ ਜਾਂਦੀ ਹੈ । ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਕਿਹਾ ਹੈ ਕਿ ਬਿਜਲੀ ਦੀ ਚੋਰੀ ਹੁੰਦੀ ਹੈ । ਕੁਝ ਲੋਕ ਬਿਜਲੀ ਦੀ ਹੇਰਾ-ਫੇਰੀ ਕਰਦੇ ਹਨ । ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦਾ ਜੱਟ ਅੱਜ ਪੰਜਾਬ ਦੀ ਤਰੱਕੀ ਵਿਚ ਜੁਟਿਆ ਹੋਇਆ ਹੈ । ਪੰਜਾਬ ਦਾ ਜ਼ਿਮੀਂਦਾਰ ਅੱਜ ਖੇਤੀਬਾੜੀ ਵਿਚ ਜੁੱਟਿਆ ਹੋਇਆ ਹੈ । ਉਨ੍ਹਾਂ ਵਿਚਾਰਿਆਂ ਨੂੰ ਪਤਾ ਨਹੀਂ ਕਿ ਚੋਰੀ ਕੀ ਚੀਜ਼ ਹੁੰਦੀ ਹੈ ? ਫੈਕਟਰੀਆਂ ਦੇ ਮਾਲਕ ਬਿਜਲੀ ਦੀ ਚੋਰੀ ਕਰਦੇ ਹਨ । ਪੰਜਾਬ ਦੇ ਕਿਸਾਨ ਨੇ ਤਾਂ ਹਿੰਦੁਸਤਾਨ ਦਾ ਸਿਰ ਉਚੱਾ ਕੀਤਾ ਹੈ । ਅੱਜ ਪੰਜਾਬ ਨੂੰ ਮਾਣ ਹੈ ਜਿਸ ਨੇ ਸਾਰੇ ਹਿੰਦੁਸਤਾਨ ਦਾ ਨਾਂ ਉਚਾ ਕੀਤਾ ਹੈ । ਇਸ ਲਈ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮਾਸਟਰ ਦਲੀਪ ਚੰਦ ਜੀ ਨੇ ਜੋ ਮਤਾ ਪੇਸ਼ ਕੀਤਾ ਹੈ, ਮੈਂ ਉਸ ਮਤੇ ਦੀ ਤਾਈਦ ਕਰਦਾ ਹਾਂ । ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਲਫਜ਼ਾਂ ਦੇ ਨਾਲ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ ।

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸ੍ਰੀ ਭਗਵਾਨ ਦਾਸ)** : ਚੇਅਰਮੈਨ ਸਾਹਿਬ, ਮੈਂ ਸਾਡੇ ਮਾਨਯੋਗ ਮੈਂਬਰ ਮਾਸਟਰ ਦਲੀਪ ਚੰਦ ਜੀ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਇਕ ਬੜਾ ਹੀ ਇੰਪਾਰਟੈਂਟ ਰੈਜ਼ੋਲਿਊਸ਼ਨ ਲਿਆਂਦਾ ਹੈ, ਜਿਸ ਰੈਜ਼ੋਲਿਊਸ਼ਨ ਦਾ ਸਿਰਫ ਪੰਜਾਬ ਨਾਲ ਹੀ ਸਬੰਧ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੇ ਨਾਲ ਸਬੰਧ ਹੈ । ਇਸ ਰੈਜ਼ੋਲਿਊਸ਼ਨ ਤੇ ਸਾਡੇ ਮਾਨਯੋਗ ਮੈਂਬਰਾਂ ਨੇ ਆਪਣੇ ਵਿਚਾਰ ਦਿਤੇ ਹਨ ਅਤੇ ਕੁਝ ਸੁਝਾਓ ਵੀ ਰੱਖੇ ਹਨ । ਮੈਂ ਚੇਅਰਮੈਨ ਸਾਹਿਬ, ਉਨ੍ਹਾਂ ਸਾਰੇ ਮੈਂਬਰਾਂ ਦਾ ਬੜਾ ਹੀ ਮਸ਼ਕੂਰ ਹਾਂ, ਜਿਨ੍ਹਾਂ ਨੇ ਸਰਕਾਰ ਨੂੰ ਸੁਝਾਓ ਵੀ ਦਿੱਤੇ ਹਨ ਅਤੇ ਕ੍ਰਿਟੀਸਾਈਜ਼ ਵੀ ਕੀਤਾ ਹੈ । ਚੇਅਰਮੈਨ ਸਾਹਿਬ, ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠ ਜਦੋਂ ਦੀ ਸਰਕਾਰ ਆਈ ਹੈ ਇਹ ਲੋਕਾਂ ਨਾਲ ਵਚਨ ਬੱਧ ਹੈ ਕਿ ਜ਼ਿੰਦਗੀ ਦੀਆਂ ਜ਼ਰੂਰੀਆਤ ਦੀਆਂ ਚੀਜ਼ਾਂ ਇਨ੍ਹਾਂ ਨੂੰ ਸਸਤੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਰੇਟ ਤੇ ਮੁਹੱਈਆ ਕਰੇ । ਸਾਡੀ ਸਰਕਾਰ ਨੇ ਕਾਫੀ ਉਪਰਾਲਿਆਂ ਨਾਲ ਵੱਧ ਰਹੀਆਂ ਕੀਮਤਾਂ ਨੂੰ ਰੋਕਿਆ ਹੈ । ਚੇਅਰਮੈਨ ਸਾਹਿਬ, 1980 ਵਿਚ 6,635 ਫਲਾਇੰਗ ਸਕੁਐਡ ਨੇ ਛਾਪੇ ਮਾਰੇ ਅਤੇ 549 ਕੇਸ ਰਜਿਸਟਰ ਕੀਤੇ ਅਤੇ ਪੁਲਿਸ ਨੇ 631 ਆਦਮੀਆਂ ਨੂੰ ਅਰੈਸਟ ਕੀਤਾ। ਚੇਅਰਮੈਨ ਸਾਹਿਬ, ਇਹ ਤਿੰਨਾਂ ਡਵੀਜ਼ਨਲ ਕਮਿਸ਼ਨਰਜ਼ ਨੇ ਮਿਤੀ 5 ਮਾਰਚ, 1980 ਨੂੰ ਸੈਕਟਰੀ, ਹੋਮ ਡਿਪਾਰਟਮੈਂਟ ਨਾਲ ਮੀਟਿੰਗ ਵਿਚ ਫੈਸਲਾ ਕੀਤਾ ਕਿ ਸਟੇਟ ਵਿਚ ਛਾਪੇ ਮਾਰੇ ਜਾਣ ਅਤੇ ਫਲਾਇੰਗ ਸਕੁਐਡ ਬਣਾਏ ਜਾਣ । ਡਿਸਟ੍ਰਿਕਟ ਲੈਵਲ ਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਫਲਾਇੰਗ ਸਕੁਐਡ ਦਾ ਇਨਚਾਰਜ ਹੋਵੇਗਾ, ਜਿਸ ਵਿਚ ਪੁਲਿਸ ਦਾ ਐਸ.ਐਸ.ਪੀ. ਅਤੇ ਸਾਡੇ ਅਫਸਰ ਡਿਪਾਰਟਮੈਂਟਸ ਦੇ ਵੀ ਹੋਣਗੇ । 1981 ਵਿਚ ਕੁਲ 5257 ਛਾਪੇ ਮਾਰੇ ਗਏ ਅਤੇ 105 ਕੇਸ ਰਜਿਸਟਰ ਕੀਤੇ ਗਏ । 72 ਆਦਮੀ ਅਰੈਸਟ ਕੀਤੇ ਗਏ । ਸਾਲ 1982 ਵਿਚ ਮਿਤੀ 31 ਅਗਸਤ, 1982 ਤਕ 4,110 ਛਾਪੇ ਮਾਰੇ ਗਏ । ਚੇਅਰਮੈਨ ਸਾਹਿਬ, 29 ਕੇਸ ਰਜਿਸਟਰਡ ਕੀਤੇ ਗਏ ਅਤੇ ਪੁਲਿਸ ਨੇ 22 ਆਦਮੀਆਂ ਨੂੰ ਅਰੈਸਟ ਕੀਤਾ । ਚੇਅਰਮੈਨ ਸਾਹਿਬ, ਪੰਜਾਬ ਵਿਚ ਦਹਿਸ਼ਤ ਫੈਲ ਗਈ ਜਦੋਂ ਪੰਜਾਬ ਸਰਕਾਰ ਨੇ ਕਦਮ ਚੁਕੇ । ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਇਹ ਪਹਿਲਾ ਕਦਮ ਚੁਕਿਆ ਹੈ, ਜਿਸ ਨਾਲ ਜਮ੍ਹਾਂ ਖੋਰਾਂ ਅਤੇ ਬਲੈਕਮਾਰਕੀਟੀਆਂ ਨੂੰ ਅੰਦਰ ਕੀਤਾ ਗਿਆ ਹੈ ਭਾਵੇਂ ਕਿਤਨਾ ਵੀ ਵੱਡਾ ਆਦਮੀ ਕਿਉਂ ਨਾ ਹੋਵੇ ਅਤੇ ਬਾਰਸੂਖ ਹੋਵੇ, ਉਸ ਆਦਮੀ ਨੂੰ ਛੱਡਿਆ ਨਹੀਂ ਜਾਵੇਗਾ ਜਿਹੜਾ ਲੋਕਾਂ ਦੀ ਜ਼ਿੰਦਗੀ ਦੇ ਨਾਲ ਖੇਡਦਾ ਹੈ । ਚੇਅਰਮੈਨ ਸਾਹਿਬ, 1980 ਵਿਚ ਸ਼ੂਗਰ 3,040 ਕੁਇੰਟਲ ਜ਼ਬਤ ਕੀਤੀ। ਰਾਈਸ 242 ਕੁਇੰਟਲ ਜ਼ਬਤ ਕੀਤੀ । ਖੰਡਸਾਰੀ 318 ਕੁਇੰਟਲ ਜ਼ਬਤ ਕੀਤੀ । ਦਾਲਾਂ 201 ਕੁਇੰਟਲ, ਚਨੇ 28 ਕੁਇੰਟਲ, ਸੌਫਟ ਕੋਕ 158 ਕੁਇੰਟਲ ਔਰ ਰਾਈਸ ਬਰੇਨ 160 ਕੁਇੰਟਲ ਜ਼ਬਤ ਕੀਤੇ ਗਏ । 1981 ਵਿਚ ਸ਼ੂਗਰ 41 ਕੁਇੰਟਲ, ਰਾਈਸ 3614 ਕੁਇੰਟਲ ਜ਼ਬਤ ਕੀਤੇ ਅਤੇ । ਜਨਵਰੀ, 1982 ਤੋਂ 31 ਅਗਸਤ, 1982 ਤਕ ਸ਼ੂਗਰ 12 ਬੈਗਜ਼, ਰਾਈਸ 28 ਬੈਗਜ਼ ਜ਼ਬਤ ਕੀਤੇ ਗਏ । ਚੇਅਰਮਨ ਸਾਹਿਬ, ਸੋਡਾ ਐਸ਼, ਵੀਟ, ਕੋਲ, ਪੈਟਰੋਲ, ਆਇਲ ਅਤੇ ਕੈਰੋਸੀਨ ਆਦਿ ਸਾਰੀਆਂ ਚੀਜ਼ਾਂ ਤੇ ਛਾਪੇ ਮਾਰੇ ਗਏ । ਪੰਜਾਬ ਸਰਕਾਰ ਜਮ੍ਹਾਂ-ਖੋਰੀ ਅਤੇ ਲੁੱਟ ਖਸੁਟ ਨੂੰ ਬਰਦਾਸ਼ਤ ਨਹੀਂ ਕਰੇਗੀ । ਜਮ੍ਹਾਂ-ਖੋਰਾਂ ਅਤੇ ਬਲੈਕ ਮਾਰਕੀਟੀਆਂ ਨੂੰ ਜੇਲ੍ਹਾਂ ਅੰਦਰ ਭੇਜਿਆ ਗਿਆ ਹੈ । ਇਹ ਸਾਡੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਅਟੱਲ ਫੈਸਲਾ ਹੈ ਕਿ ਕਿਸੇ ਨੂੰ ਵੀ ਲੋਕਾਂ ਦੀ ਜ਼ਿੰਦਗੀ ਨਾਲ ਖੇਡਣ ਨਹੀਂ ਦਿੱਤਾ ਜਾਵੇਗਾ। (ਥੰਪਿੰਗ) ਚੇਅਰਮੈਨ ਸਾਹਿਬ, ਜਦੋਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਦੀ ਸਰਕਾਰ ਨੇ ਚਾਰਜ ਸੰਭਾਲਿਆ ਤਾਂ ਉਸ ਤੋਂ ਪਹਿਲਾਂ 7296 ਡਿਪੂ ਸਨ, ਜਦੋਂ ਕਿ ਅੱਜ ਕੱਲ 10,780 ਡਿਪੂ ਹਨ । 48% ਵੱਧ ਪੰਜਾਬ ਸਰਕਾਰ ਨੇ ਡਿਪੂ ਖੋਲ੍ਹੇ ਹਨ । ਇਨ੍ਹਾਂ ਡਿਪੂਆਂ ਵਿਚੋਂ 2,173 ਅਰਬਨ ਏਰੀਆ ਵਿਚ ਅਤੇ 8,607 ਰੂਰਲ ਏਰੀਆ ਵਿਚ ਹਨ । ਸਾਡੇ ਦੇਸ਼ ਦੀ 80% ਅਬਾਦੀ ਪਿੰਡਾਂ ਵਿਚ ਵਸਦੀ ਹੈ । ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਸਾਡੀ ਸਰਕਾਰ ਨੇ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਮੁਹੱਈਆ ਕਰਨੀਆਂ ਹਨ । ਉਸ ਲਈ ਚੇਅਰਮੈਨ ਸਾਹਿਬ, ਸਾਡੀ ਸਰਕਾਰ ਅਜਿਹਾ ਕਰਨ ਲਈ ਵਚਨ-ਬੱਧ ਹੈ । ਪ੍ਰਾਈਵੇਟ 2802 ਅਤੇ Co-operative Societies ਦੀਆਂ 3,048 ਦੁਕਾਨਾਂ ਹਨ । ਪੰਚਾਇਤਾਂ ਦੀਆਂ 9,930 ਦੁਕਾਨਾਂ ਹਨ, ਜਿਨ੍ਹਾਂ ਦਾ ਸਬੰਧ ਪਿੰਡਾਂ ਨਾਲ ਹੈ ।

Original with;
Punjab Vidhan Sabha
Digitized by;
Panjab Digital Library

ਇਥੇ ਇਕ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਪੰਚਾਇਤਾਂ ਨੂੰ ਡਿਪੂ ਜ਼ਿਆਦਾ ਦਿੱਤੇ ਜਾਣ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਪੰਚਾਇਤ ਰੈਜ਼ੋਲਿਊਸ਼ਨ ਕਰ ਦੇਵੇ ਤਾਂ ਉਥੇ ਡਿਪੂ ਦਿੱਤਾ ਜਾ ਸਕਦਾ ਹੈ ।

**ਕਾਮਰੇਡ ਕੁਲਵੰਤ ਸਿੰਘ** : ਆਨ ਏ ਪੁਆਇੰਟ ਆਫ ਆਰਡਰ । ਕਈ ਥਾਵਾਂ ਤੇ ਪੰਜ ਛੇ ਪਿੰਡਾਂ ਲਈ ਇੱਕ ਹੀ ਡਿਪੂ ਹੈ । ਮੈਂ ਬੇਨਤੀ ਕਰਦਾ ਹਾਂ ਕਿ ਹਰ ਪਿੰਡ ਵਿਚ ਡਿਪੂ ਖੋਲ੍ਹ ਦੇਣਾ ਚਾਹੀਦਾ ਹੈ ।

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ** ; ਇਨ੍ਹਾਂ ਨੇ ਬੜਾ ਸ਼ਾਨਦਾਰ ਸਵਾਲ ਕੀਤਾ ਹੈ । ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਵਿਚ ਸਿਰਫ 100 ਕਾਰਡ ਹੋਣਗੇ ਉਥੇ ਕਿਸੇ ਦੁਕਾਨਦਾਰ ਨੇ ਡਿਪੂ ਨਹੀਂ ਖੋਲ੍ਹਣਾ । ਜਿਸ ਪਿੰਡ ਵਿਚ 400 ਕਾਰਡ ਹੋਣ ਉਥੇ ਡਿਪੂ ਲਿਆ ਜਾ ਸਕਦਾ ਹੈ । ਜਿਥੇ 400 ਤੋਂ ਕਾਰਡ ਘੱਟ ਹੋਣਗੇ ਉਥੇ ਡਿਪੂ ਚਲ ਨਹੀਂ ਸਕੇਗਾ, ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ । ਇਥੇ ਕਿਹਾ ਗਿਆ ਸੀ ਕਿ ਡਿਪੂ ਖੁੱਲ੍ਹਣ ਵੇਲੇ ਅਸੀਂ ਲੋਕਾਂ ਦਾ ਖਿਆਲ ਨਹੀਂ ਰਖਦੇ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਡਸਟ੍ਰੀਅਲ ਏਰੀਆ ਵਾਸਤੇ ਜਿਥੇ ਕਿ ਆਮ ਤੌਰ ਤੇ ਲੇਬਰ ਕਲਾਸ ਹੁੰਦੀ ਹੈ ਉਨ੍ਹਾਂ ਵਾਸਤੇ ਅਸੀਂ 166 ਡਿਪੂ ਖੋਲ੍ਹੇ ਹਨ । ਸਾਡੇ ਸਟੂਡੈਂਟਸ ਜਿਨ੍ਹਾਂ ਤੇ ਸਾਡੇ ਦੇਸ਼ ਦੀਆਂ ਨਿਗਾਹਾਂ ਲਗੀਆਂ ਹੋਈਆਂ ਹਨ, ਇਨ੍ਹਾਂ ਦੇ ਆਰਾਮ ਵਾਸਤੇ ਸਟੂਡੈਂਟਸ ਹੋਸਟਲਾਂ ਵਿਚ 76 ਡਿਪੂ ਖੋਲ੍ਹੇ ਹਨ ਤਾਂਕਿ ਸਟੂਡੈਂਟਸ ਨੂੰ ਲੋੜੀਂਦਾ ਸਮਾਨ ਲੈਣ ਵਾਸਤੇ ਦੂਰ ਨਾ ਜਾਣਾ ਪਏ । ਪਨਸੱਪ ਦੇ 300 ਹੋਲਸੇਲ ਡਿਪੂਜ਼ ਹਨ, ਜਿਨ੍ਹਾਂ ਤੋਂ 10,780 ਡਿਪੂ ਸਾਮਾਨ ਲੈ ਕੇ ਅੱਗੋਂ ਲੋਕਾਂ ਨੂੰ ਡਿਸਟ੍ਰੀਬਿਊਟ ਕਰਦੇ ਹਨ । ਇਸ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਅਸੈਂਸ਼ਿਅਲ ਕਮੋਡਿਟੀਜ਼ ਐਕਟ ਨੂੰ 1982 ਤੋਂ ਲਾਗੂ ਕਰ ਦਿੱਤਾ ਹੈ । ਇਸ ਅਧੀਨ ਸਪੈਸ਼ਲ ਕੋਰਟਸ ਲਗਿਆ ਕਰਨਗੀਆਂ ਔਰ ਜੋ ਆਦਮੀ ਬਲੈਕ ਮਾਰਕਿਟ ਜਾਂ ਹੋਰਡਿੰਗ ਕਰਦੇ ਹਨ, ਉਨ੍ਹਾਂ ਨੂੰ ਇਸ ਐਕਟ ਅਧੀਨ ਪਕੜਿਆ ਜਾਇਆ ਕਰੇਗਾ ਔਰ ਇਨ੍ਹਾਂ ਦੀਆਂ ਬੇਲਜ਼ ਵੀ ਨਹੀਂ ਹੋਇਆ ਕਰਨਗੀਆਂ । ਸਾਡੀ ਸਰਕਾਰ ਦਾ ਇਹ ਫੈਸਲਾ ਹੈ ਕਿ ਇਥੇ ਕਿਸੇ ਨੂੰ ਨਾ ਬਲੈਕ ਮਾਰਕਿਟ ਕਰਨ ਦੇਣੀ ਹੈ ਔਰ ਨਾ ਹੀ ਕਿਸੇ ਨੂੰ ਹੋਰਡਿੰਗ ਕਰਨ ਦੇਣੀ ਹੈ ।

ਮੇਰੇ ਮੋਹਤਰਮ ਦੋਸਤ ਕਾਮਰੇਡ ਕੁਲਵੰਤ ਸਿੰਘ ਅਤੇ ਝਬਾਲ ਸਾਹਿਬ ਨੇ ਕਿਹਾ ਸੀ ਕਿ ਕਣਕ ਦੀ ਪ੍ਰਾਈਸ 142/- ਰੁਪਏ ਫੀ ਕੁਇੰਟਲ ਫਿਕਸ ਕੀਤੀ ਗਈ ਹੈ, ਜਦ ਕਿ ਇਸ ਦੀ ਇਸ਼ੂ ਪਰਾਈਸ 185/- ਕਰ ਦਿੱਤੀ ਗਈ ਹੈ । ਇਨ੍ਹਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਵੀ ਕਣਕ ਤੁਹਾਡੀ ਸਰਕਾਰ ਖਰੀਦਦੀ ਹੈ, ਉਹ ਸਾਰੀ ਸੈਂਟ੍ਰਲ ਪੂਲ ਵਾਸਤੇ ਦਿੱਤੀ ਜਾਂਦੀ ਹੈ । ਇਸ ਵਾਸਤੇ ਸਾਡੇ ਪੰਜਾਬ ਦੇ ਕਿਸਾਨ ਨੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ ਅਤੇ ਅਸੀਂ ਪੰਜਾਬ ਦੇ ਕਿਸਾਨ ਦੇ ਬੜੇ ਰਿਣੀ ਹਾਂ ਅਤੇ ਉਸ ਨੂੰ ਮੁਬਾਰਕ-ਬਾਦ ਦਿੰਦੇ ਹਾਂ ਕਿ ਕਣਕ ਦੀ ਪਰੋਡਿਊਸ ਅਤੇ ਝੋਨੇ ਦੀ ਪ੍ਰੋਡਿਊਸ ਵਿਚ ਉਸ ਨੇ ਚਾਰ ਚੰਨ ਲਗਾਏ ਹਨ । 142/— ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਅਸੀਂ ਉਹ ਕਣਕ ਖਰੀਦੀ ਹੈ ਜਿਹੜੀ ਕਣਕ ਮਾਰਕਿਟ ਵਿਚ ਵਿਕਦੀ ਨਹੀਂ ਸੀ ਕਿਉਂਕਿ ਉਸ ਕਣਕ ਦਾ ਰੰਗ ਬਦਲਿਆ ਸੀ, ਪਰ ਉਹ ਖਾਣ ਵਾਸਤੇ ਠੀਕ ਸੀ । ਇਸ ਕਰਕੇ ਕਿ ਸਾਡੇ ਫਾਰਮਰ ਨੂੰ ਨੁਕਸਾਨ ਨਾ ਹੋਵੇ ਔਰ ਉਸ ਦੇ ਨਾਲ ਲੇਬਰ ਨੂੰ ਨੁਕਸਾਨ ਨਾ ਹਵੇ ਅਸੀਂ ਇਹ ਸਾਰੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਦੀ ਸਾਰੀ ਕਣਕ 142/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਲਈ ਅਤੇ ਖਰੀਦ ਕੇ ਇਹ 48 ਲੱਖ ਟਨ ਕਣਕ ਸੈਂਟ੍ਰਲ ਪੂਲ ਵਿਚ ਦਿਤੀ ਹੈ । 5,000 ਟਨ ਕਣਕ ਸੈਂਟਰ ਹਰ ਮਹੀਨੇ ਪੰਜਾਬ ਸਰਕਾਰ ਨੂੰ ਦਿੰਦਾ ਹੈ । ਇਸ ਕਣਕ ਦੀ ਇਸ਼ੂ ਪਰਾਈਸ 160/- ਰੁਪਏ ਫੀ ਕੁਇੰਟਲ ਹੈ । ਇਸ ਤੇ ਅਸੀਂ ਟੈਕਸਿਜ਼ ਐਡ ਕਰਦੇ ਹਾਂ ਔਰ ਡਿਪੂ ਹੋਲਡਰ ਦਾ ਮਾਰਜਿਨ ਵੀ ਰਖਿਆ ਜਾਂਦਾ ਹੈ । ਆਟਾ ਲੋਕਾਂ ਨੂੰ 180/- ਰੁਪਏ ਫੀ ਕੁਇੰਟਲ ਪਏਗਾ । ਇਥੇ ਕਿਹਾ ਗਿਆ ਹੈ ਕਿ ਇਸ ਦੀ ਇਸ਼ੂ ਪ੍ਰਾਈਸ 185/- ਰੁਪਏ ਫੀ ਕੁਇੰਟਲ ਕੀਤੀ ਗਈ ਹੈ । ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਿਰਫ ਰੋਲਿੰਗ ਫਲੋਰ ਮਿਲਜ਼ ਨੂੰ 185/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਕਣਕ ਦਿੱਤੀ ਜਾਂਦੀ ਹੈ । ਇਸ ਤੋਂ ਆਟਾ 187/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਸਪਲਾਈ ਕਰਾਂਗੇ । ਇਸ ਤੋਂ ਆਟਾ ਤਾਂ ਮਹਿੰਗਾ ਪਏਗਾ ਪਰ ਇਸ ਵਿਚ ਕੋਈ 18/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਪਾਕੇ 187/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਆਟਾ ਸਪਲਾਈ ਹੋਵੇਗਾ । ਇਸ ਲਈ ਰੋਲਿੰਗ ਫਲੋਰ ਮਿਲਜ਼ ਨੂੰ ਜ਼ਰੂਰ 185/- ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਕਣਕ ਦਿੱਤੀ ਹੈ, ਪਰ ਇਸ ਦਾ ਰਾਸ਼ਨ ਡਿਸਟ੍ਰੀਬਿਊਟਿੰਗ ਸਿਸਟਮ ਤੇ ਕੋਈ ਅਸਰ ਨਹੀਂ ਪਏਗਾ ।

ਇਥੇ ਗੱਲ ਕੀਤੀ ਗਈ ਸੀ ਕਿ ਪਾਮ ਆਇਲ ਲੋਕ ਖਰੀਦਦੇ ਨਹੀਂ ਹਨ । ਪਾਮ ਆਇਲ ਖਾਣ ਦੇ ਕਾਬਲ ਹੈ ਪਰ ਲੋਕਾਂ ਵਿਚ ਪ੍ਰਚਾਰ ਆਮ ਹੈ ਕਿ ਇਹ ਪਾਮ ਆਇਲ ਖਾਣ ਦੇ ਲਾਇਕ ਨਹੀਂ ਹੈ । ਸਾਡੇ ਮਹਿਕਮੇ ਦੇ ਅਫ਼ਸਰ ਸਾਹਿਬਾਨ ਬੜੀ ਨੇਕ ਨੀਤੀ ਨਾਲ ਕੰਮ ਕਰ ਰਹੇ ਹਨ ਔਰ ਉਹ ਲੋਕਾਂ ਨੂੰ ਦਸਦੇ ਹਨ ਕਿ ਇਹ ਆਇਲ ਖਾਣ ਦੇ ਕਾਬਲ ਹੈ । ਉਹ ਲੋਕਾਂ ਨੂੰ ਦਸਦੇ ਹਨ ਕਿ ਜਦੋਂ ਹਲਵਾਈ ਪਾਮ ਆਇਲ ਨਾਲ ਮਿਠਾਈਆਂ ਵੇਚਦੇ ਹਨ, ਫਿਰ ਕੀ ਵਜ੍ਹਾ ਹੈ ਕਿ ਲੋਕ ਆਪਣੇ ਖਾਣ ਵਾਸਤੇ ਇਸ ਪਾਮ ਆਇਲ ਨੂੰ ਯੂਜ਼ ਨਹੀਂ ਕਰਦੇ ? ਜਿਸ ਕਰਮਚਾਰੀ ਨੇ ਵੀ ਇਸ ਵਿਚ ਹੇਰਾ ਫੇਰੀ ਕੀਤੀ, ਉਸ ਨੂੰ ਮੁਆਫ ਨਹੀਂ ਕੀਤਾ ਜਾਏਗਾ । ਅਸਿਸਟੈਂਟ ਫੂਡ ਸਪਲਾਈਜ਼ ਅਫਸਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ । ਜੋ ਗਲਤ ਕੰਮ ਕਰੇਗਾ, ਉਸ ਤੇ ਐਕਸ਼ਨ ਲਿਆ ਜਾਏਗਾ ।

ਇਸੇ ਤਰ੍ਹਾਂ ਹੀ ਤੁਹਾਡੀ ਸਰਕਾਰ ਨੇ 31-8-1982 ਤਕ ਲੋਕਾਂ ਨੂੰ 2,39,313 ਕੁਇੰਟਲ ਆਟਾ ਲੋਕਾਂ ਨੂੰ ਸਪਲਾਈ ਕੀਤਾ । ਸ਼ੂਗਰ 55,111 ਟਨ ਸਪਲਾਈ ਕੀਤੀ ਗਈ । ਚਾਵਲ 4,000 ਟਨ ਸਪਲਾਈ ਕੀਤਾ ਗਿਆ । ਪਾਮ ਆਇਲ 9,550 ਟਨ ਸਪਲਾਈ ਕੀਤਾ ਗਿਆ । ਇਹ ਚੀਜ਼ਾਂ ਡਿਪੂਆਂ ਰਾਹੀਂ ਲੋਕਾਂ ਨੂੰ ਸਸਤੇ ਭਾਅ ਤੇ ਦਿੱਤੀਆਂ ਗਈਆਂ ।

ਕੈਰੋਸੀਨ ਆਇਲ ਬਾਰੇ ਬੜੀ ਸ਼ਿਕਾਇਤ ਸੀ ਕਿ ਇਹ ਡੀਜ਼ਲ ਵਿਚ ਮਿਲਾ ਦਿੱਤਾ ਜਾਂਦਾ ਹੈ । ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਥੇ ਕੈਰੋਸੀਨ ਆਇਲ ਦਾ ਡਿਪੂ ਹੈ ਉਥੇ ਡੀਜ਼ਲ ਔਰ ਪੈਟ੍ਰੋਲ ਪੰਪ ਨਹੀਂ ਹੋਏਗਾ । ਜਿਥੇ ਵੀ ਪੈਟ੍ਰੋਲ ਔਰ ਡੀਜ਼ਲ ਦਾ ਪੰਪ ਹੈ, ਉਥੇ ਕੈਰੋਸੀਨ ਆਇਲ ਦਾ ਡਿਪੂ ਨਹੀਂ ਹੋਏਗਾ। (ਥੰਪਿੰਗ) ਲੋਕਾਂ ਨਾਲ ਖਿਲਵਾੜ ਕੀਤਾ ਜਾਂਦਾ ਸੀ । ਪੈਟ੍ਰੋਲ ਔਰ ਡੀਜ਼ਲ ਵਿਚ ਕੈਰੋਸੀਨ ਆਇਲ ਮਿਲਣ ਕਾਰਣ ਜ਼ਿਮੀਦਾਰਾਂ ਦੇ ਟਰੈਕਟਰ ਆਦਿ ਖਰਾਬ ਹੋ ਜਾਇਆ ਕਰਦੇ ਸਨ । ਇਸ ਵਾਸਤੇ ਇਹ ਸਟੈਪ ਲਿਆ ਗਿਆ ਹੈ ਅਤੇ ਕੈਰੋਸੀਨ ਆਇਲ ਦੇ ਡਿਪੂ ਪੈਟ੍ਰੋਲ ਅਤੇ ਡੀਜ਼ਲ ਪੰਪਾਂ ਤੋਂ ਅਲਹਿਦਾ ਕਰ ਦਿੱਤੇ ਗਏ ਹਨ ।

Original with;
Punjab Vidhan Sabha
Digitized by;
Panjab Digital Library

ਕੰਟ੍ਰੋਲ ਕਲਾਥ ਦੇ ਉਚੇ ਭਾਅ ਹਰੇ ਹਨ, ਇਸ ਬਾਰੇ ਅਸੀਂ ਰੀਵੀਊ ਕਰ ਰਹੇ ਹਾਂ। ਸੈਂਟ੍ਰਲ ਗੌਰਮਿੰਟ ਨਾਲ ਕੇਸ ਟੇਕ ਅੱਪ ਕੀਤਾ ਹੋਇਆ ਹੈ। ਇਨ੍ਹਾਂ ਦਿਨਾਂ ਵਿਚ 25,34,169 ਗੱਠਾਂ ਕੰਟ੍ਰੋਲ ਕਲਾਥ ਦੀਆਂ ਲੋਕਾਂ ਨੂੰ ਸਪਲਾਈ ਕੀਤੀਆਂ ਹਨ। ਜਿਹੜੇ ਲੋਕ ਗਰੀਬੀ ਦੀ ਪਧਰ ਤੋਂ ਹੇਠਾਂ ਹਨ, ਉਨ੍ਹਾਂ ਲੋਕਾਂ ਦੀ ਸ਼ਿਨਾਖਤ ਕਰ ਲਈ ਗਈ ਹੈ ਔਰ ਇਸ ਸਬੰਧੀ ਜਿਨ੍ਹਾਂ ਨੂੰ ਪੀਲੇ ਕਾਰਡ ਜਾਰੀ ਕੀਤੇ ਗਏ ਹਨ, ਉਨ੍ਹਾਂ ਲੋਕਾਂ ਦੀ ਗਿਣਤੀ 45 ਲੱਖ ਹੈ। ਇਸ ਤੋਂ ਇਲਾਵਾ ਦਾਲਾਂ, ਸੂਗਰ, ਪਾਮ ਆਇਲ ਆਦਿ ਪਨਸਪ ਰਾਹੀਂ ਡਿਸਟ੍ਰੀਬਿਊਟ ਕਰ ਰਹੇ ਹਾਂ। 4,85,331 ਕੁਇੰਟਲ ਕਣਕ ਸਪਲਾਈ ਕੀਤੀ ਹੈ ਅਤੇ ਦਾਲਾਂ 33,236 ਕੁਇੰਟਲ ਦਿੱਤੀਆਂ ਹਨ। 74,797 ਕੁਇੰਟਲ ਪਾਮ ਆਇਲ ਇਕ ਰੁਪਿਆ ਘੱਟ ਰੇਟ ਲੈ ਕੇ ਤਕਸੀਮ ਕੀਤਾ ਜਾ ਰਿਹਾ ਹੈ। ਇਹ ਵੀ ਫੈਸਲ ਕੀਤਾ ਜਾ ਰਿਹਾ ਹੈ ਕਿ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਰਾਮ ਮਿਲ ਸਕੇ, ਸਹੂਲਤਾਂ ਮਿਲ ਸਕਣ। ਜਿਵੇਂ ਸ੍ਰੀ ਸੋਹਣ ਸਿੰਘ ਜੀ ਨੇ ਪੀਲੇ ਕਾਰਡਾਂ ਦੇ ਬਾਬਤ ਕਿਹਾ ਹੈ, ਇਸ ਸਬੰਧੀ ਸਰਕਾਰ ਨੇ ਪ੍ਰਬੰਧ ਕੀਤੇ ਹਨ ਕਿ ਜਿਨ੍ਹਾਂ ਦੇ ਕਾਰਡ ਨਹੀਂ ਬਣੇ ਉਹਨਾਂ ਨੂੰ ਨਵੇਂ ਬਣਾ ਕੇ ਦਿੱਤੇ ਜਾਣ ਅਤੇ ਜਿਨ੍ਹਾਂ ਦੇ ਗਲਤ ਬਣੇ ਹਨ, ਉਨ੍ਹਾਂ ਦੇ ਮਨਸੂਖ ਕੀਤੇ ਜਾਣ। ਸਰਕਾਰ ਲੋਕਾਂ ਦੀ ਮਦਦ ਕਰਨ ਵਾਸਤੇ ਹਰ ਵੇਲੇ ਤਿਆਰ ਰਹਿੰਦੀ ਹੈ। ਹੁਣ ਤੱਕ ਇਹ ਪੀਲੇ ਕਾਰਡ 12 ਲੱਖ ਦੀ ਗਿਣਤੀ ਤੱਕ ਬਣ ਚੁਕੇ ਹਨ। ਇਨ੍ਹਾਂ ਨੇ ਜਿਵੇਂ ਡੀਜ਼ਲ ਦੀ ਗੱਲ ਦੱਸੀ। ਡੀਜ਼ਲ ਦੇ ਮੁਤੱਲਕ ਮੈਂ ਬੇਨਤੀ ਕਰਾਂਗਾ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਜੂਨ, 1981 ਵਿੱਚ 60,000 ਕਿਲੋ ਲਿਟਰ ਦੀ ਬਜਾਏ ਜੂਨ, 1982 ਵਿਚ 71,000 ਕਿਲੋ ਲਿਟਰ ਸਪਲਾਈ ਕੀਤਾ ਅਤੇ ਜੁਲਾਈ 1981, ਵਿੱਚ 65,875 ਕਿਲੋ ਲਿਟਰ ਦੀ ਬਜਾਏ ਜੁਲਾਈ, 1982 ਵਿਚ 95,000 ਕਿਲੋ ਲਿਟਰ ਜ਼ਿਮੀਦਾਰਾਂ ਨੂੰ ਸਪਲਾਈ ਕੀਤਾ ਤਾਂਕਿ ਉਹਨਾਂ ਦੀ ਕੋਈ ਸ਼ਿਕਾਇਤ ਨਾ ਰਹੇ। ਫਿਰ ਇਸ ਸਬੰਧੀ ਸੈਂਟਰ ਨਾਲ ਵੀ ਗੱਲਬਾਤ ਕੀਤੀ ਗਈ। ਇਕ ਵਾਰ ਡੀਜ਼ਲ ਦੀ ਥੁੜ੍ਹ ਕਾਰਨ ਜਦੋਂ ਜ਼ਿਮੀਂਦਾਰਾਂ ਵਿੱਚ ਰੌਲਾ ਜਿਹਾ ਪੈ ਗਿਆ ਸੀ ਤਾਂ ਅਸੀਂ ਖੁਦ ਸਥਿਤੀ ਦੀ ਗੰਭੀਰਤਾ ਨੂੰ ਵਿਚਾਰਦੇ ਹੋਏ ਇਸ ਲਈ ਯੋਗ ਕਦਮ ਚੁੱਕੇ ਸਨ। ਅਸੀਂ ਜ਼ਿਮੀਦਾਰਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਅਤੇ ਨਾ ਹੀ ਅੱਗੇ ਨੂੰ ਹੋਣ ਦੇਣਾ ਹੈ, ਇਹ ਤੁਹਾਡੀ ਸਰਕਾਰ ਦਾ ਫੈਸਲਾ ਹੈ। ਚੇਅਰਮੈਨ ਸਾਹਿਬ, ਪਾਮ ਆਇਲ ਬਾਰੇ ਵੀ ਅਸੀਂ ਸੈਂਟਰ ਗੌਰਮਿੰਟ ਨੂੰ ਲਿਖਿਆ ਹੈ। ਪਿਛਲੇ ਮਹੀਨਿਆਂ ਵਿਚ 1400 ਮੀਟਰਿਕ ਟਨ ਦੀ ਬਜਾਏ ਹੁਣ 2200 ਮੀਟਰਿਕ ਟਨ ਪ੍ਰਤੀ ਮਹੀਨਾ ਸਪਲਾਈ ਕੀਤਾ ਗਿਆ ਹੈ। ਸੂਗਰ ਵੀ ਪਿਛਲੇ ਦਿਨਾਂ ਵਿੱਚ ਅਸੀਂ 6,564 ਮੀਟਰਿਕ ਟਨ ਦੀ ਬਜਾਏ 7,085 ਮੀਟਰਿਕ ਟਨ ਸਪਲਾਈ ਕਰਾਉਣ ਵਿੱਚ ਕਾਮਯਾਬ ਹੋ ਗਏ ਹਾਂ। ਹੁਣ ਸੂਗਰ ਖੁਲ੍ਹੀ ਮਾਰਕਿਟ ਵਿੱਚ ਵੀ 4-5 ਰੁਪਏ ਕਿਲੋ ਤੋਂ ਵੱਧ ਨਹੀਂ ਵਿਕਦੀ। ਮੇਰੇ ਕੁਝ ਦੋਸਤ ਗੰਨੇ ਦੀਆਂ ਕੀਮਤਾਂ ਬਾਰੇ ਵੀ ਰੌਲਾ ਪਾਉਂਦੇ ਸਨ। ਪਹਿਲਾਂ ਗੰਨੇ ਦਾ ਮੁੱਲ 13-15 ਰੁਪਏ ਕੁਇੰਟਲ ਹੀ ਹੁੰਦਾ ਸੀ, ਜਦੋਂ ਕਿ ਹੁਣ ਇਸ ਦਾ ਮੁੱਲ ਵਧਾ ਕੇ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵਲੋਂ 25-30 ਰੁਪਏ ਕੁਇੰਟਲ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਕਰਕੇ ਅਸੀਂ ਜ਼ਿਮੀਦਾਰਾਂ ਨੂੰ ਪ੍ਰਾਫਿਟ ਦਿੱਤਾ ਹੈ। ਸਾਡੀ ਇਹ ਕੋਸ਼ਿਸ਼ ਹੈ ਕਿ ਫਾਰਮਰ ਦੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਜਿੰਨੀ ਵੀ ਪਰੋਡਿਊਸ ਹੈ, ਉਸ ਦਾ ਵੱਧ ਤੋਂ ਵੱਧ ਮੁੱਲ ਦੇ ਸਕੀਏ ਤਾਕਿ ਉਹ ਆਪਣੇ ਪੈਰਾਂ ਤੇ ਖੜਾ ਹੋ ਸਕੇ । ਉਸ ਨੂੰ ਵੀ ਅਹਿਸਾਸ ਹੋ ਸਕੇ ਕਿ ਉਹ ਵੀ ਆਜ਼ਾਦ ਦੇਸ਼ ਵਿੱਚ ਰਹਿ ਕੇ ਆਪਣੀ ਖੁਸ਼ੀ ਮਾਣ ਸਕਦਾ ਹੈ । ਪੰਜਾਬ ਸਰਕਾਰ ਵਚਨ ਬੱਧ ਹੈ ਕਿ 20 ਨੁਕਾਤੀ ਪ੍ਰੋਗਰਾਮ ਨੂੰ ਜਿਹੜਾ ਸ਼੍ਰੀਮਤੀ ਇੰਦਰਾ ਗਾਂਧੀ, ਸਾਡੀ ਪ੍ਰਾਈਮ ਮਨਿਸਟਰ ਨੇ ਸ਼ੁਰੂ ਕੀਤਾ ਹੈ, ਉਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰੇ । ਸਾਡੀ ਸਰਕਾਰ ਦਾ ਪੂਰਾ ਧਿਆਨ ਹੈ ਕਿ ਰੂਰਲ ਡਿਵੈਲਪਮੈਂਟ ਨੂੰ ਕਾਮਯਾਬ ਬਣਾਵੇ । ਸਰਕਾਰ ਨੇ ਕਰੋੜਾਂ ਰੁਪਿਆ ਇਸ ਪ੍ਰੋਗਰਾਮ ਤੇ ਖਰਚ ਕਰਨ ਦਾ ਤਹੱਈਆ ਕੀਤਾ ਹੈ ਤਾਕਿ ਇਸ ਨੂੰ ਕਾਮਯਾਬ ਬਣਾਇਆ ਜਾ ਸਕੇ ਅਤੇ ਇਸ ਨੂੰ ਪੂਰਾ ਕਰਨ ਵਿਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ ਅਤੇ ਕੋਈ ਵੀ ਮੰਗ ਬਕਾਇਆ ਨਹੀਂ ਰਹੇਗੀ । ਇੱਟਾਂ ਦੀ ਬਾਬਤ ਮੇਰੇ ਦੋਸਤਾਂ ਨੇ ਗੱਲ ਕੀਤੀ ਹੈ । ਲੇਕਿਨ ਤੁਸੀਂ ਧਿਆਨ ਨਹੀਂ ਦਿੱਤਾ ਕਿ ਪੰਜਾਬ ਵਿੱਚ ਕਿੰਨੀ ਡਿਵੈਲਪਮੈਂਟ ਹੋ ਰਹੀਂ ਹੈ । ਪਿਛਲੇ 2 ਸਾਲਾਂ ਵਿੱਚ 20 ਕਰੋੜ ਰੁਪਿਆ 3,400 ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਤੇ ਲੱਗਿਆ ਹੈ ਤਾਂ ਫਿਰ ਤੁਸੀਂ ਦੱਸੋ ਕਿ ਇਹ ਇੱਟਾਂ ਹੀ ਲੱਗੀਆਂ ਹੋਣਗੀਆਂ ਇਨ੍ਹਾਂ ਨਾਲੀਆਂ ਅਤੇ ਗਲੀਆਂ ਨੂੰ ਪੱਕਿਆਂ ਕਰਨ ਵਿੱਚ ਜਾਂ ਕੁਝ ਹੋਰ ਲੱਗਿਆ ਹੈ । ਸਰਕਾਰ ਭੱਠੇ ਵਾਲਿਆਂ ਨੂੰ ਸਪੌਂਸਰਡ ਕੋਲ ਜਿਹੜਾ ਕੰਟਰੋਲ ਰੇਟ ਤੇ ਹੁੰਦਾ ਹੈ, ਅਲਾਟ ਨਹੀਂ ਕਰ ਸਕੀ ਚੂੰਕਿ ਹੁਣ ਕੋਲਾ ਆ ਹੀ ਨਹੀਂ ਰਿਹਾ । ਇਸ ਵਕਤ ਭੱਠਿਆਂ ਵਾਲੇ ਖੁਦ ਨੌਨ-ਸਪੌਂਸਰਡ ਕੋਲ ਖਰੀਦਦੇ ਹਨ ਅਤੇ ਯੂਜ਼ ਕਰਦੇ ਹਨ । ਅਸੀਂ ਫੈਸਲਾ ਕਰ ਲਿਆ ਹੈ ਕਿ ਅਸੀਂ ਭੱਠੇ ਵਾਲਿਆਂ ਨੂੰ ਕੋਲਾ ਪਨਸਪ ਦੇ ਥਰੂ ਕੰਟਰੋਲ ਰੇਟ ਤੇ ਸਪਲਾਈ ਕਰਾਂਗੇ ਤਾਕਿ ਭੱਠੇ ਵਾਲੇ ਇੱਟਾਂ ਦਾ ਨਾਜਾਇਜ਼ ਰੇਟ ਨਾ ਲਾ ਲੈਣ ਅਤੇ ਇਨ੍ਹਾਂ ਦੀਆਂ ਕੀਮਤਾਂ ਨਾ ਵਧਾਈਆਂ ਜਾ ਸਕਣ । 147 ਰੁਪਏ ਪ੍ਰਤੀ ਹਜ਼ਾਰ ਕੰਟਰੋਲ ਰੇਟ ਇੱਟਾਂ ਦਾ ਹੈ। ਲੇਬਰ ਦੀ ਮਜ਼ਦੂਰੀ ਪਹਿਲਾਂ 6 ਰੁਪਏ ਦਿਹਾੜੀ ਹੁੰਦੀ ਸੀ ਲੇਕਿਨ ਹੁਣ ਵਧਾ ਕੇ 14 ਰੁਪਏ ਦਿਹਾੜੀ ਕਰ ਦਿੱਤੀ ਗਈ ਹੈ । ਲੇਬਰ ਦੀ ਕੀਮਤ ਵਧਣ ਨਾਲ ਕੁਦਰਤੀ ਤੌਰ ਤੇ ਹਰ ਚੀਜ਼ ਦਾ ਭਾਅ ਵਧਣਾ ਹੈ । ਜੇ ਅਸੀਂ ਡਿਪੂ ਹੋਲਡਰ ਨੂੰ ਵੀ ਸਹੀ ਕੀਮਤ ਨਾ ਦੇਵਾਂਗੇ ਤਾਂ ਉਹ ਹੇਰਾਫੇਰੀ ਕਰੇਗਾ । ਕਿਉਂਕਿ ਜੋ ਕੋਈ ਵੀ ਚੀਜ਼ ਪੈਦਾ ਹੁੰਦੀ ਹੈ ਉਸ ਨੂੰ ਵੇਚਣ ਵਾਲੇ ਦਾ ਕੁਦਰਤੀ ਤੌਰ ਤੇ ਮੁਨਾਫਾ ਜ਼ਰੂਰ ਰਖਣਾ ਪੈਂਦਾ ਹੈ । ਫਿਰ ਵੀ ਭੱਠਿਆਂ ਵਾਲਿਆਂ ਨੂੰ ਅਸੀਂ ਮਨਮਾਨੀ ਨਹੀਂ ਕਰਨ ਦਿਆਂਗੇ । ਭੱਠੇ ਵਾਲਿਆਂ ਦੀ ਇਕ ਮੀਟਿੰਗ ਬੁਲਾ ਕੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਕੇ ਕੀਮਤਾਂ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਕੀਮਤਾਂ ਦੀ ਵਸੂਲੀ ਵਿੱਚ ਮਨਮਾਨੀ ਨਾ ਕਰ ਸਕਣ । ਸਰਕਾਰ ਕੰਟਰੋਲ ਰੇਟ ਤੇ ਇੱਟਾਂ ਦਿਵਾਉਣ ਦਾ ਪੂਰਾ ਪੂਰਾ ਯਤਨ ਕਰੇਗੀ । ਦੁੱਧ ਦੇ ਬਾਬਤ ਮਾਸਟਰ ਦਲੀਪ ਚੰਦ ਨੇ ਕਿਹਾ ਹੈ । ਇਹ ਠੀਕ ਹੈ ਕਿ ਸਾਡੇ ਦੋਧੀ ਕੁਝ ਸ਼ਰਾਰਤਾਂ ਕਰਦੇ ਹਨ ਲੇਕਿਨ ਸਾਡੇ ਹੈਲਥ ਡਿਪਾਰਟਮੈਂਟ ਵਾਲੇ ਉਹਨਾਂ ਦੇ ਸੈਂਪਲ ਭਰਦੇ ਹਨ । ਮੈਂ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਦੁੱਧ ਜਿਹੜਾ ਸਿਹਤ ਲਈ ਬੜਾ ਜ਼ਰੂਰੀ ਹੈ, ਖਰਾਬ ਨਾ ਆਵੇ। ਇਸ ਵਲ ਸਰਕਾਰ ਪੂਰਾ ਪੂਰਾ ਧਿਆਨ ਦੇ ਰਹੀ ਹੈ । ਡਿਸਟ੍ਰੀਬਿਊਸ਼ਨ ਆਫ ਕਲਾਥ ਬਾਰੇ ਬਾਲੀ ਜੀ ਨੇ ਕਿਹਾ ਸੀ । ਅਸੀਂ ਇਸ ਬਾਰੇ ਸੈਂਟਰ ਗੌਰਮਿੰਟ ਨਾਲ ਗੱਲ ਕਰ ਰਹੇ ਹਾਂ ਅਤੇ ਇਸ ਵੱਲ ਪੂਰਾ ਪੂਰਾ ਧਿਆਨ ਦਿਤਾ ਜਾ ਰਿਹਾ ਹੈ । ਬਾਲੀ ਜੀ ਨੇ ਮਿਲਾਵਟ ਬਾਰੇ ਵੀ ਗੱਲ ਕੀਤੀ ਸੀ । ਬਾਲੀ ਸਾਹਿਬ, ਪਿਛਲੇ ਸਾਲ ਵੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ

Original with;
Punjab Vidhan Sabha
Digitized by;
Panjab Digital Library

ਬਿਨਾ ਕਿਸੇ ਗੱਲ ਦੇ ਕਿਸੇ ਨੂੰ ਹਰਾਸ ਨਾ ਕੀਤਾ ਜਾਵੇ । ਵੈਸੇ ਵੀ ਛੋਟੇ ਦੁਕਾਨਦਾਰ ਨੂੰ ਬਿਲਕੁਲ ਤਗ ਨਹੀਂ ਕੀਤਾ ਜਾਂਦਾ । ਹਾਂ, ਅਸੀਂ ਉਹਨਾਂ ਤੋਂ ਵੀ ਸੈਂਪਲ ਭਰਵਾਉਂਦੇ ਹਾਂ ਜੋ ਮੈਨੂਫੈਕਚਰਰ ਹੈ । ਜੇ ਕੋਈ ਪਰਟੀਕੂਲਰ ਕੇਸ ਤੁਹਾਡੇ ਧਿਆਨ ਵਿਚ ਹੈ ਤਾਂ ਦੱਸ ਦਿਓ, ਉਸ ਤੇ ਪੂਰਾ ਗੌਰ ਕੀਤਾ ਜਾਵੇਗਾ ।

ਮੈਂ ਅੰਤ ਵਿਚ ਫੇਰ ਸਾਰੇ ਸਾਥੀਆਂ ਤੇ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਆਪਣੇ ਆਪਣੇ ਸੁਝਾਓ ਅਤੇ ਤਜਵੀਜ਼ਾਂ ਰਖੀਆਂ ਹਨ, ਉਹਨਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਰਕਾਰ ਇਸ ਗੱਲ ਤੇ ਵਚਨ-ਬੱਧ ਹੈ ਕਿ ਇਸ ਮਹਿੰਗਾਈ ਨੂੰ ਨੱਥ ਪਾ ਸਕੇ । ਜਦੋਂ ਤੁਸੀਂ ਕਹਿੰਦੇ ਹੋ ਕਿ ਕਣਕ ਦੀਆਂ ਕੀਮਤਾਂ ਵਧਾਓ ਅਤੇ ਝੋਨੇ ਦੀਆਂ ਕੀਮਤਾਂ ਵਧਾਓ, ਤਾਂ ਕੁਦਰਤੀ ਗੱਲ ਹੈ ਕਿ ਇਸ ਗੱਲ ਦਾ ਮਹਿੰਗਾਈ ਤੇ ਵੀ ਪੂਰਾ ਅਸਰ ਪਵੇਗਾ । ਫਿਰ ਵੀ ਸਰਕਾਰ ਲੋਕਾਂ ਨੂੰ ਜ਼ਰੂਰੀ ਵਸਤਾਂ ਪੂਰੇ-ਪੂਰੇ ਦਾਮਾਂ ਤੇ ਦਿਵਾਉਣ ਲਈ ਵਚਨ-ਬੱਧ ਹੈ । ਇਸ ਲਈ ਪੂਰਾ ਪੂਰਾ ਯਤਨ ਕੀਤਾ ਜਾ ਰਿਹਾ ਹੈ । ਅੰਤ ਵਿੱਚ ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ ਬਹੁਤ ਰਿਣੀ ਹਾਂ ਔਰ ਬੇਨਤੀ ਕਰਾਂਗਾ ਕਿ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇ ।

**ਪ੍ਰੋਫੈਸਰ ਬਲਵੰਤ ਸਿੰਘ** : ਪੁਆਇਟ ਆਫ ਇਨਫਰਮੇਸ਼ਨ ਪਲੀਜ਼ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਸਸ਼ਪੱਟੀਕਰਨ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਫੁਰਮਾਇਆ ਹੈ ਕਿ ਵੈਸੇ ਤਾਂ ਸਾਲ 1980-81 ਅਤੇ 1982 ਵਿੱਚ ਇਨ੍ਹਾਂ ਨੇ ਕਈ ਰੇਡਜ਼ ਕਰਵਾਏ ਹਨ, ਕਈ ਛਾਪੇ ਮਾਰੇ ਗਏ । ਸਾਲ 1981 ਵਿੱਚ 5,257 ਰੇਡਜ਼ ਮਾਰੇ ਗਏ ਅਤੇ 105 ਕੇਸ ਰਜਿਸਟਰ ਕੀਤੇ ਗਏ ਅਤੇ 72 ਅਰੈਸਟ ਕੀਤੇ ਗਏ । ਕੀ ਇਹ ਕ੍ਰਿਪਾ ਕਰਕੇ ਦੱਸਣਗੇ ਕਿ ਕਿਨੇ ਕੈਦ ਹੋਏ ? ਦੂਜੀ ਗੱਲ ਮੈਂ ਇਹ ਪੁੱਛਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਕ ਕੁਇੰਟਲ ਕਣਕ 142/- ਰੁਪਏ ਦੀ ਖਰੀਦੀ ਗਈ ਹੈ ਪਰ ਉਹ ਬਾਣੀਏ ਦੀ ਦੁਕਾਨ ਤੇ ਪਹੁੰਚ ਕੇ 160/- ਰੁਪਏ ਕੁਇੰਟਲ ਹੋ ਜਾਂਦੀ ਹੈ । ਬੋਰੀ ਦਾ ਰੇਟ 6/- ਰੁਪਏ ਪ੍ਰਤੀ ਬੋਰੀ ਹੈ । ਜੇਕਰ ਉਹ 2 ਸਾਲ ਵੀ ਚਲੇ ਤਾਂ 3/- ਰੁਪਏ ਇਕ ਸਾਲ ਦੇ ਹੋ ਜਾਂਦੇ ਹਨ । ਗੱਲ ਤਾਂ ਫਿਰ ਉਥੇ ਹੀ ਆ ਗਈ । ਕੀ ਤੁਸੀਂ ਦੱਸੋਗੇ ਕਿ ਸਰਕਾਰ ਦਾ ਕਣਕ ਰੱਖਣ ਉਤੇ ਕਿੰਨਾ ਖਰਚ ਆਉਂਦਾ ਹੈ ?

**ਕਾਮਰੇਡ ਕੁਲਵੰਤ ਸਿੰਘ** ; ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਡਿਪੂਆਂ ਉਤੇ ਨਿਗਰਾਨ ਕਮੇਟੀਆਂ ਬਣਾਉਣ ਬਾਰੇ ਗੱਲ ਕਲੀਅਰ ਨਹੀਂ ਕੀਤੀ । ਦੂਸਰਾ ਮੈਂ ਇਹ ਪੁੱਛਣਾ ਚਾਹੁਦਾ ਹਾਂ ਕਿ ਪਿਛਲੀ ਵਾਰ ਆਟੇ ਦਾ ਕੰਟਰੋਲ ਰੇਟ 155/- ਰੁਪਏ ਸੀ, ਪਰ ਹੁਣ ਇਹ 185/- ਰੁਪਏ ਨੂੰ ਮਿਲਦਾ ਹੈ । ਇਸ ਦਾ ਕੀ ਕਾਰਨ ਹੈ ? ਕੀ ਇਹ 165/- ਰੁਪਏ ਦੇ ਹਿਸਾਬ ਨਾਲ ਦਿਵਾਉਣਗੇ ?

**ਸਰਦਾਰ ਕਰਮ ਸਿੰਘ ਗਿੱਲ** : ਇਹ ਜਿਹੜਾ ਸਪਾਂਸਰਡ ਕੋਲ ਭੱਠਿਆਂ ਵਾਲਿਆਂ ਨੂੰ ਦਿਤਾ ਜਾਣਾ ਹੈ ਉਸ ਮੁਤਾਬਿਕ ਇੱਟਾਂ ਕਿਸ ਭਾਅ ਤੇ ਪਬਲਿਕ ਨੂੰ ਦਿਤੀਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸਰਵਣ ਸਿੰਘ ਚੀਮਾ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਸੀਮਿੰਟ ਬਾਰੇ ਜ਼ਿਕਰ ਨਹੀਂ ਕੀਤਾ। ਸੀਮਿੰਟ ਦਾ ਬੋਰਾ 81 ਰੁਪਏ ਤੋਂ 85 ਰੁਪਏ ਤਕ ਮਿਲ ਰਿਹਾ ਹੈ। ਇਸ ਨੂੰ ਸਸਤੇ ਰੇਟ ਤੇ ਲੋਕਾਂ ਨੂੰ ਦੇਣ ਦਾ ਇਹ ਕੀ ਪ੍ਰਬੰਧ ਕਰ ਰਹੇ ਹਨ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੱਟਾਂ ਦੇ ਬਾਰੇ ਜਿਹੜਾ ਇਨ੍ਹਾਂ ਨੇ ਜਵਾਬ ਦਿਤਾ ਹੈ ਉਸ ਤੋਂ ਖਦਸ਼ਾ ਜ਼ਾਹਿਰ ਹੁੰਦਾ ਹੈ। ਕੁਝ ਭਠਿਆਂ ਵਾਲੇ ਕੋਲਾ ਬਲੈਕ ਵਿਚ ਲੈ ਰਹੇ ਹਨ ਅਤੇ ਇੱਟਾਂ ਬਲੈਕ ਵਿਚ ਵੇਚ ਰਹੇ ਹਨ। ਉਸ ਉਤੇ ਇਹ ਕਿੰਨੀ ਦੇਰ ਤਕ ਕੰਟਰੋਲ ਕਰਨਗੇ ਤਾਂਕਿ ਲੋਕਾਂ ਨੂੰ ਇਹ ਸਸਤੀਆਂ ਮਿਲ ਸਕਣ ?

**ਪੰਡਿਤ ਸਰਵਣ ਰਾਮ** : ਪੰਜਾਬ ਵਿਚ ਸਰਕਾਰ ਨੇ ਜ਼ਿਮੀਦਾਰਾਂ ਦੀ ਜਿਣਸ ਦਾ ਭਾਅ ਮੁਕੱਰਰ ਕੀਤਾ ਹੋਇਆ ਹੈ। ਜਿਹੜੇ ਭੱਠੇ ਵਾਲੇ ਹਨ ਉਨ੍ਹਾਂ ਨੂੰ ਕੋਲਾ ਨਹੀਂ ਮਿਲਦਾ ਅਤੇ ਉਹ ਲਕੜੀ ਲੈ ਕੇ ਇੱਟਾਂ ਪਕਾਉਂਦੇ ਹਨ। ਜੇ ਸਰਕਾਰ ਉਨ੍ਹਾਂ ਨੂੰ ਲੱਕੜੀ ਦੇ ਸਕਦੀ ਹੈ ਤਾਂ ਕੀ ਇਹ ਇੱਟਾਂ ਦਾ ਰੇਟ ਮੁਕੱਰਰ ਨਹੀਂ ਕਰ ਸਕਦੀ ? ਜਿਸ ਤਰ੍ਹਾਂ ਜ਼ਿਮੀਂਦਾਰ ਦੀ ਜਿਣਸ ਦੇ ਭਾਅ ਮੁਕੱਰਰ ਕੀਤੇ ਹੋਏ ਹਨ, ਕੀ ਸਰਕਾਰ ਉਸੇ ਤਰ੍ਹਾਂ ਇੱਟਾਂ ਦੇ ਭਾਅ ਮੁਕੱਰਰ ਕਰੇਗੀ ਅਤੇ ਅਜਿਹਾ ਨਾ ਕਰਨ ਵਿਚ ਕੀ ਹਿੱਚ ਹੈ ?

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਸੀਮਿੰਟ ਬਾਰੇ ਪਿਛਲੇ ਢਾਈ ਤਿੰਨ ਮਹੀਨਿਆਂ ਤੋਂ ਹਾਹਾਕਾਰ ਮਚੀ ਹੋਈ ਹੈ। ਪਹਿਲਾਂ ਇਹ ਸੀ ਕਿ ਛੋਟੇ ਸ਼ਹਿਰ ਦਾ ਇਕ ਛੋਟਾ ਸਬ-ਡੀਲਰ ਵੱਡੇ ਸ਼ਹਿਰ ਦੇ ਵੱਡੇ ਡੀਲਰ ਕੋਲੋਂ ਮਾਲ ਲੈਂਦਾ ਸੀ। ਵੱਡਾ ਡੀਲਰ ਰੈਕ ਦਾ ਰੈਕ ਖਰੀਦਦਾ ਸੀ ਅਤੇ ਛੋਟਾ ਡੀਲਰ ਉਸ ਤੋਂ ਮਾਲ ਲੈਂਦਾ ਸੀ। ਵੱਡਾ ਡੀਲਰ ਛੋਟੇ ਡੀਲਰਾਂ ਕੋਲੋਂ ਪੈਸੇ ਜਮ੍ਹਾਂ ਕਰਵਾ ਕੇ ਰੈਕ ਦਾ ਰੈਕ ਲਿਆ ਕੇ ਉਨ੍ਹਾਂ ਨੂੰ ਵੇਚ ਦਿੰਦਾ ਸੀ। ਇਨਕੁਆਇਰੀ ਕਰਨ ਤੇ ਪਤਾ ਲਗਾ ਕਿ ਪਿਛਲੇ ਦੋ ਢਾਈ ਮਹੀਨਿਆਂ ਤੋਂ ਸਰਕਾਰ ਨੇ ਜਿਹੜਾ ਸਬ-ਡੀਲਰ ਸੀ, ਉਸ ਨੂੰ ਬੰਦ ਕਰ ਦਿਤਾ ਹੈ। ਵੱਡਾ ਡੀਲਰ ਸੀਮਿੰਟ ਮੰਗਵਾ ਨਹੀਂ ਰਿਹਾ, ਜਿਸ ਕਰਕੇ ਸੀਮਿੰਟ ਆ ਨਹੀਂ ਰਿਹਾ। ਇਸ ਬਾਰੇ ਵਜ਼ੀਰ ਸਾਹਿਬ ਕਲੈਰੀਫਾਈ ਕਰਨ। ਛੋਟੇ ਡੀਲਰ ਵਿਚੋਂ ਹਟਾ ਦਿਤੇ ਹਨ ਜਿਸ ਕਰਕੇ ਸੀਮਿੰਟ ਬੰਦ ਹੋ ਗਿਆ। ਕੀ ਇਸ ਬਾਰੇ ਵਜ਼ੀਰ ਸਾਹਿਬ ਕਲੀਅਰ ਕਰਨਗੇ ?

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ** (ਸ੍ਰੀ ਭਗਵਾਨ ਦਾਸ) : ਇਥੇ ਕਿਹਾ ਗਿਆ ਹੈ ਕਿ 1981 ਵਿਚ ਕੇਸ ਘੱਟ ਰਜਿਸਟਰ ਕਿਉਂ ਹੋਏ। ਮੈਂ ਬੇਨਤੀ ਕੀਤੀ ਸੀ ਕਿ 1980 ਤੋਂ ਪਹਿਲਾਂ ਦੀ ਸਰਕਾਰ ਵੇਲੇ ਲੋਕ ਅਵੇਸਲੇ ਹੋ ਚੁੱਕੇ ਸਨ। 1980 ਵਿਚ ਕੇਸ ਰਜਿਸਟਰ ਕੀਤੇ ਅਤੇ ਗਲਤ ਲੋਕ ਅਰੈਸਟ ਹੋਏ। ਮਾੜਾ ਕੰਮ ਕਰਨ ਵਾਲੇ ਲੋਕ ਡਰ ਨਾਲ ਹਟ ਗਏ। ਅਸੀਂ ਲੋਕਾਂ ਨੂੰ ਹਰਾਸ ਨਹੀਂ ਕਰਨਾ ਚਾਹੁੰਦੇ। ਗਲਤ ਕੰਮ ਕਰਨ ਵਾਲੇ ਅਤੇ ਕਸੂਰਵਾਰ ਆਦਮੀਆਂ ਨੂੰ ਫੜ ਲਿਆ ਹੈ। ਉਨ੍ਹਾਂ ਦੇ ਖਿਲਾਫ ਕੇਸ ਕੋਰਟ ਵਿਚ ਪੈਂਡਿੰਗ ਹਨ।

ਕਣਕ ਰਖਣ ਉਤੇ ਕੋਈ 7/– ਰੁਪਏ ਬੋਰੀ ਪਿਛੇ ਖਰਚ ਹੋ ਜਾਂਦੇ ਹਨ, ਜਿਸ ਤਰ੍ਹਾਂ ਕਿ ਮਾਰਕਿਟ ਫ਼ੀਸ ਹੈ, ਗੋਡਾਊਨ ਦਾ ਖਰਚਾ ਅਤੇ ਲੇਬਰ ਆਦਿ ਦਾ ਖਰਚਾ। (ਵਿਘਨ)

Original with;
Punjab Vidhan Sabha
Digitized by;
Panjab Digital Library

ਨਿਗਰਾਨ ਕਮੇਟੀਆਂ ਦੇ ਬਾਰੇ ਮੇਰੇ ਸਾਥੀ ਨੇ ਗਲ ਕੀਤੀ ਹੈ। ਮੈਂ ਉਨ੍ਹਾਂ ਦਾ ਮਸ਼ਕੂਰ ਹਾਂ, ਮੈਂ ਇਹ ਗੱਲ ਭੁੱਲ ਗਿਆ ਸੀ। ਨਿਗਰਾਨ ਕਮੇਟੀਆਂ ਬਣਾ ਦਿਤੀਆਂ ਗਈਆਂ ਹਨ ਤਾਕਿ ਉਸ ਉਤੇ ਲੋਕਾਂ ਦੀ ਚੈਕਿੰਗ ਹੋ ਸਕੇ। ਆਫੀਸ਼ਲ ਮੈਂਬਰਾਂ ਦਾ ਫੈਸਲਾ ਹੋ ਗਿਆ ਹੈ ਅਤੇ ਜਿਹੜੇ ਨਾਨ-ਆਫੀਸ਼ਲ ਮੈਂਬਰ ਹਨ, ਉਨ੍ਹਾਂ ਦੀ ਲਿਸਟ ਸੈਸ਼ਨ ਤੋਂ ਬਾਅਦ ਸ਼ਾਇਆ ਕੀਤੀ ਜਾਵੇਗੀ। ਅਸੀਂ ਵਚਨਬੱਧ ਹਾਂ। ਨਿਗਰਾਨ ਕਮੇਟੀਆਂ ਲੋਕਾਂ ਦੀਆਂ ਇਸ ਲਈ ਬਣਾਈਆਂ ਹਨ ਤਾਕਿ ਉਹ ਚੈਕ ਕਰ ਸਕਣ।

ਸਰਦਾਰ ਕਰਮ ਸਿੰਘ ਨੇ ਸਪਾਂਸਰਡ ਕੋਲ ਦੀ ਗੱਲ ਕਰਦਿਆਂ ਇੱਟਾਂ ਦੇ ਭਾਅ ਦੀ ਗੱਲ ਕੀਤੀ ਸੀ। ਜਦੋਂ ਕੋਲਾ ਆ ਗਿਆ, ਉਸ ਦਾ ਬਕਾਇਦਾ ਹਿਸਾਬ ਲਾ ਕੇ ਇੱਟਾਂ ਦਾ ਰੇਟ ਮੁਕੱਰਰ ਕੀਤਾ ਜਾਵੇਗਾ। ਜੋ ਰੇਟ ਮੁਕੱਰਰ ਹੋਵੇਗਾ ਉਸੇ ਹਿਸਾਬ ਨਾਲ ਲੋਕਾਂ ਨੂੰ ਦਿਆਂਗੇ।

ਸੀਮਿੰਟ ਦੀ ਪਾਲਿਸੀ ਬਾਰੇ ਕਿਹਾ ਗਿਆ। ਇਸ ਬਾਰੇ ਮੈਂ ਦੱਸਣਾ ਭੁੱਲ ਗਿਆ ਸੀ। ਇਹ ਪਾਲਿਸੀ ਸੈਂਟਰਲ ਗੌਰਮਿੰਟ ਨੇ ਅਤੇ ਪੰਜਾਬ ਗੌਰਮਿੰਟ ਨੇ ਬਣਾਈ ਹੈ ਕਿ ਟੂ ਥਰਡ ਅਸੀਂ ਸੀਮਿੰਟ ਲੈਵੀ ਦਾ ਰਖਿਆ ਹੈ ਅਤੇ ਵਨ ਥਰਡ ਸੀਮਿੰਟ ਨਾਨ-ਲੈਵੀ ਰੱਖਿਆ ਹੈ। ਜਿਹੜੇ ਲੋਕ ਰੌਲਾ ਪਾਉਂਦੇ ਸੀ ਕਿ ਵੱਡੇ ਵੱਡੇ ਲੋਕ ਕੰਟਰੋਲ ਤੇ ਲੈ ਕੇ ਮੁਨਾਫਾ ਕਮਾ ਲੈਂਦੇ ਹਨ, ਉਨ੍ਹਾਂ ਦੇ ਇਸ ਸ਼ਿਕਵੇ ਨੂੰ ਅਸੀਂ ਦੂਰ ਕੀਤਾ ਹੈ। ਇਹ ਫੈਸਲਾ ਕੀਤਾ ਹੈ ਕਿ ਜਿਸ ਕੋਲ 250 ਮੁਰੱਬਾ ਗਜ਼ ਜ਼ਮੀਨ ਹ ਉਸ ਨੂੰ ਦੇਣਾ ਹੈ। ਕਮਰਸ਼ੀਅਲ ਕੰਮਾਂ ਵਾਸਤੇ ਬੰਦ ਕਰ ਦਿਤਾ ਹੈ ਚਾਹੇ ਕੋਈ ਦੁਕਾਨ ਵਾਸਤੇ ਕਹਿੰਦਾ ਹੈ ਜਾਂ ਸਿਨਮੇ ਵਾਸਤੇ ਕਹਿੰਦਾ ਹੈ, ਉਨ੍ਹਾਂ ਵਾਸਤੇ ਬੰਦ ਕਰ ਦਿਤਾ ਹੈ। ਗਲੀਆਂ, ਨਾਲੀਆਂ ਬਣ ਰਹੀਆਂ ਹਨ, ਉਨ੍ਹਾਂ ਵਾਸਤੇ ਮਿਲ ਰਿਹਾ ਹੈ। 20 ਨੁਕਾਤੀ ਪ੍ਰੋਗਰਾਮ ਗਰੀਬ ਲੋਕਾਂ ਵਾਸਤੇ, ਛੋਟੇ ਲੋਕਾਂ ਵਾਸਤੇ ਹੈ, ਉਨ੍ਹਾਂ ਨੂੰ ਅਸੀਂ ਸੀਮਿੰਟ ਕੰਟਰੋਲ ਰੇਟ ਤੇ ਦੇ ਰਹੇ ਹਾਂ। (ਥੰਪਿੰਗ) ਇਹ ਕਿੰਨੀ ਵਡੀ ਸ਼ਾਨਦਾਰ ਪਾਲਿਸੀ ਹੈ, ਤੁਹਾਨੂੰ ਇਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ।

ਧਨੋਵਾਲੀਆ ਜੀ ਨੇ ਕਿਹਾ ਕਿ ਛੋਟੇ ਡੀਲਰ ਨੂੰ ਵਿਚੋਂ ਹਟਾ ਦਿਤਾ ਹੈ। ਠੀਕ ਹੈ, ਉਸ ਨੂੰ ਹਟਾ ਦਿਤਾ ਹੈ ਜੇ ਕਹੋ ਤਾਂ ਖੋਲ੍ਹ ਦਿੰਦੇ ਹਾਂ। (ਵਿਘਨ) ਇਕ ਡੀਲਰ ਜਦ ਦੂਜੇ ਡੀਲਰ ਨੂੰ ਦਿੰਦਾ ਸੀ, ਫੇਰ ਤੀਜੇ ਫੇਰ ਚੌਥੇ ਨੂੰ 15/- ਰੁਪਏ ਬੋਰੀ ਦਾ ਮੁਨਾਫਾ ਹੁੰਦਾ ਸੀ। ਇਸ ਤਰ੍ਹਾਂ ਕਨਜ਼ਿਊਮਰ ਨੂੰ 15/- ਰੁਪਏ ਪੈ ਜਾਂਦੇ ਸਨ। ਅਸੀਂ ਕਹਿੰਦੇ ਹਾਂ ਕਿ ਉਹ 3/- ਰੁਪਏ ਮੁਨਾਫਾ ਲਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਲੇਕਿਨ ਇਹ ਘਪਲਾ ਨਹੀਂ ਹੋਣ ਦਿਆਂਗੇ। (ਥੰਪਿੰਗ)

**ਮਾਸਟਰ ਦਲੀਪ ਚੰਦ** : ਇਹ ਜੋ ਮੈਂ ਰੇਜ਼ੋਲਿਊਸ਼ਨ ਪੇਸ਼ ਕੀਤਾ ਸੀ ਇਹ ਬਹੁਤ ਚੰਗਾ ਰੇਜ਼ੋਲਿਊਸ਼ਨ ਹੈ। ਇਹ ਗਰੀਬ ਲੋਕਾਂ ਦੇ ਹਿੱਤ ਵਿਚ ਹੈ। ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਬਲੈਕ ਮਾਰਕਿਟ ਕਰਨ ਵਾਲਿਆਂ ਅਤੇ ਜਮ੍ਹਾਂ ਖੋਰੀ ਕਰਨ ਵਾਲਿਆਂ ਨੂੰ ਨੱਥ ਪਾਉਣ, ਉਨ੍ਹਾਂ ਨੂੰ ਪੂਰੀ ਸਜ਼ਾ ਦੇਣ। ਮਨਿਸਟਰ ਸਾਹਿਬ ਨੇ ਮੇਰੇ ਰੇਜ਼ੋਲਿਊਸ਼ਨ ਦੀ ਬੜੀ ਹੌਸਲਾ ਅਫਜ਼ਾਈ ਕੀਤੀ ਹੈ। ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਰੇਜ਼ੋਲਿਊਸ਼ਨ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ। (ਥੰਪਿੰਗ)

Original with; Punjab Vidhan Sabha Digitized by; Panjab Digital Library

**Mr. Chairman** : Question is—

With a view to check the upward trend in the prices of foodgrains and other commodities, this House recommends to the Government to take drastic steps against the hoarders in the State.

*The Motion was carried unanimously.*

**Mr. Chairman** : The House stands adjourned till 9.00 A.M. on Friday, the 17th September, 1982.

*1.20 P.M. (*The Sabha then *adjourned till 9.00 A.M. on Friday, the 17th September, 1982.*)

333—26-2-83—325—Pb. Govt. Press, Patiala.

Original with;
Punjab Vidhan Sabha
Digitized by;
Panjab Digital Library

## *ERRATA*

**Punjab Vidhan Sabha Debates Vol. V. No. 3**
**Dated the 16th September, 1982**

| *Read* | *For* | *Page* | *Line* |
|---|---|---|---|
| ਅੱਪਗ੍ਰੇਡ | ਅੱਪਰਗ੍ਰੇਡ | (3) 9 | 3 from below |
| energised | senergised | (3) 17 | 2 |
| ਕੋਟਲਾ ਨਾਲਾ | ਕੋਟਲਾ ਨੂੰਹ | (3) 19 | 22 |
| ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਕੁਝ ਹੱਦ ਤੱਕ...... | ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਕੁਝ ਹੱਦ ਤੱਕ...... | (3) 29 | 7 |
| DRASTIC | DRALTIC | (3) 33 | 1 |
| ਮੁੱਖ ਮੰਤਰੀ | ਮੱਖ ਮੰਤਰੀ | (3) 35 | 4 |

Originally with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

1982

Published under the Authority of the Punjab Vidhan Sabha and Printed by the Controller, Printing & Stationery Deptt., Pb. at Govt. Press, Patiala.

Original with;
Punjab Vidhan Sabha
Digitized by;
Panjab Digital Library